Punjabi Parwaz

# ਪੰਜਾਬੀ ਪਰਵਾਜ਼

ਅੰਕ 48ਵਾਂ (ਸ਼ਿਕਾਗੋ): 15 ਮਾਰਚ ਤੋਂ 28 ਮਾਰਚ 2025 ਤੱਕ


ਲੋਕ-ਪੱਖੀ ਤੇ ਮਿਆਰੀ ਵਿਚਾਰਾਂ ਦੀ ਸਾਂਝ

e-mail: punjabiparwaz@gmail.com    www.punjabiparwaz.com

Address: 827 E. Kings Row, Unit# 7, Palatine, IL 60074 - Ph: 224-386-4548


# ਮਾਰਕ ਕਾਰਨੀ ਹੋਣਗੇ ਕੈਨੇਡਾ ਦੇ ਨਵੇਂ ਪ੍ਰਧਾਨ ਮੰਤਰੀ

**ਜਸਵੀਰ ਸਿੰਘ ਸ਼ੀਰੀ**



*ਵੱਡੀ ਬਹੁਮਤਿ ਨਾਲ ਜਿੱਤੀ ਲਿਬਰਲ ਪਾਰਟੀ ਦੀ ਪ੍ਰਧਾਨਗੀ ਲਈ ਚੋਣ
*ਸਵਾਰ ਸਕਦੇ ਹਨ ਕੈਨੇਡੀਅਨ ਆਰਥਕਤਾ ਦਾ ਮੂੰਹ-ਮੱਥਾ

ਇੰਗਲੈਂਡ ਅਤੇ ਕੈਨੇਡਾ ਦੀਆਂ ਕੇਂਦਰੀ ਬੈਂਕਾਂ ਦਾ ਗਵਰਨਰ ਰਹਿਣ ਵਾਲਾ ਮਾਰਕ ਕਾਰਨੀ ਹੁਣ ਕੈਨੇਡਾ ਦੀ ਲਿਬਰਲ ਪਾਰਟੀ ਦੀ ਪ੍ਰਧਾਨਗੀ ਦੀ ਚੋਣ ਜਿੱਤ ਗਿਆ ਹੈ। ਆਉਂਦੇ ਦਿਨਾਂ ਵਿੱਚ ਉਸ ਨੇ ਖੱਬਾ ਝੁਕਾ ਰੱਖਣ ਵਾਲੇ ਜਸਟਿਨ ਟਰੂਡੋ ਦੀ ਥਾਂ ਪ੍ਰਧਾਨ ਮੰਤਰੀ ਬਣ ਜਾਣਾ ਹੈ। ਭਾਵੇਂਕਿ ਇਹ ਅਹੁਦਾ ਉਨ੍ਹਾਂ ਕੋਲ 6-7 ਕੁ ਮਹੀਨੇ ਲਈ ਹੀ ਰਹੇਗਾ। ਫਿਰ ਵੀ ਕੈਨੇਡਾ ਦੀ ਆਰਥਿਕ ਸੁਸਤੀ ਨੂੰ ਦਰੁਸਤ ਕਰਨ ਦੇ ਮਾਮਲੇ ਵਿੱਚ ਉਹ ਆਪਣੀ ਕੁਝ ਨਾ ਕੁਝ ਛਾਪ ਤਾਂ ਛੱਡ ਹੀ ਸਕਦੇ ਹਨ। ਉਨ੍ਹਾਂ ਦੀ ਇਹ ਛੋਟੀ ਮੋਟੀ ਕਾਰਗੁਜ਼ਾਰੀ ਵੀ ਅਕਤੂਬਰ ਵਿੱਚ ਹੋਣ ਵਾਲੀਆਂ ਆਮ ਚੋਣਾਂ ਵਿੱਚ ਲਿਬਰਲ ਪਾਰਟੀ ਲਈ ਘਿਉ ਵਾਂਗ ਲੱਗੇਗੀ। ਉਂਝ ਲਿਬਰਲ ਪਾਰਟੀ ਦੀ ਪ੍ਰਧਾਨਗੀ ਵਿੱਚ ਵੱਡੇ ਫਰਕ ਨਾਲ ਜਿੱਤ ਪ੍ਰਾਪਤ ਕਰਕੇ ਉਨ੍ਹਾਂ ਇਸ ਪਾਰਟੀ ਦੀਆਂ ਚੋਣਾਂ ਵਿੱਚ ਬੇਹਤਰ ਕਾਰਗੁਜ਼ਾਰੀ ਕਰ ਦਿਖਾਉਣ ਦੀਆਂ ਸੰਭਵਾਨਾਵਾਂ ਵਧਾ ਦਿੱਤੀਆਂ ਹਨ।

ਇਸ ਤੋਂ ਪਹਿਲਾਂ ਜਸਟਿਨ ਟਰੂਡੋ 9 ਸਾਲ ਕੈਨੇਡਾ ਦੇ ਪ੍ਰਧਾਨ ਮੰਤਰੀ ਰਹੇ ਹਨ। ਟਰੂਡੋ ਦਾ ਰਾਜਨੀਤਿਕ ਅਕਸ ਐਕਸਟਰੀਮ ਲਿਬਰਲ ਹਿਊਮੇਨਿਸਟ ਵਾਲਾ ਬਣਿਆ ਹੋਇਆ ਹੈ। ਖਾਸ ਕਰਕੇ ਕੋਵਿਡ ਦੇ ਦੌਰ ਵਿੱਚ ਉਸ ਨੇ ਆਪਣੇ ਲੋਕਾਂ ਸਮੇਤ ਕੌਮਾਂਤਰੀ ਵਿਦਿਆਰਥੀਆਂ ਦੀ ਬੇਹੱਦ ਚੰਗੀ ਤਰ੍ਹਾਂ ਸਾਂਭ-ਸੰਭਾਲ ਕੀਤੀ। ਇਸ ਨੇ ਉਸ ਦੀ ਮਕਬੂਲੀਅਤ ਨੂੰ ਸਿਖਰਾਂ 'ਤੇ ਪਹੁੰਚਾ ਦਿੱਤਾ ਸੀ; ਪਰ ਟਰੂਡੋ ਦਾ ਇਹ ਅਤਿ ਲਿਬਰਲ ਹੋਣਾ ਹੀ ਉਸ ਦੇ ਪਤਨ ਦਾ ਕਾਰਨ ਬਣਿਆ। ਇਸ ਦੇ ਨਾਲ ਹੀ ਸਿੱਖ ਰੈਡੀਕਲਜ਼ ਦੇ ਮਾਮਲੇ ਨੂੰ ਲੈ ਕੇ ਉਸ ਦੇ ਹਿੰਦੁਸਤਾਨ ਨਾਲ ਸੰਬੰਧ ਵਿਗੜ ਗਏ। ਕੁਝ ਖਾਲਿਸਤਾਨੀ ਆਗੂਆਂ ਦੇ ਕਤਲਾਂ ਨੂੰ ਲੈ ਕੇ ਦੋਹਾਂ ਦੇਸ਼ਾਂ ਦੇ ਸੰਬੰਧ ਹੋਰ ਵਿਗੜ ਗਏ। ਕੈਨੇਡਾ ਦਾ ਦੋਸ਼ ਹੈ ਕਿ ਇਨ੍ਹਾਂ ਰੈਡੀਕਲ ਸਿੱਖ ਆਗੂਆਂ ਦੇ ਕਤਲ ਭਾਰਤੀ ਏਜੰਸੀਆਂ ਵੱਲੋਂ ਕਰਵਾਏ ਗਏ ਹਨ, ਜਦਕਿ ਭਾਰਤ ਇਸ ਤੋਂ ਸਾਫ ਇਨਕਾਰ ਕਰਦਾ ਰਿਹਾ ਹੈ। ਅਮਰੀਕਾ ਵੀ ਅਜਿਹੇ ਮਾਮਲਿਆਂ ਦੇ ਦੋਸ਼ਾਂ ਵਿੱਚ ਕੈਨੇਡਾ ਦਾ ਪੱਖ ਪੂਰਦਾ ਰਿਹਾ ਹੈ, ਪਰ ਨਵੇਂ ਕੈਨੇਡੀਅਨ ਪ੍ਰਧਾਨ ਮੰਤਰੀ ਦੀ ਆਮਦ ਨਾਲ ਕੈਨੇਡਾ ਅਤੇ ਭਾਰਤ ਵਿਚਕਾਰ ਬਿਹਤਰ ਵਿਹਾਰਕ ਰਿਸ਼ਤਿਆਂ ਦਾ ਮਾਹੌਲ ਬਣ ਸਕਦਾ ਹੈ।

ਨਵੇਂ ਪ੍ਰਧਾਨ ਮੰਤਰੀ ਦੀ ਆਮਦ ਨਾਲ ਜਿੱਥੇ ਕਤਲਾਂ ਦੇ ਮਾਮਲਿਆਂ ਵਿੱਚ ਨਿਰਪੱਖ ਜਾਂਚ/ਕਾਰਵਾਈ ਚਲਦੀ ਰਹਿ ਸਕਦੀ ਹੈ, ਉਥੇ ਦੋਨੋ ਮੁਲਕਾਂ ਦੇ ਆਗੂ ਆਪਣੇ ਕੂਟਨੀਤਿਕ ਰਿਸ਼ਤੇ ਦੁਬਾਰਾ ਸੁਧਾਰ ਸਕਦੇ ਹਨ। ਯਾਦ ਰਹੇ, ਖਾਲਿਸਤਾਨੀ ਆਗੂ ਹਰਦੀਪ ਸਿੰਘ ਨਿੱਝਰ ਦਾ ਮਾਮਲਾ ਉੱਠਣ ਤੋਂ ਬਾਅਦ ਦੋਹਾਂ ਮੁਲਕਾਂ ਨੇ ਆਪਣੇ ਕੁਝ ਡਿਪਲੋਮੈਟ ਅਤੇ ਕੌਂਸਲੇਟ ਅਧਿਕਾਰੀ ਵਾਪਸ ਬੁਲਾ ਲਏ ਸਨ। ਇਸ ਘਟਨਾ ਦਾ ਅਤੇ ਹੁਣ ਟਰੰਪ ਵੱਲੋਂ ਪਰਵਾਸ ਦੇ ਸੰਬੰਧ ਵਿੱਚ ਅਪਣਾਈਆਂ ਗਈਆਂ ਨੀਤੀਆਂ ਦਾ ਪੰਜਾਬ ਦੇ ਨੌਜਵਾਨਾਂ ਦੇ ਭਵਿੱਖ 'ਤੇ ਵੱਡਾ ਅਸਰ ਪਿਆ ਹੈ। ਜਿੰਨੀ ਗਿਣਤੀ ਵਿੱਚ ਸਾਡੇ ਲੋਕ ਕੈਨੇਡਾ ਵਿੱਚ ਰਹਿੰਦੇ ਹਨ ਅਤੇ ਜਿੰਨੀ ਵੱਡੀ ਪੱਧਰ 'ਤੇ ਦੋਨੋ ਮੁਲਕਾਂ ਦੀ ਆਪਸ ਵਿੱਚ ਆਵਾਜਾਈ ਹੁੰਦੀ ਹੈ, ਉਸ ਦਾ ਸਾਡੀ ਆਰਥਿਕਤਾ ਅਤੇ ਸਮਾਜਕ ਜ਼ਿੰਦਗੀ 'ਤੇ ਅਸਰ ਪੈਣਾ ਲਾਜ਼ਮੀ ਹੈ। ਇਸ ਲਈ ਦੋਨੋ ਮੁਲਕਾਂ ਦੇ ਸੰਬੰਧਾਂ ਦਾ ਆਮ ਵਾਂਗ ਰਹਿਣਾ ਹੀ ਸਾਡੇ ਲੋਕਾਂ ਦੇ ਹਿੱਤ ਵਿੱਚ ਭੁਗਤ ਸਕਦਾ ਹੈ।

ਜਿੱਥੋਂ ਤੱਕ ਕੈਨੇਡਾ ਦੇ ਨਵੇਂ ਬਣਨ ਵਾਲੇ ਪ੍ਰਧਾਨ ਮੰਤਰੀ ਮਾਰਕ ਕਾਰਨੀ ਦਾ ਸਵਾਲ ਹੈ, ਉਹ ਦੂਜੇ ਮੁਲਕਾਂ ਪ੍ਰਤੀ ਵਧੇਰੇ ਸੰਤੁਲਿਤ ਪਹੁੰਚ ਅਪਨਾਉਣ ਦਾ ਯਤਨ ਕਰ ਸਕਦੇ ਹਨ; ਜਿਸ ਦਾ ਉਨ੍ਹਾਂ ਪਾਰਟੀ ਆਗੂ ਬਣਨ ਤੋਂ ਬਾਅਦ ਇਸ਼ਾਰਾ ਵੀ ਦਿੱਤਾ ਹੈ। ਟਰੂਡੋ ਦੀ ਲਿਬਰਲ ਸਿਆਸੀ ਪਹੁੰਚ ਖੱਬੇ ਵੱਲ ਝੁਕਦੀ ਸੀ, ਨਵੇਂ ਪ੍ਰਧਾਨ ਮੰਤਰੀ ਉਸ ਨੂੰ ਕੇਂਦਰ ਵਿੱਚ ਲਿਆਉਣ ਦਾ ਯਤਨ ਕਰ ਸਕਦੇ ਹਨ। ਆਪਣੇ ਪਿਛੋਕੜ ਵਿੱਚ ਤਾਂ ਮਾਰਕ ਕਾਰਨੀ ਇੱਕ ਉੱਚ ਪਾਏ ਦੇ ਅਰਥਸ਼ਾਸਤਰੀ ਵਜੋਂ ਹੀ ਵਿਚਰੇ ਹਨ ਅਤੇ ਕੌਮਾਂਤਰੀ ਪੱਧਰ 'ਤੇ ਉਨ੍ਹਾਂ ਦੀ ਇੱਕ ਵੱਡੇ ਆਰਥਸ਼ਾਸਤਰੀ ਵਜੋਂ ਹੀ ਪਛਾਣ ਹੈ; ਪਰ ਹੁਣ ਉਨ੍ਹਾਂ ਦਾ ਇੱਕ ਬਿਲਕੁਲ ਵੱਖਰੇ ਖੇਤਰ ਨਾਲ ਵਾਹ ਪੈਣਾ ਹੈ, ਜਿਥੇ ਮਨੁੱਖੀ ਸੋਮਿਆਂ ਨਾਲ ਡੀਲ ਕਰਨਾ ਪ੍ਰਮੁੱਖ ਤਰਜੀਹ ਬਣ ਜਾਂਦੀ ਹੈ। ਉਨ੍ਹਾਂ ਦੀ ਪੁਜੀਸ਼ਨ ਭਾਰਤ ਵਿੱਚ ਪ੍ਰਧਾਨ ਮੰਤਰੀ ਰਹੇ ਡਾ. ਮਨਮੋਹਨ ਸਿੰਘ ਵਰਗੀ ਹੈ। ਡਾ. ਮਨਮੋਹਨ ਸਿੰਘ ਦੇ ਤਜ਼ਰਬੇ ਤੋਂ ਸਿਆਸੀ ਅਮਲ ਦੀ ਕਾਰਗੁਜ਼ਾਰੀ ਬਾਰੇ ਉਹ ਬਿਹਤਰ ਸਿੱਖ ਸਕਦੇ ਹਨ। ਆਪਣੀ ਪਾਰਟੀ ਪ੍ਰਧਾਨਗੀ ਵਿੱਚ ਉਨ੍ਹਾਂ 86 ਫੀਸਦੀ ਵੋਟਾਂ ਹਾਸਲ ਕੀਤੀਆਂ। ਉਨ੍ਹਾਂ ਦੀ ਨਿਕਟਤਮ ਵਿਰੋਧੀ ਕਰਸਟੀਨਾ ਫਰੀਲਾਂਡ ਨੂੰ ਸਿਰਫ 8 ਫੀਸਦੀ ਵੋਟ ਪ੍ਰਾਪਤ ਹੋਏ। ਇਸ ਲਈ ਪਾਰਟੀ ਆਗੂ ਵਜੋਂ ਉਨ੍ਹਾਂ ਕੋਲ ਇੱਕ ਵੱਡਾ ਮੈਂਡੇਟ ਹੈ। ਇਹ ਉਨ੍ਹਾਂ ਨੂੰ ਇੱਕ ਰਾਜਨੀਤਿਕ ਆਗੂ ਅਤੇ ਦੇਸ਼ ਦੇ ਪ੍ਰਧਾਨ ਮੰਤਰੀ ਵਜੋਂ ਵਿਚਰਨ ਲਈ ਸਵੈ-ਵਿਸ਼ਵਾਸ ਅਤੇ ਆਤਮ ਬਲ ਪ੍ਰਦਾਨ ਕਰੇਗਾ।

ਪਾਰਟੀ ਆਗੂ ਲਈ ਚੋਣ ਜਿੱਤਣ ਤੋਂ ਬਾਅਦ ਦਿੱਤੇ ਗਏ ਆਪਣੇ ਭਾਸ਼ਨ ਵਿੱਚ ਮਾਰਕ ਕਾਰਨੀ ਨੇ ਕਿਹਾ ਕਿ ਟਰੰਪ ਦੀਆਂ ਨੀਤੀਆਂ ਕੈਨੇਡਾ ਲਈ ਮੁਸ਼ਕਲਾਂ ਖੜ੍ਹੀਆਂ ਕਰ ਰਹੀਆਂ ਹਨ। ਉਨ੍ਹਾਂ ਕਿਹਾ ਕਿ ਕੈਨੇਡੀਅਨ ਕਦਰਾਂ-ਕੀਮਤਾਂ ਦੀ ਰੋਸ਼ਨੀ ਵਿੱਚ ਸਾਨੂੰ ਵੱਡੀਆਂ ਤਬਦੀਲੀਆਂ ਦੀ ਲੋੜ ਪੈ ਸਕਦੀ ਹੈ। ਉਸ ਨੇ ਆਪਣੇ ਭਾਸ਼ਣ ਵਿੱਚ ਕਿਹਾ ਕਿ ਟਰੰਪ ਦੀ ਅਗਵਾਈ 'ਚ ਅਮਰੀਕਨ ਸਾਡੇ ਕੁਦਰਤੀ ਸੋਮੇ, ਪਾਣੀ, ਜ਼ਮੀਨ 'ਤੇ ਕਬਜ਼ਾ ਕਰਨਾ ਚਾਹੁੰਦੇ ਹਨ। ਆਪਣੇ ਭਾਸ਼ਨ ਵਿੱਚ ਮਾਰਕ ਕਾਰਨੀ ਨੇ ਕੈਨੇਡਾ ਦੀ ਕਨਜ਼ਰਵੇਟਿਵ ਪਾਰਟੀ ਦੇ ਆਗੂ ਪਿਅਰੇ ਪੋਲੀਵਰ ਦੀ ਵੀ ਆਲੋਚਨਾ ਕੀਤੀ; ਪਰ ਉਹ ਕਨਜ਼ਰਵੇਟਿਵ ਪਾਰਟੀ ਦੀਆਂ ਕਈ ਨੀਤੀਆਂ ਨੂੰ ਅਪਣਾਉਣ ਦੀ ਦਿਸ਼ਾ ਵਿੱਚ ਵੀ ਵਧ ਰਹੇ ਹਨ। ਉਹ ਕਾਰਬਨ ਟੈਕਸ ਹਟਾਉਣ ਅਤੇ 'ਕੈਪੀਟਲ ਗੇਨ' ਟੈਕਸ ਨਾ ਵਧਾਉਣ ਬਾਰੇ ਵਿਚਾਰ ਕਰ ਰਹੇ ਹਨ। ਅਗਲੇ ਐਤਵਾਰ ਮਾਰਕ ਕਾਰਨੀ ਦਾ ਜਨਮ ਦਿਨ ਹੈ। ਉਮੀਦ ਹੈ, ਉਸੇ ਦਿਨ ਹੀ ਉਹ ਕੈਨੇਡੀਅਨ ਪ੍ਰਧਾਨ ਮੰਤਰੀ ਦੇ ਅਹੁਦੇ ਦੀ ਸਹੁੰ ਚੁਕਣਗੇ। ਸਿਆਸੀ ਮਾਹਿਰਾਂ ਅਨੁਸਾਰ ਮਾਰਕ ਕਾਰਨੀ ਆਮ ਚੋਣਾਂ ਜਲਦੀ ਵੀ ਕਰਵਾ ਸਕਦੇ ਹਨ, ਜਿਹੜੀਆਂ ਉਂਝ ਅਕਤੂਬਰ ਮਹੀਨੇ ਹੋਣੀਆਂ ਹਨ।

ਕਾਰਨੀ 'ਕੈਨੇਡਾ ਸਟਰੋਂਗ' ਦਾ ਜੁਮਲ ਵਾਰ-ਵਾਰ ਵਰਤਦੇ ਹਨ। ਲਗਦਾ ਚੋਣਾਂ ਵਿੱਚ ਇਹ ਉਨ੍ਹਾਂ ਦਾ ਮੁੱਖ ਨਾਹਰਾ ਹੋਏਗਾ। ਉਨ੍ਹਾਂ ਆਪਣੇ ਭਾਸ਼ਨ ਵਿੱਚ ਆਖਿਆ ਕਿ ਕੈਨੇਡਾ ਦੇ ਲੋਕ ਹਾਂਮੁਖੀ (ਪੌਜ਼ੇਟਿਵ) ਲੀਡਰਸ਼ਿੱਪ ਦੀ

⇒ ਬਾਕੀ ਸਫਾ 6 ਉਤੇ ਪੜ੍ਹੋ










ਜਸਵੀਰ ਸਿੰਘ ਮਾਂਗਟ

# ਹਵਾ ਪ੍ਰਦੂਸ਼ਣ ਵਿੱਚ ਹਿੰਦੁਸਤਾਨ ਦੀ ਝੰਡੀ

***ਮੌਸਮੀ ਤਬਦਲੀਆਂ ਮਨੁੱਖੀ ਜਾਨਾਂ ਦਾ ਖੋਅ ਬਣੀਆਂ**
***ਗਲੇਸ਼ੀਅਰ ਟੁੱਟਣ ਕਾਰਨ ਉੱਤਰਾਖੰਡ 'ਚ ਅੱਠ ਕਾਮਿਆਂ ਦੀ ਮੌਤ**

ਝੰਡੀਆਂ ਗੱਡਣ ਅਤੇ ਪੁੱਟਣ ਦਾ ਰਿਵਾਜ਼ ਪੰਜਾਬ ਦੇ ਕੁਸ਼ਤੀ ਅਖਾੜਿਆਂ ਦੀ ਕਦੀ ਸ਼ਾਨ ਹੁੰਦਾ ਸੀ। ਹੁਣ ਨਾ ਉਹੋ ਜਿਹੇ ਪਹਿਲਵਾਨ ਰਹੇ ਹਨ ਅਤੇ ਨਾ ਹੀ ਦੇਸੀ ਕੁਸ਼ਤੀਆਂ ਦੇ ਇਹ ਅਖਾੜੇ। ਬਹੁਤੀ ਦੂਰ ਨਹੀਂ, 1977-78 ਦੇ ਦੌਰ ਵਿੱਚ ਪੰਜਾਬ ਵਿੱਚ ਹੋਣ ਵਾਲੇ ਤਕਰੀਬਨ ਹਰ ਖੇਡ ਮੇਲੇ ਵਿੱਚ ਭਲਵਾਨਾਂ ਦੀ ਜ਼ੋਰ ਅਜ਼ਮਾਈ ਲਈ ਅਖਾੜੇ ਲਾਜ਼ਮੀ ਹੁੰਦੇ ਸਨ।

ਇਲਾਕੇ ਦਾ ਸਭ ਤੋਂ ਤਕੜਾ ਭਲਵਾਨ ਅਖਾੜੇ ਵਿੱਚ ਝੰਡੀ ਗੱਡ ਕੇ ਕਿਸੇ ਨੂੰ ਵੀ ਆਪਣੇ ਨਾਲ ਘੁਲਣ ਲਈ ਚੁਣੌਤੀ ਦਿੰਦਾ ਸੀ ਅਤੇ ਉਸ ਦੇ ਮੁਕਾਬਲੇ ਵਿੱਚ ਉਤਰਨ ਵਾਲਾ ਪਹਿਲਵਾਨ ਇਹ ਝੰਡੀ ਪੁੱਟਦਾ ਸੀ। ਇਸ ਦਾ ਮਤਲਬ ਇਹ ਹੁੰਦਾ ਸੀ ਕਿ ਉਹ ਝੰਡੀ ਗੱਡਣ ਵਾਲੇ ਪਹਿਲਵਾਨ ਦੀ ਚਣੌਤੀ ਕਬੂਲ ਕਰਦਾ ਹੈ। ਇਸ ਮੁਕਾਬਲੇ ਵਿੱਚ ਜਿਹੜਾ ਜਿੱਤ ਜਾਵੇ, ਫਿਰ ਝੰਡੀ ਉਸ ਦੀ ਹੋ ਜਾਂਦੀ ਸੀ। 1947 ਤੋਂ ਪਹਿਲਾਂ ਸਾਂਝੇ ਪੰਜਾਬ ਦੇ ਇਕ ਪਹਿਲਵਾਨ 'ਗਾਮੇ' ਨੇ ਪਹਿਲਾਂ ਤਾਂ ਸਾਰੇ ਹਿੰਦੁਸਤਾਨ ਦੇ ਪਹਿਲਵਾਨਾਂ ਦੇ ਉਤੋਂ ਦੀ ਲੱਤ ਫੇਰੀ ਅਤੇ ਬਾਅਦ ਵਿੱਚ ਉਸ ਨੇ ਸਾਰੀ ਦੁਨੀਆਂ ਦੇ ਸਾਨ੍ਹ ਪਹਿਲਵਾਨਾਂ ਦੀਆਂ ਬਾਕਾਇਦਾ ਲਲਕਾਰ ਕੇ ਝੰਡੀਆਂ ਪੁੱਟ ਲਈਆਂ ਸਨ। ਇਸ ਤਰ੍ਹਾਂ ਪਹਿਲਵਾਨੀ ਵਿੱਚ ਉਸ ਦਾ ਝੰਡਾ ਸਾਰੇ ਸੰਸਾਰ ਵਿੱਚ ਸਭ ਤੋਂ ਉੱਚਾ ਝੂਲਣ ਲੱਗਾ ਸੀ।

ਝੰਡੇ ਤੇ ਅੱਜ ਵੀ ਸਾਡੇ ਝੂਲਦੇ ਹਨ, ਪਰ ਭ੍ਰਿਸ਼ਟਾਚਾਰ, ਖੁਰਾਕੀ ਤੱਤਾਂ ਦੀ ਥੁੜ੍ਹ, ਹੇਰਾ-ਫੇਰੀ, ਬੇਕਾਰੀ, ਫਿਰਕੇਦਾਰਾਨਾ ਹਿੰਸਾ ਅਤੇ ਪ੍ਰਦੂਸ਼ਣ ਆਦਿ ਫੈਲਾਉਣ ਵਿਚ। ਇਸ ਤੋਂ ਮੁਨਕਰ ਨਹੀਂ ਹੋਇਆ ਜਾ ਸਕਦਾ ਕਿ ਇਸ ਦੇਸ਼ ਨੇ ਕਾਫੀ ਵਿਕਾਸ ਕੀਤਾ ਹੈ। ਇਹ ਵੀ ਠੀਕ ਹੈ, ਦੇਸ਼ ਦੀ ਵੱਡੀ ਗਰੀਬ ਆਬਾਦੀ ਕੋਲ ਖਾਣ ਲਈ ਮੁਫਤ ਦਾਣਾ ਫੱਕਾ ਪਹੁੰਚਾਉਣ ਦੇ ਯਤਨ ਹੋ ਰਹੇ ਹਨ। ਪਰ ਇਨ੍ਹਾਂ ਮਾਮਲਿਆਂ ਵਿੱਚ ਸਾਡੀ ਝੰਡੀ (ਲੀਡ) ਕਿਧਰੇ ਨਹੀਂ ਹੈ। ਜਿਸ ਕਿਸਮ ਦੇ ਵਿਕਾਸ ਦਾ ਰਾਹ ਅਸੀਂ ਅਪਣਾਇਆ ਹੋਇਆ ਹੈ, ਉਹ ਆਮ ਲੋਕਾਂ ਵਿੱਚ ਖੁਸ਼ੀਆਂ ਖੇੜਿਆਂ (ਹੈਪੀਨੈਸ) ਦਾ ਸੰਚਾਰ ਕਰਨ ਵਿੱਚ ਅਸਫਲ ਰਿਹਾ ਹੈ। ਇਸ ਦੇ ਉਪਰੋਕਤ ਤੋਂ ਇਲਾਵਾ ਹੋਰ ਵੀ ਬਹੁਤ ਸਾਰੇ ਕਾਰਨ ਹੋ ਸਕਦੇ ਹਨ, ਪਰ ਇੱਕ ਵੱਡਾ ਕਾਰਨ ਹਿੰਦੁਸਤਾਨ ਦੇ ਵੱਡੇ ਹਿੱਸੇ ਕੋਲੋਂ ਸਾਫ ਸੁਥਰੀ ਅਤੇ ਜੀਣਯੋਗ ਆਬੋ-ਹਵਾ, ਪਾਣੀ-ਧਾਣੀ ਤੇ ਦੋਸ਼ ਮੁਕਤ ਖਾਧ ਖੁਰਾਕ ਦਾ ਖੁੱਸ ਜਾਣਾ ਹੈ।

ਸਵਿਟਜ਼ਰਲੈਂਡ ਦੀ ਇੱਕ ਸੰਸਥਾ ਆਈ.ਕਿਊ.ਏਅਰ ਵੱਲੋਂ ਪਿਛਲੇ ਦਿਨੀਂ ਜਾਰੀ ਕੀਤੀ ਗਈ ਇੱਕ ਰਿਪੋਰਟ ਵਿੱਚ ਸਾਹਮਣੇ ਆਇਆ ਹੈ ਕਿ ਦੁਨੀਆਂ ਦੇ 20 ਸਭ ਤੋਂ ਵੱਧ ਪ੍ਰਦੂਸ਼ਤ ਸ਼ਹਿਰਾਂ ਵਿੱਚੋਂ 13 ਸ਼ਹਿਰ ਭਾਰਤ ਨਾਲ ਸਬੰਧਤ ਹਨ। ਪੰਜਾਬ ਦਾ ਮੁਲਾਂਪੁਰ ਵੀ ਇਨ੍ਹਾਂ ਵਿੱਚੋਂ ਇੱਕ ਹੈ। ਦਿੱਲੀ ਦੁਨੀਆਂ ਦੀ ਸਭ ਤੋਂ ਜ਼ਿਆਦਾ ਪ੍ਰਦੂਸ਼ਿਤ ਰਾਜਧਾਨੀ ਹੈ। ਆਸਾਮ ਦਾ 'ਬਰਨੀਹਾਟ' ਸ਼ਹਿਰ ਸਭ ਤੋਂ ਜ਼ਿਆਦਾ ਪ੍ਰਦੂਸ਼ਿਤ ਸ਼ਹਿਰ ਹੈ। ਕਿਉਂ! ਹੈ ਨਾ ਝੰਡੀ ਸਾਡੀ ਦੁਨੀਆਂ 'ਤੇ? ਪਰ ਆਪਾਂ ਇਨ੍ਹਾਂ ਨੈਗੇਟਿਵ ਸਵਾਲਾਂ ਨੂੰ ਸੰਬੋਧਤ ਨਹੀਂ ਹੋਣਾ, ਨਹੀਂ ਤਾਂ ਦੇਸ਼ ਧਰੋਹੀ ਐਲਾਨ ਦਿੱਤੇ ਜਾਵਾਂਗੇ!

ਗੁਲਾਮੀ ਵੇਲੇ ਝੰਡੀ 'ਗਾਮੇ' ਦੀ ਹੁੰਦੀ ਸੀ, ਹੁਣ ਅਜ਼ਾਦੀ ਵੇਲੇ ਖੁਨਾਮੇ (ਖੁਨਾਮੀਆਂ) ਦੀ ਹੁੰਦੀ ਹੈ। ਹੁਣ ਅਸੀਂ ਭੁੱਲ ਵੀ ਗਏ ਹੋਣੇ ਕਿ ਪੈਰਿਸ ਉਲੰਪਿਕ ਵਿੱਚ ਫਾਈਨਲ ਵਿੱਚ ਪਹੁੰਚੀ ਹਰਿਆਣੇ ਦੇ ਕਿਸਾਨਾਂ ਦੀ ਇੱਕ ਕੁੜੀ ਦੀ ਝੰਡੀ ਉਹਦੇ ਆਪਣਿਆਂ ਨੇ ਹੀ ਪੁੱਟ ਲਈ ਸੀ!

ਇਹ ਨਵੀਂ ਦੁਨੀਆਂ ਹੈ। ਫਾਸਟ ਫੂਡ, ਮਸਨੂਈ ਬੁੱਧੀ, ਪਰਖ ਨਲੀ ਪ੍ਰਜਨਣ ਅਤੇ ਆਵਾਜ਼ ਦੀ ਗਤੀ ਤੋਂ ਤੇਜ਼ ਭੱਜਦੇ ਸਮਾਰਟ ਬੰਦੇ ਦੀ ਦੁਨੀਆਂ। ਇਸ ਕੋਲ ਇਹ ਸੋਚਣ ਦੀ ਵੇਹਲ ਕਿੱਥੇ ਹੈ ਕਿ ਅਸੀਂ ਦੌੜੀ ਕਿਉਂ ਜਾ ਰਹੇ ਹਾਂ, ਕਿਧਰ ਨੂੰ ਜਾ ਰਹੇ ਅਤੇ ਕਿਉਂ ਜਾ ਰਹੇ ਹਾਂ? ਦੁਆਲੇ ਹੋ ਰਹੇ ਕੁਦਰਤੀ ਹਾਦਸਿਆਂ (ਆਫਤਾਂ) ਦੀ ਗਤੀ ਤੇਜ਼ ਹੋ ਗਈ ਹੈ, ਪਰ ਜਾਗ ਫਿਰ ਵੀ ਨਹੀਂ ਆ ਰਹੀ। ਯਾਦ ਵੀ ਨਹੀਂ ਆ ਰਹੀ ਕਿ ਥੋੜ੍ਹਾ ਰੁਕ ਕੇ ਸੋਚ ਤੇ ਲਈਏ ਕਿ ਕਰੀ ਕੀ ਜਾ ਰਹੇ ਹਾਂ ਅਤੇ ਇਸ ਦੇ ਸਿੱਟੇ ਕੀ ਨਿਕਲ ਰਹੇ ਹਨ! ਹਾਲੇ ਕੁਝ ਦਿਨ ਪਹਿਲਾਂ ਜੰਮੂ-ਕਸ਼ਮੀਰ, ਹਿਮਾਚਲ ਵਿੱਚ ਬਰਫ ਦਾ ਅਣਕਿਆਸਿਆ ਝੱਖੜ ਵਗਿਆ। ਇਸ ਨਾਲ ਤਕਰੀਬਨ 200 ਪਹਾੜੀ ਰਸਤੇ ਬੰਦ ਕਰਨੇ ਪਏ, ਕਈ ਵਾਹਨ ਪਹਾੜਾਂ ਤੋਂ ਰੁੜ੍ਹੀ ਮਿੱਟੀ ਵਿੱਚ ਦਬ ਗਏ। ਇਹ ਮੌਸਮ ਇੱਕ-ਦੋ ਦਿਨ ਹੋਰ ਰਹਿ ਜਾਂਦਾ ਤਾਂ ਪਹਾੜੀ ਇਲਾਕਿਆਂ ਦੇ ਨਾਲ-ਨਾਲ ਮੈਦਾਨੀ ਇਲਾਕਿਆਂ ਵਿੱਚ ਵੀ ਹੜ੍ਹਾਂ ਦੀ ਸਥਿਤੀ ਬਣ ਸਕਦੀ ਸੀ। ਰਾਵੀ ਤੇ ਉਛਲਣ ਲੱਗ ਹੀ ਪਈ ਸੀ। ਸਿਆਲ ਦੇ ਮਹੀਨੇ ਵਿੱਚ ਹੜ੍ਹ, ਇਹ ਸੋਚ ਕੇ ਵੀ ਡਰ ਲਗਦਾ ਹੈ।

ਉੱਤਰਾ ਖੰਡ ਦੇ ਚਮੋਲੀ ਜ਼ਿਲ੍ਹੇ ਦੇ ਸਰਹੱਦੀ ਪਿੰਡ ਮਾਨਾ 'ਚ ਇੱਕ ਸੜਕ ਬਣਾ ਰਹੇ 55 ਕਾਮੇ ਪਹਾੜ ਤੋਂ ਟੁੱਟ ਕੇ ਆਏ ਗਲੇਸ਼ੀਅਰ ਦੀ ਲਪੇਟ ਵਿੱਚ ਆ ਗਏ। ਇਨ੍ਹਾਂ ਵਿੱਚੋਂ 11 ਨੂੰ ਤਾਂ ਸੁਰੱਖਿਅਤ ਕੱਢ ਲਿਆ ਗਿਆ ਅਤੇ 22 ਜਣੇ ਬਦਰੀਨਾਥ ਧਾਮ ਵੱਲ ਦੌੜ੍ਹ ਕੇ ਆਪਣੀ ਜਾਨ ਬਚਾਉਣ ਵਿੱਚ ਕਾਮਯਾਬ ਰਹੇ, ਜਦਕਿ 8 ਹੋਰਨਾਂ ਦੀ ਬਰਫ ਹੇਠਾਂ ਦਬਣ ਕਾਰਨ ਮੌਤ ਹੋ ਗਈ। ਚਾਰ ਦੀ ਹਾਲਤ ਹਾਲੇ ਵੀ ਗੰਭੀਰ ਬਣੀ ਹੋਈ ਹੈ। ਯਾਦ ਰਹੇ, ਬਦਰੀਨਾਥ ਤੋਂ ਸਿਰਫ ਤਿੰਨ ਕਿਲੋਮੀਟਰ ਦੀ ਵਿੱਥ 'ਤੇ ਮਾਨਾ ਪਿੰਡ ਭਾਰਤ-ਚੀਨ ਸਰਹੱਦ 'ਤੇ ਵੱਸਿਆ ਹੋਇਆ ਹੈ। ਇਸ ਪਿੰਡ ਤੋਂ 50 ਕਿਲੋਮੀਟਰ ਦੂਰ ਮਾਨਾ ਪਾਸ ਤੱਕ ਪਹੁੰਚ ਸੌਖੀ ਕਰਨ ਲਈ ਸੜਕ ਚੌੜੀ ਕੀਤੀ ਜਾ ਰਹੀ ਹੈ। ਇਹ ਸੜਕ ਚੌੜੀ ਕਰਨ ਦਾ ਕੰਮ ਬਾਰਡਰ ਰੋਡ ਆਰਗੇਨਾਈਜੇਸ਼ਨ (ਬੀ.ਆਰ.ਓ.) ਦੀ ਦੇਖ-ਰੇਖ ਹੇਠ ਇਨਫਰਾ ਕੰਸਟਰਕਸ਼ਨ ਪ੍ਰਾਈਵੇਟ ਲਿਮਟਿਡ ਕੰਪਨੀ ਵੱਲੋਂ ਕੀਤਾ ਜਾ ਰਿਹਾ ਹੈ। 28 ਫਰਵਰੀ ਨੂੰ ਸਵੇਰੇ ਕਰੀਬ ਛੇ ਵਜੇ 57 ਕਾਮੇ ਮਾਨਾ ਪਿੰਡ ਲਾਗੇ ਲੱਗੇ ਕੈਂਪ ਵਿੱਚ ਸੌਂ ਰਹੇ ਸਨ ਕਿ ਨਰ ਪਹਾੜ ਲੜੀ ਦੀ ਮੋਲਫਾ ਬਾਂਕ ਘਾਟੀ ਤੋਂ ਲੰਘਦੇ ਦੌਣਾ ਗਲੇਸ਼ੀਅਰ ਦਾ ਇੱਕ ਹਿਸਾ ਟੁੱਟ ਕੇ ਕਾਮਿਆਂ ਦੇ ਕੈਂਪ ਵੱਲ ਨੂੰ ਖਿਸਕ ਗਿਆ। ਇਸ ਨੇ ਕਾਮਿਆਂ ਨੂੰ ਆਪਣੀ ਲਪੇਟ ਵਿੱਚ ਲੈ ਲਿਆ। ਗਲੇਸ਼ੀਅਰ ਟੁੱਟਣ ਦੀ ਆਵਾਜ਼ ਦੂਰ ਤੱਕ ਸੁਣਾਈ ਦਿੱਤੀ। ਇਸ ਨੂੰ ਸੁਣ ਕੇ ਅਧਿਕਾਰੀ ਤੇ ਮੁਲਾਜ਼ਮ ਸੁਰੱਖਿਅਤ ਥਾਵਾਂ ਵੱਲ ਭੱਜੇ। ਕਰੀਬ ਇੱਕ ਕਿਲੋਮੀਟਰ ਦੂਰ ਆਈ.ਟੀ.ਬੀ.ਪੀ. ਦੇ ਜਵਾਨਾਂ ਨੂੰ ਕਾਮਿਆਂ ਦੇ ਬਰਫ ਹੇਠਾਂ ਦੱਬੇ ਹੋਣ ਦੀ ਖ਼ਬਰ ਮਿਲੀ ਅਤੇ ਉਹ ਮੌਕੇ 'ਤੇ ਪੁੱਜੇ ਤੇ ਬਚਾਅ ਕਾਰਜ ਸ਼ੁਰੂ ਕੀਤੇ। ਇਸ ਤੋਂ ਇਲਾਵਾ ਪੈਰਾ ਮਿਲਟਰੀ ਦਸਤਿਆਂ ਦੀਆਂ ਹੋਰ ਕੰਪਨੀਆਂ ਵੀ ਇੱਥੇ ਆ ਗਈਆਂ ਅਤੇ ਸਿੱਟੇ ਵਜੋਂ ਕੁਝ ਕਾਮਿਆਂ ਦੀ ਜਾਨ ਬਚ ਗਈ ਤੇ 8 ਇਸ ਦੁਨੀਆਂ ਤੋਂ ਤੁਰ ਗਏ।

ਜੰਮੂ-ਕਸ਼ਮੀਰ ਅਤੇ ਹਿਮਾਚਲ ਵਿੱਚ ਜਿਸ ਕਿਸਮ ਦਾ ਬਰਫਾਨੀ ਝੱਖੜ ਆਇਆ ਜਾਂ ਉੱਤਰਾਖੰਡ ਵਿੱਚ ਜਿਸ ਤਰ੍ਹਾਂ ਗਲੇਸ਼ੀਅਰ ਟੁਟਿਆ, ਇਸ ਸਭ ਕੁਝ ਨੂੰ ਐਕਸਟਰੀਮ ਵੈਦਰ ਕੰਡੀਸ਼ਨਜ਼ (ਹੱਦੋਂ ਵੱਧ ਤੇਜ਼ ਮੌਸਮੀ ਤਬਦੀਲੀਆਂ) ਕਿਹਾ ਜਾਂਦਾ ਹੈ। ਇਨ੍ਹਾਂ ਮੌਸਮੀ ਤਬਦੀਲੀਆਂ ਕਾਰਨ ਦੁਨੀਆਂ ਦੇ ਕਿਸੇ ਹਿੱਸੇ ਵਿੱਚ ਇੱਕੋ ਸੱਟੇ ਬਹੁਤ ਜ਼ਿਆਦਾ ਮੀਂਹ ਪੈ ਜਾਂਦਾ ਹੈ। ਕਿਧਰੇ ਹੱਦੋਂ ਵੱਧ ਬਰਫ ਪੈ ਜਾਂਦੀ ਹੈ। ਜਾਂ ਜਿਨ੍ਹਾਂ ਇਲਾਕਿਆਂ ਵਿੱਚ ਰੇਗਿਸਤਨ ਹਨ ਅਤੇ ਬਹੁਤ ਘੱਟ ਬਾਰਸ਼ ਹੁੰਦੀ ਸੀ, ਉਥੇ ਬਹੁਤ ਜ਼ਿਆਦਾ ਬਾਰਸ਼ ਹੋ ਜਾਂਦੀ ਹੈ। ਇਹ ਵੀ ਕਿ ਜਿੱਥੇ ਜ਼ਿਆਦਾ ਬਾਰਸ਼ ਹੁੰਦੀ ਰਹੀ ਹੈ, ਉਥੇ ਸੋਕੇ ਪੈਣ ਲਗਦੇ ਹਨ। ਗਲੇਸ਼ੀਅਰ ਪਿਘਲਣ/ਟੁੱਟਣ ਦਾ ਵਰਤਾਰਾ ਵੀ ਮਨੁੱਖੀ ਗਤੀਵਧੀਆਂ ਦੇ ਸਿੱਟੇ ਵਜੋਂ ਵਧ ਰਹੇ ਧਰਤੀ ਦੇ ਤਾਪਮਾਨ ਕਾਰਨ ਹੀ ਵਾਪਰਦਾ ਹੈ। ਇਸ ਮਾਮਲੇ ਨੂੰ ਲੈ ਕੇ ਦੁਨੀਆਂ ਭਰ ਦੇ ਵਾਤਾਵਰਣ ਵਿਗਿਆਨੀ ਅਤੇ ਸੰਯੁਕਤ ਰਾਸ਼ਟਰ ਵਾਰ-ਵਾਰ ਚਿਤਾਵਨੀਆਂ ਦੇ ਰਿਹਾ ਹੈ; ਪਰ ਆਪੋ-ਆਪਣੇ ਕੌਮੀ ਹਿੱਤਾਂ ਨੂੰ ਤਰਜੀਹ ਦੇਣ ਵਾਲੇ ਦੁਨੀਆਂ ਦੇ ਵੱਡੇ ਮੁਲਕ ਇਸ ਵੱਲ ਧਿਆਨ ਨਹੀਂ ਦੇ ਰਹੇ।

ਟਰੰਪ ਦੀ ਅਗਵਾਈ ਵਿੱਚ ਅਮਰੀਕਾ ਮੌਸਮੀ ਤਬਦੀਲੀਆਂ ਸੰਬੰਧੀ ਪੈਰਿਸ ਐਗਰੀਮੈਂਟ ਤੋਂ ਫਿਰ ਵੱਖ ਹੋ ਗਿਆ ਹੈ। ਇਸ ਨਾਲ ਮੌਸਮੀ ਤਬਦੀਲੀਆਂ ਨੂੰ ਰੋਕਣ ਲਈ ਸੰਯੁਕਤ ਰਾਸ਼ਟਰ ਵੱਲੋਂ ਕੀਤੀਆਂ ਜਾ ਰਹੀਆਂ ਕੋਸ਼ਿਸ਼ਾਂ ਨੂੰ ਵੱਡਾ ਧੱਕਾ ਲੱਗਾ ਹੈ। ਤੇਜ਼ ਮੌਸਮੀ ਤਬਦੀਲੀਆਂ ਨੇ ਭਾਵੇਂ ਹੁਣ ਪੱਛਮੀ ਅਮੀਰ ਮੁਲਕਾਂ ਨੂੰ ਵੀ ਪ੍ਰਭਾਵਤ ਕਰਨਾ ਸ਼ੁਰੂ ਕਰ ਦਿੱਤਾ ਹੈ, ਫਿਰ ਵੀ ਇਸ ਪਾਸੇ ਧਿਆਨ ਦੇਣ ਲਈ ਉਹ ਬਹੁਤੇ ਰਾਜ਼ੀ ਨਹੀਂ ਹਨ। ਕਾਰਨ ਇਸ ਦਾ ਆਪੋ-ਆਪਣੇ ਆਰਥਕ ਹਿੱਤਾਂ ਅਤੇ ਕਥਿਤ ਵਿਕਾਸ ਨੂੰ ਤਰਜੀਹ ਹੀ ਹੈ। ਅਸੀਂ ਵਿਕਾਸ ਵਾਲੀ ਝੰਡੀ ਤੇ ਭਾਵੇਂ ਹਾਲੇ ਨਹੀਂ ਪੁੱਟ ਸਕੇ, ਪਰ ਪ੍ਰਦੂਸ਼ਣ ਵਾਲੀ ਜ਼ਰੂਰ ਪੁੱਟ ਲਈ ਹੈ।



## ਜਨਤਕ ਸਿਹਤ ਐਮਰਜੈਂਸੀ...

ਦੁਨੀਆ ਦੇ 20 ਸਭ ਤੋਂ ਪ੍ਰਦੂਸ਼ਿਤ ਸ਼ਹਿਰਾਂ ਵਿੱਚੋਂ ਬਰਨੀਹਾਟ ਚੋਟੀ 'ਤੇ ਹੈ ਅਤੇ ਦਿੱਲੀ ਲਗਾਤਾਰ ਛੇਵੇਂ ਸਾਲ ਵੀ ਦੁਨੀਆ ਦੀ ਸਭ ਤੋਂ ਪ੍ਰਦੂਸ਼ਿਤ ਰਾਜਧਾਨੀ ਬਣੀ ਹੋਈ ਹੈ। ਦਿੱਲੀ 'ਚ 91.6 ਮਾਈਕ੍ਰੋਗਰਾਮ ਪ੍ਰਤੀ ਘਣ ਮੀਟਰ ਦੀ ਪੀ.ਐੱਮ. 2.5 ਘਣਤਾ ਪਿਛਲੇ ਸਾਲ ਜਿੰਨੀ ਹੀ ਹੈ। ਇਹ ਦਰਸਾਉਂਦਾ ਹੈ ਕਿ ਹਵਾ ਪ੍ਰਦੂਸ਼ਣ ਦਾ ਟਾਕਰਾ ਕਰਨ ਦੇ ਯਤਨਾਂ 'ਚ ਖੜੋਤ ਹੈ। ਹਵਾ ਪ੍ਰਦੂਸ਼ਣ ਵੀ ਜਨਤਕ ਸਿਹਤ ਐਮਰਜੈਂਸੀ ਹੈ। ਇਹ ਹਰ ਸਾਲ ਦੁਨੀਆ ਭਰ ਵਿੱਚ ਵੱਡੀ ਗਿਣਤੀ ਮੌਤਾਂ ਦਾ ਕਾਰਨ ਬਣਦੀ ਹੈ ਤੇ ਹੋਰ ਕਈ ਤਰ੍ਹਾਂ ਦੀਆਂ ਬਿਮਾਰੀਆਂ ਵੀ ਪੈਦਾ ਹੁੰਦੀਆਂ ਹਨ। ਹਵਾ ਦੇ ਮਿਆਰ ਬਾਰੇ ਕੌਮਾਂਤਰੀ ਰਿਪੋਰਟ ਪੁਸ਼ਟੀ ਕਰਦੀ ਹੈ ਕਿ ਖ਼ਤਰਨਾਕ ਹਵਾ ਕਰ ਕੇ ਔਸਤ ਨਾਗਰਿਕ ਦੀ ਜ਼ਿੰਦਗੀ ਦੇ ਪੰਜ ਸਾਲ ਘਟ ਰਹੇ ਹਨ। ਇਸ ਸੰਕਟ 'ਚ ਉਦਯੋਗਕ ਨਿਕਾਸੀ, ਵਾਹਨਾਂ ਦੇ ਪ੍ਰਦੂਸ਼ਣ, ਉਸਾਰੀ ਕੰਮਾਂ ਦੀ ਧੂੜ-ਮਿੱਟੀ ਅਤੇ ਫ਼ਸਲਾਂ ਨੂੰ ਲਾਈ ਜਾਂਦੀ ਅੱਗ ਨੇ ਵਾਧਾ ਕੀਤਾ ਹੈ। ਨੀਤੀਘਾੜੇ ਭਾਵੇਂ ਅਕਸਰ ਦੇਸ਼ ਦੀ ਕੁੱਲ-ਮਿਲਾ ਕੇ ਪੀ.ਐੱਮ. 2.5 ਘਣਤਾ ਵਿੱਚ ਆਈ ਗਿਰਾਵਟ ਦਾ ਪ੍ਰਚਾਰ ਕਰਦੇ ਹਨ, ਪਰ ਸੱਤ ਪ੍ਰਤੀਸ਼ਤ ਦੀ ਗਿਰਾਵਟ ਕੁਝ ਜ਼ਿਆਦਾ ਮਦਦ ਨਹੀਂ ਕਰਦੀ, ਜਦੋਂ 35 ਪ੍ਰਤੀਸ਼ਤ ਸ਼ਹਿਰ ਅਜੇ ਵੀ ਡਬਲਿਊ.ਐੱਚ.ਓ. ਦੀ ਸੁਰੱਖਿਅਤ ਸੀਮਾ ਤੋਂ ਦਸ ਗੁਣਾ ਵੱਧ ਪ੍ਰਦੂਸ਼ਿਤ ਹਨ।

ਇਸ ਦੌਰਾਨ ਪ੍ਰਦੂਸ਼ਣ ਦੇ ਆਰਥਿਕ ਅਸਰਾਂ ਦਾ ਭਾਰ ਵਧ ਰਿਹਾ ਹੈ। ਊਰਜਾ ਅਤੇ ਸਾਫ਼ ਹਵਾ ਬਾਰੇ ਖੋਜ ਕੇਂਦਰ ਦਾ 2021 ਦਾ ਅਧਿਐਨ ਦੱਸਦਾ ਹੈ ਕਿ ਹਵਾ ਪ੍ਰਦੂਸ਼ਣ ਭਾਰਤ ਨੂੰ ਸਾਲਾਨਾ 7 ਲੱਖ ਕਰੋੜ ਰੁਪਏ ਵਿੱਚ ਪੈ ਰਿਹਾ ਹੈ, ਜੋ ਸਿਹਤ ਸੰਭਾਲ ਅਤੇ ਕਿਰਤ ਦੀ ਉਤਪਾਦਕਤਾ ਘਟਣ ਕਾਰਨ ਖਰਚ ਹੁੰਦੇ ਹਨ। ਲਾਂਸੈੱਟ (2020) ਦੀ ਰਿਪੋਰਟ ਅਨੁਸਾਰ, 2019 'ਚ ਭਾਰਤ ਵਿੱਚ ਅਨੁਮਾਨਿਤ 16 ਲੱਖ ਤੋਂ ਵੱਧ ਮੌਤਾਂ ਸਿੱਧੇ ਤੌਰ 'ਤੇ ਹਵਾ ਪ੍ਰਦੂਸ਼ਣ ਨਾਲ ਜੁੜੀਆਂ ਬਿਮਾਰੀਆਂ ਕਰ ਕੇ ਹੋਈਆਂ ਹਨ। ਹਾਲ ਇਹ ਹੈ ਕਿ ਹਵਾ ਪ੍ਰਦੂਸ਼ਣ ਦੁਆਲੇ ਹੁੰਦੀ ਸਿਆਸੀ ਚਰਚਾ ਦੂਸ਼ਣਬਾਜ਼ੀ ਵਿੱਚ ਘਿਰੀ ਰਹਿੰਦੀ ਹੈ। ਹਰ ਸਿਆਲ ਦਿੱਲੀ ਦਾ ਸੰਕਟ ਇਲਜ਼ਾਮਾਂ ਦਾ ਰੌਲਾ-ਰੱਪਾ ਬਣ ਕੇ ਰਹਿ ਜਾਂਦਾ ਹੈ, ਜਿੱਥੇ ਨੇਤਾ ਪਰਾਲੀ ਸੜਨ, ਉਦਯੋਗਕ ਨਿਕਾਸੀ ਅਤੇ ਸ਼ਹਿਰੀ ਯੋਜਨਾਬੰਦੀ 'ਚ ਨਾਕਾਮੀਆਂ ਦੇ ਮੁੱਦਿਆਂ 'ਤੇ ਇੱਕ-ਦੂਜੇ ਨੂੰ ਘੇਰਦੇ ਹਨ।


Hiring Local & Midwest Drivers and Dedicated Lanes & Owner Operators



NT corp
4800 Vernon Ave, Ste. C, McCook, IL 60525
Ph: 847-562-5860 ext. 1003
Fax: 847-897-2660

Premium Truck & Trailer Tires
We also provide installation services
ਅਸੀਂ ਇੰਸਟਾਲੇਸ਼ਨ ਸੇਵਾਵਾਂ ਵੀ ਪ੍ਰਦਾਨ ਕਰਦੇ ਹਾਂ



HT HAMPSHIRE TIRES
ਟਰੱਕਾਂ ਅਤੇ ਟਰਾਲਿਆਂ ਲਈ ਵਧੀਆ ਕਿਸਮ ਦੇ ਟਾਇਰ ਲੈਣ ਲਈ ਸੰਪਰਕ ਕਰੋ
*ਹੈਂਪਸ਼ਾਇਰ ਟਾਇਰਜ਼* *ਭਰੋਸੇਮੰਦ ਅਤੇ ਹੰਢਣਸਾਰ*
Hampshire Tires
235 Industrial Dr., Hampshire, IL 60140
Ph: 847-556-9996
Email: info@hampshiretires.com www.hampshiretires.com

# ਨਸ਼ਿਆਂ ਵਿਰੁੱਧ ਪੰਜਾਬ ਸਰਕਾਰ ਦੀ ਬੁਲਡੋਜ਼ਰ ਮੁਹਿੰਮ

**ਪੰਜਾਬੀ ਪਰਵਾਜ਼ ਬਿਊਰੋ**

**ਮਾਮਲਾ ਹਾਈਕੋਰਟ ਵਿੱਚ ਪੁੱਜਾ*

**ਐਫ.ਬੀ.ਆਈ. ਨੂੰ ਲੋੜੀਂਦਾ ਸਮਗਲਰ ਸ਼ੌਨ ਭਿੰਡਰ ਗ੍ਰਿਫਤਾਰ*

ਪੰਜਾਬ ਸਰਕਾਰ ਨੇ ਬੀਤੇ ਮਹੀਨੇ ਦੇ ਅੰਤਲੇ ਦਿਨਾਂ ਤੋਂ ਨਸ਼ੇ ਵਿਰੁਧ ਮੁਹਿੰਮ ਭਖਾ ਰੱਖੀ ਹੈ। ਇਸ ਤਹਿਤ ਹੋ ਰਹੀਆਂ ਕਾਰਵਾਈਆਂ ਵਿੱਚ ਪੰਜਾਬ ਸਰਕਾਰ ਵੱਲੋਂ ਵੱਖ-ਵੱਖ ਸ਼ਹਿਰਾਂ ਵਿੱਚ ਕੁਝ ਤਸਕਰਾਂ ਦੇ ਘਰਾਂ ‘ਤੇ ਬੁਲਡੋਜ਼ਰ ਵੀ ਫੇਰਿਆ ਗਿਆ ਹੈ। ਇਸ ਕਾਰਨ ਕੁਝ ਲੋਕ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿੱਚ ਵੀ ਚਲੇ ਗਏ ਹਨ। ਸਰਕਾਰ ਵੱਲੋਂ ਸੈਂਕੜੇ ਕਥਿੱਤ ਤਸਕਰ ਗ੍ਰਿਫਤਾਰ ਕੀਤੇ ਗਏ ਹਨ। ਪੰਜਾਬ ਦੇ ਮੁੱਖ ਮੰਤਰੀ ਨੇ ਇਸ ਮੁਹਿੰਮ ਨੂੰ ਆਰੰਭ ਕਰਦਿਆਂ ਕਿਹਾ ਕਿ ਪੰਜਾਬ ਵਿੱਚੋਂ ਤਿੰਨ ਮਹੀਨੇ ਵਿੱਚ ਨਸ਼ਾ ਤਸਕਰਾਂ ਦੀ ਸਫ ਲਪੇਟ ਦਿੱਤੀ ਜਾਵੇਗੀ।

ਨਸ਼ਾ ਵਿਰੋਧੀ ਮੁਹਿੰਮ ਦੀ ਨਜ਼ਰਸਾਨੀ ਕਰਨ ਲਈ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਦੀ ਅਗਵਾਈ ਵਿੱਚ ਇੱਕ ਸਬ-ਕਮੇਟੀ ਦਾ ਗਠਨ ਕੀਤਾ ਗਿਆ ਹੈ। ਇਸ ਕਮੇਟੀ ਵਿੱਚ ਉਨ੍ਹਾਂ ਤੋਂ ਇਲਾਵਾ ਸਿਹਤ ਮੰਤਰੀ ਡਾ. ਬਲਬੀਰ ਸਿੰਘ, ਆਮ ਆਦਮੀ ਪਾਰਟੀ ਦੇ ਪੰਜਾਬ ਯੂਨਿਟ ਦੇ ਪ੍ਰਧਾਨ ਅਤੇ ਕੈਬਨਿਟ ਮੰਤਰੀ ਅਮਨ ਅਰੋੜਾ, ਕੈਬਨਿਟ ਮੰਤਰੀ ਤਰੁਣਪ੍ਰੀਤ ਸਿੰਘ ਸੌਂਧ ਅਤੇ ਮੰਤਰੀ ਲਾਲਜੀਤ ਸਿੰਘ ਭੁੱਲਰ ਵੀ ਸ਼ਾਮਲ ਹਨ। ਇਸ ਕਮੇਟੀ ਦੇ ਤਹਿਤ ਪੂਰੇ ਪੰਜਾਬ ਨੂੰ ਚਾਰ ਜ਼ੋਨਾਂ ਵਿੱਚ ਵੰਡ ਕੇ ਕਾਰਵਾਈ ਕੀਤੀ ਜਾ ਰਹੀ ਹੈ। ਸਿਹਤ ਮੰਤਰੀ ਡਾ. ਬਲਬੀਰ ਸਿੰਘ ਮੁਹਿੰਮ ਦੀਆਂ ਮੁਕੰਮਲ ਗਤੀਵਿਧੀਆਂ ‘ਤੇ ਨਿਗਾਹ ਰੱਖਣਗੇ, ਜਦਕਿ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਪਠਾਨਕੋਟ, ਗੁਰਦਾਸਪੁਰ, ਨਵਾਂਸ਼ਹਿਰ, ਹੁਸ਼ਿਆਰਪੁਰ, ਰੂਪਨਗਰ ਅਤੇ ਤਰਨਤਾਰਨ; ਅਮਨ ਅਰੋੜਾ ਲੁਧਿਆਣਾ, ਪਟਿਆਲਾ, ਕਪੂਰਥਲਾ, ਮੁਹਾਲੀ ਅੰਮ੍ਰਿਤਸਰ ਅਤੇ ਜਲੰਧਰ; ਮੰਤਰੀ ਤਰੁਣਪ੍ਰੀਤ ਸਿੰਘ ਸੌਂਧ ਸੰਗਰੂਰ, ਬਰਨਾਲਾ, ਬਠਿੰਡਾ, ਫਤਿਹਗੜ੍ਹ ਸਾਹਿਬ, ਮੋਗਾ ਤੇ ਮਲੇਰਕੋਟਲਾ; ਲਾਲਜੀਤ ਸਿੰਘ ਭੁੱਲਰ ਫਰੀਦਕੋਟ, ਮੁਕਤਸਰ, ਫਾਜ਼ਿਲਕਾ, ਮਾਨਸਾ ਅਤੇ ਫਿਰੋਜ਼ਪੁਰ ਆਦਿ ਜ਼ਿਲ੍ਹਿਆਂ ਵਿੱਚ ਹੋਣ ਵਾਲੀਆਂ ਕਾਰਵਾਈਆਂ ਦੀ ਨਿਗਰਾਨੀ ਕਰਨਗੇ।

ਇਸੇ ਦੌਰਾਨ ਤਰਨਤਾਰਨ ਪੁਲਿਸ ਨੇ ਇੱਕ ਅੰਤਰਰਾਸ਼ਟਰੀ ਤਸਕਰ ‘ਸ਼ੌਨ ਭਿੰਡਰ’ ਨੂੰ ਗ੍ਰਿਫਤਾਰ ਕਰਨ ਦਾ ਦਾਅਵਾ ਕੀਤਾ ਹੈ। ਪੁਲਿਸ ਅਧਿਕਾਰੀਆਂ ਦਾ ਆਖਣਾ ਹੈ ਕਿ ਇਹ ਦੋਸ਼ੀ ਨਸ਼ਾ ਤਸਕਰੀ ਦੇ ਮਾਮਲਿਆਂ ਵਿੱਚ ਅਮਰੀਕਾ ਦੀ ਫੈਡਰਲ ਏਜੰਸੀ ਐਫ.ਬੀ.ਆਈ. ਨੂੰ ਲੋੜੀਂਦਾ ਸੀ। ਉਹ ਕੈਨੇਡਾ ਦੇ ਬਰੈਂਪਟਨ ਸ਼ਹਿਰ ਦਾ ਵਸਨੀਕ ਹੈ ਅਤੇ ਇੱਥੇ ਪੀ.ਆਰ. ‘ਤੇ ਰਹਿ ਰਿਹਾ ਹੈ। ਉਸ ਦੇ ਛੇ ਸਾਥੀ- ਅੰਮ੍ਰਿਤਪਾਲ ਸਿੰਘ ਉਰਫ ਬੱਲ, ਅੰਮ੍ਰਿਤਪਾਲ ਸਿੰਘ ਉਰਫ ਚੀਮਾ, ਤਕਦੀਰ ਸਿੰਘ ਉਰਫ ਰੋਮੀ, ਸਰਬਜੀਤ ਸਿੰਘ ਸਾਬੀ, ਫਰਨਾਂਡੋ ਵਾਲਾਡੇਰੇਸੇ ਅਤੇ ਗੁਰਲਾਲ ਸਿੰਘ ਅਮਰੀਕਾ ਵਿੱਚ ਐਫ.ਬੀ.ਆਈ. ਵੱਲੋਂ ਗ੍ਰਿਫਤਾਰ ਕੀਤੇ ਗਏ ਹਨ। ਇਹ ਸਮਗਲਰ ਕੋਲੰਬੀਆ ਅਤੇ ਮੈਕਸੀਕੋ ਤੋਂ ਮੈਥਿੰਟਾਮਾਈਨ ਅਤੇ ਕੋਕੇਨ ਜਿਹੇ ਨਸ਼ੇ ਸਮਗਲ ਕਰਦੇ ਸਨ। ਫਿਰ ਵੀ, ਕਾਂਗਰਸ ਪਾਰਟੀ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਕਿਹਾ ਹੈ ਕਿ ਸਰਕਾਰ ਨਸ਼ਾ ਤਸਕਰਾਂ ਦੀ ਥਾਂ ਨਸ਼ੇੜੀਆਂ ਨੂੰ ਫੜ ਰਹੀ ਹੈ। ਇਸ ਤੋਂ ਇਲਾਵਾ ਛੋਟੇ-ਮੋਟੇ ਤਸਕਰ ਫੜੇ ਜਾ ਰਹੇ ਹਨ, ਜਦਕਿ ਵੱਡੀਆਂ ਮੱਛੀਆਂ ਅਤੇ ਮਗਰਮੱਛ ਬਾਹਰ ਘੁੰਮ ਰਹੇ ਹਨ।

ਪੰਜਾਬ ਸਰਕਾਰ ਵੱਲੋਂ ਇਸ ਨਸ਼ਾ ਵਿਰੋਧੀ ਮੁਹਿੰਮ ਦਾ ਆਗਾਜ਼ ਦਿੱਲੀ ਵਿੱਚ ਵਿਧਾਨ ਸਭਾ ਚੋਣਾਂ ਤੋਂ ਬਾਅਦ ਕੀਤਾ ਗਿਆ ਹੈ। ਇਸ ਨੂੰ ਆਮ ਆਦਮੀ ਪਾਰਟੀ ਵੱਲੋਂ ਆਪਣੀ ਸਿਆਸੀ ਦਿੱਖ ਸੁਧਾਰਨ ਲਈ ਸ਼ੁਰੂ ਕੀਤੀ ਗਈ ਆਮ ਮੁਹਿੰਮ ਦਾ ਹਿੱਸਾ ਹੀ ਮੰਨਿਆ ਜਾ ਰਿਹਾ ਹੈ। ਆਮ ਆਦਮੀ ਪਾਰਟੀ ਕੋਲ ਪੰਜਾਬ ਹੀ ਸੱਤਾ ਦਾ ਮਜਬੂਤ ਕਿਲਾ ਹੈ। 2027 ਵਿੱਚ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ ਵਿੱਚ ਇਹ ਕਿਲਾ ਵੀ ਹੱਥੋਂ ਖਿਸਕ ਜਾਂਦਾ ਹੈ ਤਾਂ ਭ੍ਰਿਸ਼ਟਾਚਾਰ ਨੂੰ ਖਤਮ ਕਰਨ ਦੇ ਨਿਸ਼ਾਨੇ ਨੂੰ ਲੈ ਕੇ ਸੱਤਾ ਵਿੱਚ ਆਈ ਇਸ ਨਵੀਂ ਪਾਰਟੀ ਦਾ ਸਿਆਸੀ ਭਵਿੱਖ ਖਤਰੇ ਵਿੱਚ ਪੈ ਸਕਦਾ ਹੈ। ਕੁਝ ਵੀ ਹੋਵੇ, ਪੰਜਾਬ ਲਈ ਇਸ ਕਿਸਮ ਦੇ ਯਤਨਾਂ ਨੂੰ ਹਾਂਮੁਖੀ ਢੰਗ ਨਾਲ ਲਿਆ ਜਾਣਾ ਚਾਹੀਦਾ ਹੈ।

ਪੰਜਾਬ ਵਿੱਚ ਨਸ਼ਿਆਂ ਵਿਰੁਧ ਇਹ ਤਾਜ਼ਾ ਮੁਹਿੰਮ ਫਰਵਰੀ ਦੇ ਅੰਤ ਵਿੱਚ ਮੁੱਖ ਮੰਤਰੀ ਵੱਲੋਂ ਸੀਨੀਅਰ ਪ੍ਰਸ਼ਾਸਨਿਕ ਅਤੇ ਪੁਲਿਸ ਅਧਿਕਾਰੀਆਂ ਦੀ ਚੰਡੀਗੜ੍ਹ ਵਿੱਚ ਬੁਲਾਈ ਇੱਕ ਮੀਟਿੰਗ ਮਗਰੋਂ ਸ਼ੁਰੂ ਕੀਤੀ ਗਈ। ਮੁਹਿੰਮ ਦਾ ਆਰੰਭ ਕਰਦਿਆਂ ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ ਪੰਜਾਬ ਸਰਕਾਰ ਨੇ ਨਸ਼ਿਆਂ ਪ੍ਰਤੀ ਕੋਈ ਵੀ ਲਿਹਾਜ਼ ਨਾ ਵਰਤਣ ਦੀ ਨੀਤੀ ਅਪਣਾ ਰੱਖੀ ਹੈ। ਸਰਕਾਰ ਇਸ ਲਾਹਨਤ ਵਿਰੁੱਧ ਵਿਆਪਕ ਜੰਗ ਸ਼ੁਰੂ ਕਰਨ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਤਿੰਨ ਮਹੀਨੇ ਵਿੱਚ ਨਸ਼ੇ ਦਾ ਮੁਕੰਮਲ ਖਾਤਮਾ ਕਰਨ ਦਾ ਟੀਚਾ ਮਿਥਿਆ ਗਿਆ ਹੈ। ਇੱਕ ਮਹੀਨੇ ਬਾਅਦ ਇਸ ਮੁਹਿੰਮ ਦਾ ਰਿਵੀਊ ਕੀਤਾ ਜਾਵੇਗਾ ਅਤੇ ਨਾ-ਅਹਿਲ ਅਧਿਕਾਰੀਆਂ ਦੀ ਜਵਾਬਦੇਹੀ ਤੈਅ ਕੀਤੀ ਜਾਵੇਗੀ। ਉਨ੍ਹਾਂ ਨੇ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤਾ ਹੈ ਕਿ ਦਰਮਿਆਨੀ ਅਤੇ ਵੱਡੀ ਮਾਤਰਾ ਵਿੱਚ ਨਸ਼ਿਆਂ ਦੀ ਬਰਾਮਦਗੀ ਦੇ ਮਾਮਲਿਆਂ ਵਿੱਚ ਦੋਸ਼ੀਆਂ ਦੀਆਂ ਜਮਾਨਤਾਂ ਰੱਦ ਕਰਵਾਉਣ ਲਈ ਪੂਰੀ ਵਾਹ ਲਾਈ ਜਾਵੇ। ਵਪਾਰਕ ਮਾਤਰਾ ਵਿੱਚ ਨਸ਼ਿਆਂ ਦੀ ਬਰਾਮਦਗੀ ਵਾਲੇ ਮਾਮਲਿਆਂ ਵਿੱਚ ਗੈਰ-ਕਾਨੂੰਨੀ ਜਾਇਦਾਦਾਂ ਨੂੰ 100 ਫੀਸਦੀ ਢਾਹ ਦਿੱਤਾ ਜਾਵੇ। ਮੁੱਖ ਮੰਤਰੀ ਨੇ ਡਿਪਟੀ ਕਮਿਸ਼ਨਰਾਂ, ਪੁਲਿਸ ਕਮਿਸ਼ਨਰਾਂ ਅਤੇ ਐਸ.ਐਸ.ਪੀਜ਼ ਨੂੰ ਨਸ਼ਾ ਛੁਡਾਊ ਅਤੇ ਨਸ਼ਾ ਰੋਕੂ ਨੀਤੀਆਂ ਨੂੰ ਅਸਰਦਾਰ ਢੰਗ ਨਾਲ ਲਾਗੂ ਕਰਨ ਲਈ ਆਪਸੀ ਤਾਲਮੇਲ ਨਾਲ ਕੰਮ ਕਰਨ ਦੀ ਵੀ ਹਦਾਇਤ ਦਿੱਤੀ ਹੈ।

ਇਸ ਦਰਮਿਆਨ ਕਾਂਗਰਸ ਪਾਰਟੀ ਨੇ ਸਰਕਾਰ ਵੱਲੋਂ ਚਲਾਈ ਜਾ ਰਹੀ ਮੁਹਿੰਮ ਦੀ ਆਲੋਚਨਾ ਕੀਤੀ ਹੈ। ਨਾਲ ਹੀ ਆਪਣੀ ਪਾਰਟੀ ਵੱਲੋਂ ‘ਨਸ਼ਾ ਨਹੀਂ, ਨੌਕਰੀ ਦਿਓ’ ਦੇ ਨਾਮ ਹੇਠ ਦਾਣਾ ਮੰਡੀ ਪਟਿਆਲਾ ਤੋਂ ਆਪਣੀ ਵੱਖਰੀ ਮੁਹਿੰਮ ਸ਼ੁਰੂ ਕੀਤੀ ਹੈ। ਇਸ ਮੁਹਿੰਮ ਨੂੰ ਆਰੰਭ ਕਰਦਿਆਂ ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਕਿਹਾ ਕਿ ਆਮ ਆਦਮੀ ਪਾਰਟੀ ਪੰਜਾਬ ਵਿੱਚੋਂ ਨਸ਼ਾ ਖਤਮ ਕਰਨ ਦਾ ਡਰਾਮਾ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਸਰਕਾਰ ਬਣਨ ਵੇਲੇ ਆਮ ਆਦਮੀ ਪਾਰਟੀ ਪਾਰਟੀ ਦੇ ਪ੍ਰਧਾਨ ਅਰਵਿੰਦ ਕੇਜਰੀਵਾਲ ਨੇ ਇੱਕ ਮਹੀਨੇ ਵਿੱਚ ਨਸ਼ਾ ਖਤਮ ਕਰਨ ਦਾ ਐਲਾਨ ਕੀਤਾ ਸੀ, ਪਰ ਤਿੰਨ ਸਾਲ ਬੀਤਣ ਬਾਅਦ ਵੀ ਸਿਰਫ ਨਸ਼ੇੜੀਆਂ ਦੇ ਘਰ ਢਾਹੇ ਜਾ ਰਹੇ ਹਨ। ਜਦਕਿ ਵੱਡੇ ਮਗਰਮੱਛਾਂ ਵੱਲ ਪੰਜਾਬ ਸਰਕਾਰ ਧਿਆਨ ਨਹੀਂ ਦੇ ਰਹੀ। ਯਾਦ ਰਹੇ, ਪਿਛਲੇ ਦਿਨੀਂ ਪੰਜਾਬ ਪੁਲਿਸ ਅਤੇ ਪ੍ਰਸ਼ਾਸਨ ਨੇ ਲੁਧਿਆਣਾ, ਰੋਪੜ ਅਤੇ ਪਟਿਆਲਾ ਤੇ ਜਲੰਧਰ ਵਿੱਚ ਕੁਝ ਕਥਿਤ ਨਸ਼ਾ ਤਸਕਰਾਂ ਦੇ ਘਰ ਢਾਹੇ ਹਨ।

ਪੰਜਾਬ ਸਰਕਾਰ ਵੱਲੋਂ ਯੂ.ਪੀ. ਦੀ ਯੋਗੀ ਸਰਕਾਰ ਦੀ ਤਰਜ਼ ‘ਤੇ ਘਰਾਂ ਨੂੰ ਬੁਲਡੋਜ਼ ਕਰਨ ਦਾ ਇਹ ਮਾਮਲਾ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿੱਚ ਵੀ ਪੁੱਜ ਗਿਆ ਹੈ। ਇਕ ਗੈਰ-ਸਰਕਾਰੀ ਸੰਗਠਨ ‘ਪੀਪਲਜ਼ ਵੈਲਫੇਅਰ ਸੁਸਾਇਟੀ’ ਵੱਲੋਂ ਇਸ ਸੰਬੰਧ ਵਿੱਚ ਹਾਈਕੋਰਟ ਵਿੱਚ ਪਟੀਸ਼ਨ ਪਾਈ ਗਈ ਹੈ। ਇਸ ਪਟੀਸ਼ਨ ਵਿੱਚ ਸੁਪਰੀਮ ਕੋਰਟ ਵੱਲੋਂ ਬੁਲਡੋਜ਼ਰ ਕਾਰਵਾਈ ਦੇ ਸੰਬੰਧ ਵਿੱਚ ਜਾਰੀ ਕੀਤੇ ਗਏ ਦਿਸ਼ਾ ਨਿਰਦੇਸ਼ਾਂ ਨੂੰ ਲਾਗੂ ਕਰਨ ਦੀ ਮੰਗ ਕੀਤੀ ਗਈ ਹੈ। ਪੰਜਾਬ ਅਤੇ ਹਰਿਆਣਾ ਹਾਈਕੋਰਟ ਦੇ ਚੀਫ ਜਸਟਿਸ ਸ਼ੀਲ ਨਾਗੂ ਤੇ ਜਸਟਿਸ ਸੁਮਿਤ ਗੋਇਲ ਨੇ ਪੰਜਾਬ ਸਰਕਾਰ, ਪੰਜਾਬ ਸਰਕਾਰ ਦੇ ਸਥਾਨਕ ਸਰਕਾਰਾਂ ਸੰਬੰਧੀ ਵਿਭਾਗ ਦੇ ਸਕੱਤਰ ਅਤੇ ਲੁਧਿਆਣਾ ਦੇ ਪੁਲਿਸ ਕਮਿਸ਼ਨਰ ਨੂੰ ਇੱਕ ਕਥਿੱਤ ਤਸਕਰ ਦਾ ਘਰ ਢਾਹੇ ਜਾਣ ਦੇ ਮਾਮਲੇ ਵਿੱਚ ਨੋਟਿਸ ਜਾਰੀ ਕੀਤਾ ਹੈ।

ਇੱਥੇ ਜ਼ਿਕਰਯੋਗ ਹੈ ਕਿ ਸੁਪਰੀਮ ਕੋਰਟ ਨੇ ਨਵੰਬਰ 2023 ਵਿੱਚ ‘ਬੁਲਡੋਜ਼ਰ ਇਨਸਾਫ’ ਦੇ ਮਾਮਲੇ ਖਿਲਾਫ ਸਖਤ ਨਿਰਦੇਸ਼ ਦਿੰਦਿਆਂ ਕਿਹਾ ਹੈ ਕਿ ਕਾਰਜਪਾਲਿਕਾ ਸਿਰਫ ਇਸ ਆਧਾਰ ‘ਤੇ ਕਿਸੇ ਦੀ ਜਾਇਦਾਦ ਨੂੰ ਢਾਹ ਨਹੀਂ ਸਕਦੀ ਕਿ ਵਿਅਕਤੀ ਕਿਸੇ ਅਪਰਾਧ ਦਾ ਮੁਲਜ਼ਮ ਜਾਂ ਦੋਸ਼ੀ ਹੈ। ਪਟੀਸ਼ਨਰ ਦੇ ਵਕੀਲ ਨੇ ਅਦਾਲਤ ਵਿੱਚ ਦਲੀਲ ਦਿੱਤੀ ਕਿ ਐਨ.ਡੀ.ਪੀ.ਐਸ. ਐਕਟ ਤਹਿਤ ਕਿਸੇ ਦੀ ਜਾਇਦਾਦ ਜ਼ਬਤ ਜਾਂ ਕੁਰਕ ਤਾਂ ਕੀਤੀ ਜਾ ਸਕਦੀ ਹੈ, ਪਰ ਢਾਹੀ ਨਹੀਂ ਜਾ ਸਕਦੀ। ਯਾਦ ਰਹੇ, ਮੁੱਖ ਮੰਤਰੀ ਵੱਲੋਂ ਨਸ਼ੇ ਖਿਲਾਫ ਮੁਹਿੰਮ ਦਾ ਆਰੰਭ ਕਰਨ ਤੋਂ ਬਾਅਦ ਹੀ ਪੁਲਿਸ ਪ੍ਰਸ਼ਾਸਨ ਨੇ ਲੁਧਿਆਣਾ, ਪਟਿਆਲਾ ਅਤੇ ਰੋਪੜ ਵਿੱਚ ਤਿੰਨ ਕਥਿਤ ਔਰਤ ਤਸਕਰਾਂ ਦੇ ਘਰ ਢਾਹ ਦਿੱਤੇ ਸਨ। ਮਾਮਲਾ ਅਦਾਲਤ ਵਿੱਚ ਜਾਣ ਦੇ ਬਾਵਜੂਦ ਪੰਜਾਬ ਵਿੱਚ ਇਸ ਤਰ੍ਹਾਂ ਘਰ ਢਾਹੇ ਜਾਣ ਦਾ ਸਿਲਸਲਾ ਜਾਰੀ ਰਿਹਾ। ਜਲੰਧਰ ਜ਼ਿਲ੍ਹੇ ਵਿੱਚ ਪੈਂਦੇ ਦੋ ਪਿੰਡਾਂ ਵਿੱਚ ਵੀ ਪ੍ਰਸ਼ਾਸਨ ਵੱਲੋਂ ਦੋ ਤਸਕਰਾਂ ਦੇ ਘਰ ਢਾਹੇ ਗਏ, ਜਿਨ੍ਹਾਂ ਵਿੱਚੋਂ ਇੱਕ ਔਰਤ ਹੈ।

ਸਰਕਾਰ ਨੇ ਦਲੀਲ ਦਿੱਤੀ ਹੈ ਕਿ ਕਥਿਤ ਨਸ਼ਾ ਤਸਕਰਾਂ ਵੱਲੋਂ ਇਹ ਮਕਾਨ ਪੰਚਾਇਤੀ ਜ਼ਮੀਨ ‘ਤੇ ਨਾਜਾਇਜ਼ ਢੰਗ ਨਾਲ ਬਣਾਏ ਗਏ ਸਨ। ਮੁਹਾਲੀ ਜ਼ਿਲ੍ਹੇ ਦੇ ਪਿੰਡ ਜੰਡਪੁਰ ਵਿੱਚ ਵੀ ਇੱਕ ਕਥਿਤ ਦੋਸ਼ੀ ਦਾ ਘਰ ਢਾਹੇ ਜਾਣ ਦੀ ਖ਼ਬਰ ਮਿਲੀ ਹੈ।




# ਜਥੇਦਾਰ ਨੂੰ ਹਟਾਏ ਜਾਣ ਦੇ ਵਿਰੋਧ ਵਿੱਚ ਹਲਚਲ ਮੱਚੀ

***ਮਜੀਠੀਆ, ਲੌਂਗੋਵਾਲ ਤੇ ਸੁਰਨਜੀਤ ਸਿੰਘ ਸਮੇਤ ਕਈ ਹੋਰ ਆਗੂ ਵੀ ਵਿਰੋਧ ਵਿੱਚ ਆਏ *ਅਕਾਲੀ ਧੜਿਆਂ ਵਿੱਚ ਫੁੱਟ ਸਿਰੇ ਲੱਗਣ ਦੇ ਆਸਾਰ**

**ਪੰਜਾਬੀ ਪਰਵਾਜ਼ ਬਿਊਰੋ**

ਗਿਆਨੀ ਰਘਬੀਰ ਸਿੰਘ ਨੂੰ ਅਕਾਲ ਤਖਤ ਸਾਹਿਬ ਦੇ ਜਥੇਦਾਰ ਦੇ ਅਹੁਦੇ ਤੋਂ ਹਟਾਏ ਜਾਣ ਕਾਰਨ ਸ਼੍ਰੋਮਣੀ ਅਕਾਲੀ ਦਲ ਵਿੱਚ ਹੁਣ ਅੰਦਰੂਨੀ ਰੱਫੜ ਖੜ੍ਹਾ ਹੋ ਗਿਆ ਹੈ। ਪਾਰਟੀ ਲੱਗਪਗ ਦੁਫਾੜ ਹੋ ਗਈ ਹੈ। ਇਸ ਦਾ ਰਸਮੀ ਰੂਪ ਵਿੱਚ ਐਲਾਨ ਕਰਨਾ ਹੀ ਸਿਰਫ ਬਾਕੀ ਰਹਿ ਗਿਆ ਲਗਦਾ ਹੈ। ਭਾਵੇਂਕਿ ਬਿਕਰਮਜੀਤ ਸਿੰਘ ਮਜੀਠੀਆ ਸਮੇਤ ਕਈ ਹੋਰ ਅਕਾਲੀ ਦਲ ਦੇ ਆਗੂ ਦੋਵੇਂ ਧੜਿਆਂ ਨੂੰ ਆਪਸ ਵਿੱਚ ਨੇੜੇ ਲਿਆਉਣ ਦੇ ਯਤਨ ਕਰ ਰਹੇ ਹਨ, ਪਰ ਕਾਬਜ ਲੀਡਰਸ਼ਿੱਪ ਦੀ ਜ਼ਿੱਦ ਇਸ ਤਰੇੜ ਨੂੰ ਡੂੰਘਾ ਕਰਨ ਦਾ ਕਾਰਨ ਬਣ ਰਹੀ ਹੈ। ਯਾਦ ਰਹੇ, 7 ਮਾਰਚ 2025 ਨੂੰ ਅਕਾਲ ਤਖਤ ਸਾਹਿਬ ਦੇ ਜਥੇਦਾਰ ਵਜੋਂ ਅਹੁਦੇ ਤੋਂ ਹਟਾਏ ਜਾਣ ਤੋਂ ਪਹਿਲਾਂ ਗਿਆਨੀ ਰਘਬੀਰ ਸਿੰਘ ਨੇ, 2 ਦਸੰਬਰ 2024 ਨੂੰ ਅਕਾਲ ਤਖਤ ਸਾਹਿਬ ਵੱਲੋਂ ਐਲਾਨੀ ਗਈ ਸੱਤ ਮੈਂਬਰੀ ਭਰਤੀ ਕਮੇਟੀ ਦੇ ਬਚਦੇ 5 ਮੈਂਬਰਾਂ ਨੂੰ ਅਕਾਲੀ ਦਲ ਦੀ ਨਵੀਂ ਮੈਂਬਸ਼ਿਪ ਭਰਤੀ ਕਰਨ ਦੇ ਆਦੇਸ਼ ਦੇ ਦਿੱਤੇ ਸਨ ਅਤੇ ਆਖ ਦਿੱਤਾ ਸੀ ਕਿ ਇਸ ਵਾਸਤੇ ਅਕਾਲੀ ਦਲ ਦੀ ਕਾਬਜ਼ ਲੀਡਰਸ਼ਿੱਪ ਦੇ ਸਹਿਯੋਗ ਦੀ ਕੋਈ ਜ਼ਰੂਰਤ ਨਹੀਂ ਹੈ। 7 ਮੈਂਬਰੀ ਭਰਤੀ ਕਮੇਟੀ ਤੋਂ ਹਰਜਿੰਦਰ ਸਿੰਘ ਧਾਮੀ ਅਤੇ ਸ਼੍ਰੋਮਣੀ ਕਮੇਟੀ ਦੇ ਸਾਬਕਾ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ ਪਹਿਲਾਂ ਹੀ ਵੱਖ ਹੋ ਚੁੱਕੇ ਹਨ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅੰਤਰਿੰਗ ਕਮੇਟੀ ਨੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੂੰ ਹਟਾਉਣ ਪਿੱਛੇ ਦਲੀਲ ਇਹ ਦਿੱਤੀ ਹੈ ਕਿ "ਵਿਸ਼ਵੀਕਰਨ ਦੇ ਇਸ ਦੌਰ ਵਿੱਚ ਗਿਆਨੀ ਰਘਬੀਰ ਸਿੰਘ ਕੌਮ ਨੂੰ ਸਹੀ ਅਗਵਾਈ ਦੇਣ ਵਿੱਚ ਅਸਮਰੱਥ ਸਾਬਤ ਹੋਏ ਹਨ। ਕਮੇਟੀ ਨੇ ਦਲੀਲ ਦਿੱਤੀ ਕਿ ਇਸ ਨਾਲ ਵੱਖ-ਵੱਖ ਜਥੇਬੰਦੀਆਂ/ਸੰਸਥਾਵਾਂ ਵਿੱਚ ਵਖਰੇਵੇਂ ਵਧ ਰਹੇ ਹਨ। ਅਜਿਹੇ ਨਾਜ਼ੁਕ ਸਮੇਂ ਪੰਥਕ ਸ਼ਕਤੀ ਨੂੰ ਮਜਬੂਤ ਕਰਨ ਦੀ ਬਜਾਏ ਜਥੇਦਾਰ ਅਜਿਹੇ ਹਾਲਾਤ ਪੈਦਾ ਕਰ ਰਹੇ ਹਨ, ਜਿਸ ਨਾਲ ਪੰਥਕ ਸ਼ਕਤੀ ਖੇਰੂੰ-ਖੇਰੂੰ ਹੋ ਰਹੀ ਹੈ।" ਪਰ ਦੂਜੇ ਪਾਸੇ, ਵਿਰੋਧੀਆਂ ਵੱਲੋਂ ਇਹ ਸਵਾਲ ਵੀ ਖੜ੍ਹਾ ਕੀਤਾ ਜਾ ਰਿਹਾ ਹੈ ਕਿ ਜੇ ਜਥੇਦਾਰ ਸਾਹਿਬ ਯੋਗ ਨਹੀਂ ਹਨ ਤਾਂ ਉਨ੍ਹਾਂ ਨੂੰ ਸ੍ਰੀ ਦਰਬਾਰ ਸਾਹਿਬ ਦੇ ਹੈਡ ਗ੍ਰੰਥੀ ਕਿਉਂ ਰਹਿਣ ਦਿੱਤਾ ਗਿਆ ਹੈ? ਜਥੇਦਾਰ ਸਾਹਿਬਾਨ ਨੂੰ ਅਹੁਦੇ ਤੋਂ ਫਾਰਗ ਕਰਨ ਦਾ ਸ਼੍ਰੋਮਣੀ ਕਮੇਟੀ ਦੇ ਸਿਰਫ ਚਾਰ ਮੈਂਬਰਾਂ ਵੱਲੋਂ ਵਿਰੋਧ ਕੀਤਾ ਗਿਆ। ਇਨ੍ਹਾਂ ਵਿੱਚ ਭਾਈ ਜਸਵੰਤ ਸਿੰਘ ਪੁੜੈਣ, ਜਨਰਲ ਸਕੱਤਰ ਸ਼ੇਰ ਸਿੰਘ ਮੰਡਵਾਲਾ, ਭਾਈ ਪਰਮਜੀਤ ਸਿੰਘ ਰਾਏਪੁਰ ਅਤੇ ਅਮਰੀਕ ਸਿੰਘ ਵਿਛੋਆ ਸ਼ਾਮਲ ਹਨ।

ਨਵੇਂ ਨਿਯੁਕਤ ਕੀਤੇ ਗਏ ਜਥੇਦਾਰ ਕੁਲਦੀਪ ਸਿੰਘ ਗੜਗੱਜ ਇਤਿਹਾਸ ਵਿੱਚ ਪੋਸਟ ਗਰੈਜੂਏਟ ਹਨ ਅਤੇ ਉਨ੍ਹਾਂ ਸਿੱਖ ਮਿਸ਼ਨਰੀ ਕਾਲਜ ਤੋਂ ਵੀ ਵਿਦਿਆ ਪ੍ਰਾਪਤ ਕੀਤੀ ਹੈ। ਉਹ ਅੰਮ੍ਰਿਤਸਰ ਜਿਲ੍ਹੇ ਦੇ ਪਿੰਡ ਜੱਬੋਵਾਲ ਦੇ ਵਸਨੀਕ ਹਨ ਅਤੇ ਪਿਛਲੇ ਤਿੰਨ ਸਾਲ ਤੋਂ ਗੁਰਦੁਆਰਾ ਮੰਜੀ ਸਾਹਿਬ ਵਿਖੇ ਕਥਾਵਾਚਕ ਵਜੋਂ ਸੇਵਾਵਾਂ ਨਿਭਾਅ ਰਹੇ ਹਨ। ਉਹ ਦਿੱਲੀ ਦੇ ਸਿੱਖ ਆਗੂ ਪਰਮਜੀਤ ਸਿੰਘ ਸਰਨਾ ਦੇ ਧਾਰਮਿਕ ਸਲਾਹਕਾਰ ਵੀ ਰਹੇ ਹਨ।

ਇਸੇ ਦਰਮਿਆਨ ਸੁਖਬੀਰ ਸਿੰਘ ਬਾਦਲ ਦੇ ਨਜ਼ਦੀਕੀ ਰਿਸ਼ਤੇਦਾਰ ਬਿਕਰਮਜੀਤ ਸਿੰਘ ਮਜੀਠੀਆ ਨੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੂੰ ਹਟਾਉਣ ਦੀ ਨਿਖੇਧੀ ਕੀਤੀ ਹੈ ਅਤੇ ਅਕਾਲੀ ਦਲ ਵਿੱਚ ਏਕਤਾ ਬਣਾਏ ਰੱਖਣ ਦੀ ਅਪੀਲ ਕੀਤੀ ਹੈ। ਉਨ੍ਹਾਂ ਦੇ ਨਾਲ ਮਾਝੇ ਦੇ ਕਈ ਹੋਰ ਨੌਜਵਾਨ ਆਗੂਆਂ ਨੇ ਵੀ ਜਥੇਦਾਰ ਨੂੰ ਹਟਾਏ ਜਾਣ ਦਾ ਵਿਰੋਧ ਕੀਤਾ। ਇਸ ਫੈਸਲੇ ਦੀ ਔਖ ਵਿੱਚੋਂ ਹੀ ਸ਼੍ਰੋਮਣੀ ਅਕਾਲੀ ਦਲ ਰੋਪੜ ਦੇ ਪ੍ਰਧਾਨ ਨੇ ਅਸਤੀਫਾ ਦੇ ਦਿੱਤਾ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਵੀ ਜਥੇਦਾਰ ਗਿਆਨੀ ਰਘਬੀਰ ਸਿੰਘ ਨੂੰ ਹਟਾਏ ਜਾਣ ਦੀ ਨਿਖੇਧੀ ਕੀਤੀ ਹੈ। ਸ. ਲੌਂਗੋਵਾਲ ਨੇ ਕਿਹਾ ਕਿ ਜਿਸ ਢੰਗ ਨਾਲ ਸ਼੍ਰੋਮਣੀ ਕਮੇਟੀ ਅਤੇ ਅਕਾਲੀ ਦਲ ਵੱਲੋਂ ਜਥੇਦਾਰ ਖਿਲਾਫ ਕਾਰਵਾਈ ਕੀਤੀ ਗਈ ਹੈ, ਉਸ ਨੇ ਉਨ੍ਹਾਂ ਦੇ ਦਿਲ ਨੂੰ ਦੁਖੀ ਕੀਤਾ ਹੈ। ਇਸ ਤੋਂ ਇਲਾਵਾ ਸਾਬਕਾ ਕੈਬਨਿਟ ਮੰਤਰੀ ਸੁਰਨਜੀਤ ਸਿੰਘ ਢਿੱਲੋਂ, ਕੋਰ ਕਮੇਟੀ ਮੈਂਬਰ ਲਖਬੀਰ ਸਿੰਘ ਲੋਧੀ ਨੰਗਲ, ਅਜਨਾਲਾ ਦੇ ਹਲਕਾ ਇੰਚਾਰਜ ਜੋਧ ਸਿੰਘ ਸਮਰਾ, ਹਲਕਾ ਮੁਕੇਰੀਆਂ ਦੇ ਇੰਚਾਰਜ ਸਰਬਜੋਤ ਸਿੰਘ ਸਾਬੀ, ਜ਼ਿਲ੍ਹਾ ਗੁਰਦਾਸਪੁਰ ਦੇ ਪ੍ਰਧਾਨ ਰਮਨਦੀਪ ਸਿੰਘ ਸੰਧੂ ਅਤੇ ਯੂਥ ਅਕਾਲੀ ਦਲ ਦੇ ਆਗੂ ਸਿਮਰਨਜੀਤ ਸਿੰਘ ਢਿੱਲੋਂ ਨੇ ਵੀ ਜਥੇਦਾਰ ਗਿਆਨੀ ਰਘਬੀਰ ਸਿੰਘ ਨੂੰ ਹਟਾਏ ਜਾਣ 'ਤੇ ਨਾਰਾਜ਼ਗੀ ਜਾਹਰ ਕੀਤੀ ਹੈ। ਇਸ ਤੋਂ ਇਲਾਵਾ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਜਥੇਦਾਰ ਵਿਰੁਧ ਕਾਰਵਾਈ ਦਾ ਵਿਰੋਧ ਕੀਤਾ ਹੈ। ਉਨ੍ਹਾਂ ਕਿਹਾ ਕਿ "ਨਾ ਘਸੁੰਨ ਮਾਰਦਾ ਹੈ ਨਾ ਲੱਤ ਮਾਰਦਾ ਹੈ, ਪ੍ਰਮਾਤਮਾ ਜਦੋਂ ਮਾਰਦਾ ਹੈ ਤਾਂ ਮੱਤ ਮਾਰਦਾ ਹੈ।" ਖਾਲਸਾ ਦੀਵਾਨ ਦੇ ਆਗੂ ਸ. ਇੰਦਰਬੀਰ ਸਿੰਘ ਨਿੱਝਰ ਅਤੇ ਬਾਗੀ ਧੜੇ ਦੇ ਅਕਾਲੀ ਆਗੂ ਸ. ਸੁਖਦੇਵ ਸਿੰਘ ਢੀਂਡਸਾ ਨੇ ਵੀ ਜਥੇਦਾਰ ਨੂੰ ਅਹੁਦੇ ਤੋਂ ਵੱਖ ਕਰਨ ਦੀ ਕਾਰਵਾਈ ਨੂੰ ਮੰਦਭਾਗਾ ਆਖ ਕੇ ਨਿੰਦਿਆ ਹੈ।



ਨਵ-ਨਿਯੁਕਤ ਜਥੇਦਾਰ ਕੁਲਦੀਪ ਸਿੰਘ ਗੜਗੱਜ

ਲਗਦਾ ਇਹ ਹੈ ਕਿ ਅਕਾਲੀ ਦਲ ਵਿੱਚ 2 ਦਸੰਬਰ ਦੇ ਹੁਕਮਨਾਮੇ ਨੂੰ ਮੁਕੰਮਲ ਰੂਪ ਵਿੱਚ ਸਵੀਕਾਰ ਕਰਨ 'ਤੇ ਚੱਲ ਰਹੀ ਕਸ਼ਮਕਸ਼ ਹੁਣ ਫੁੱਟ ਕੇ ਬਾਹਰ ਆਉਣ ਲੱਗੀ ਹੈ। ਇਹ ਰੁਝਾਨ ਇੱਥੇ ਹੀ ਰੁਕ ਜਾਂਦਾ ਹੈ ਜਾਂ ਹੋਰ ਵੀ ਤੇਜ਼ੀ ਨਾਲ ਅੱਗੇ ਵਧਦਾ ਹੈ, ਇਸ 'ਤੇ ਅਕਾਲੀ ਦਲ (ਬ) ਦੀ ਹੋਂਦ ਹਸਤੀ ਦਾ ਦਾਰੋ-ਮਦਾਰ ਨਿਰਭਰ ਕਰੇਗਾ। ਇਹ ਵਰਤਾਰੇ ਕੀ ਰੁਖ ਲੈਂਦੇ ਹਨ, ਇਸ ਦਾ ਪਤਾ ਆਉਣ ਵਾਲੇ ਕੁਝ ਦਿਨਾਂ ਵਿੱਚ ਲੱਗੇਗਾ। ਉਂਝ ਬਿਕਰਮ ਸਿੰਘ ਮਜੀਠੀਆ ਵੱਲੋਂ ਆ ਰਹੇ ਵਿਰੋਧ ਦੀ ਅਕਾਲੀ ਦਲ ਦੇ ਕਾਰਜਕਾਰੀ ਪ੍ਰਧਾਨ ਬਲਵਿੰਦਰ ਸਿੰਘ ਭੂੰਦੜ ਨੇ ਜ਼ੋਰਦਾਰ ਨਿਖੇਧੀ ਕੀਤੀ ਹੈ। ਉਨ੍ਹਾਂ ਕਿਹਾ ਕਿ ਮਜੀਠੀਆ ਅਤੇ ਉਨ੍ਹਾਂ ਨਾਲ ਕਈ ਹੋਰ ਅਕਾਲੀ ਆਗੂਆਂ ਦੇ ਬਿਆਨ ਨੇ ਪਾਰਟੀ ਦੇ ਸੀਨੀਅਰ ਆਗੂਆਂ ਨੂੰ ਗੰਭੀਰ ਠੇਸ ਪਹੁੰਚਾਈ ਹੈ। ਬਲਵਿੰਦਰ ਸਿੰਘ ਭੂੰਦੜ ਨੇ ਆਪਣੇ ਇੱਕ ਲਿਖਤੀ ਬਿਆਨ ਵਿੱਚ ਕਿਹਾ ਕਿ ਮਜੀਠੀਆ ਨੇ ਉਸ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਫੈਸਲੇ 'ਤੇ ਸੁਆਲ ਚੁੱਕ ਕੇ ਗਲਤ ਕੀਤਾ ਹੈ, ਜਿਸ ਦੇ ਪਹਿਲੇ ਪ੍ਰਧਾਨ ਉਨ੍ਹਾਂ ਦੇ ਪੜਦਾਦਾ ਸ. ਸੁੰਦਰ ਸਿੰਘ ਮਜੀਠੀਆ ਬਣੇ ਸਨ। ਸ. ਭੂੰਦੜ ਨੇ ਇੱਥੋਂ ਤੱਕ ਕਿਹਾ ਕਿ ਸੁਖਬੀਰ ਸਿੰਘ ਬਾਦਲ ਨੇ ਮਜੀਠੀਆ ਦੀ ਹਮੇਸ਼ਾ ਪਿੱਠ ਥਾਪੜੀ ਹੈ, ਪਰ ਅੱਜ ਬਿਕਰਮ ਨੇ ਉਨ੍ਹਾਂ ਦੀ ਪਿੱਠ ਵਿੱਚ ਛੁਰਾ ਮਾਰਿਆ ਹੈ। ਉਂਝ ਬਾਅਦ ਵਿੱਚ ਬਲਵਿੰਦਰ ਸਿੰਘ ਭੂੰਦੜ ਨੇ ਆਪਣਾ ਇਹ ਬਿਆਨ ਅੱਧ-ਪਚੱਧੇ ਰੂਪ ਵਿੱਚ ਵਾਪਸ ਲੈ ਲਿਆ ਅਤੇ ਆਖਿਆ ਕਿ 'ਪਿੱਠ ਵਿੱਚ ਛੁਰਾ ਮਾਰਨ' ਵਰਗੀ ਸ਼ਬਦਾਵਲੀ ਉਨ੍ਹਾਂ ਦੀ ਨਹੀਂ ਹੈ, ਪਰ ਉਨ੍ਹਾਂ ਸਵੀਕਾਰ ਕੀਤਾ ਕਿ ਬਿਆਨ ਉਨ੍ਹਾਂ ਨੂੰ ਪੁੱਛ ਕੇ ਦਿੱਤਾ ਗਿਆ ਹੈ।

ਅਸਲ ਵਿੱਚ ਅਕਾਲੀ ਦਲ (ਬਾਦਲ) ਦੀ ਅਗਵਾਈ ਵਾਲੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅੰਤਰਿੰਗ ਕਮੇਟੀ ਦੇ ਇਸ ਫੈਸਲੇ ਨਾਲ ਬੀਤੀ 7 ਮਾਰਚ ਨੂੰ ਜਥੇਦਾਰ ਗਿਆਨੀ ਰਘਬੀਰ ਸਿੰਘ ਅਤੇ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਸੁਲਤਾਨ ਸਿੰਘ ਨੂੰ ਆਪੋ ਆਪਣੇ ਅਹੁਦਿਆਂ ਤੋਂ ਵੱਖ ਕਰ ਦਿੱਤਾ ਗਿਆ ਸੀ। ਗਿਆਨੀ ਰਘਬੀਰ ਸਿੰਘ ਦੀ ਥਾਂ ਇੱਕ ਸਿੱਖ ਪ੍ਰਚਾਰਕ ਗਿਆਨੀ ਕੁਲਦੀਪ ਸਿੰਘ ਗੜਗੱਜ ਨੂੰ ਸ੍ਰੀ ਕੇਸਗੜ੍ਹ ਸਾਹਿਬ ਦਾ ਜਥੇਦਾਰ ਨਿਯੁਕਤ ਕਰ ਦਿੱਤਾ ਗਿਆ ਹੈ। ਇਸ ਦੇ ਨਾਲ ਉਨ੍ਹਾਂ ਨੂੰ ਅਕਾਲ ਤਖਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਦਾ ਵਾਧੂ ਚਾਰਜ ਵੀ ਦਿੱਤਾ ਗਿਆ ਹੈ। ਉਹ ਦਿੱਲੀ ਦੇ ਸਿੱਖ ਆਗੂ ਅਤੇ ਸਨਅਤਕਾਰ ਪਰਮਜੀਤ ਸਿੰਘ ਸਰਨਾ ਦੇ ਨਜ਼ਦੀਕ ਸਮਝੇ ਜਾਂਦੇ ਹਨ। ਉਨ੍ਹਾਂ ਦੀ ਨਿਯੁਕਤੀ ਇਸ ਪਾਸੇ ਤੋਂ ਹੋਈ ਨਾਮਜ਼ਦਗੀ ਨਾਲ ਹੀ ਹੋਈ ਲਗਦੀ ਹੈ।

ਇਸੇ ਤਰ੍ਹਾਂ ਅਕਾਲੀ ਦਲ ਦੇ ਇੱਕ ਆਗੂ ਸੰਤ ਟੇਕ ਸਿੰਘ ਧਨੌਲਾ ਨੂੰ ਸ੍ਰੀ ਦਮਦਮਾ ਸਾਹਿਬ ਦਾ ਐਕਟਿੰਗ ਜਥੇਦਾਰ ਨਿਯੁਕਤ ਕਰ ਦਿੱਤਾ ਗਿਆ ਹੈ। ਧਾਰਮਿਕ ਖੇਤਰ ਨਾਲ ਉਨ੍ਹਾਂ ਦਾ ਜ਼ਿਆਦਾ ਵਾਹ ਵਾਸਤਾ ਨਹੀਂ ਰਿਹਾ। ਉਨ੍ਹਾਂ ਦਾ ਨਾਂ ਜਥੇਦਾਰ ਵਜੋਂ ਸਾਹਮਣੇ ਆਉਣ 'ਤੇ ਕਈ ਕਿਸਮ ਦੀਆਂ ਵੀਡੀਉਜ਼ ਵਾਇਰਲ ਹੋ ਰਹੀਆਂ ਹਨ। ਜਥੇਦਾਰਾਂ ਨੂੰ ਬੇਪੱਤ ਕਰਕੇ ਅਹੁਦਿਆਂ ਤੋਂ ਵੱਖ ਕਰਨ ਦੇ ਇਸ ਘਟਨਾਕ੍ਰਮ ਦਰਮਿਆਨ ਦਲ ਖਾਲਸਾ ਸਮੇਤ ਕਈ ਸਿੱਖ ਜਥੇਬੰਦੀਆਂ ਅਕਾਲ ਤਖਤ ਸਾਹਿਬ ਦੇ ਜਥੇਦਾਰ ਦੀ ਨਿਯੁਕਤੀ ਲਈ ਇੱਕ ਸਰਬਪ੍ਰਵਾਨਿਤ ਵਿਧੀ ਵਿਧਾਨ ਘੜਨ ਦੀ ਵਕਾਲਤ ਕਰ ਰਹੀਆਂ ਹਨ।

ਇਸ ਘਟਨਾਕ੍ਰਮ ਨੇ ਪਾਰਲੀਮਾਨੀ ਸਿੱਖ ਸਿਆਸਤ ਦੇ ਸੰਕਟ ਨੂੰ ਹੋਰ ਵੀ ਡੂੰਘਾ ਕਰ ਦਿੱਤਾ ਹੈ। ਇਸ ਨਾਲ ਦੋ ਕਿਸਮ ਦੇ ਅਕਾਲੀ ਦਲਾਂ ਵਿਚਕਾਰ ਸਪਸ਼ਟ ਪਾਲਬੰਦੀ ਹੋਣ ਦੀ ਸੰਭਾਵਨਾ ਬਣ ਗਈ ਹੈ। ਇੱਕ ਪਾਸੇ ਉਹ ਹਨ, ਜਿਹੜੇ ਆਪਣੇ ਸਿਆਸੀ ਮਾਮਲਿਆਂ ਵਿੱਚ ਅਕਾਲ ਤਖਤ ਸਾਹਿਬ ਦੇ ਦਖਲ ਨੂੰ ਸਵੀਕਾਰ ਨਹੀਂ ਕਰਦੇ ਹਨ; ਦੂਜੇ ਪਾਸੇ ਉਹ ਹਨ, ਜਿਹੜੇ ਆਪਣੀ ਸਿਆਸਤ ਨੂੰ ਅਕਾਲ ਤਖਤ ਸਾਹਿਬ ਦੀ ਤਾਬਿਆ ਵਿੱਚ ਅੱਗੇ ਤੋਰਨਾ ਚਾਹੁੰਦੇ ਹਨ। ਅਕਾਲੀ ਦਲ (ਬਾਦਲ) ਦੇ ਅੰਦਰੋਂ ਜਥੇਦਾਰ ਨੂੰ ਹਟਾਏ ਜਾਣ ਦਾ ਵਿਰੋਧ ਹੋਣ ਨਾਲ ਸਥਿਤੀ ਹੋਰ ਵਿਸਫੋਟਕ ਹੋਣ ਦੇ ਆਸਾਰ ਬਣ ਗਏ ਹਨ। ਇਹ ਹਾਲਾਤ ਦੋਹਾਂ ਅਕਾਲੀ ਧੜਿਆਂ ਨੂੰ ਆਪਸੀ ਏਕਤਾ ਵੱਲ ਵੀ ਧੱਕ ਸਕਦੇ ਹਨ, ਪਰ ਅਕਾਲੀ ਦਲ ਵਿੱਚ ਚੱਲੀ ਇਸ ਖਿੱਚੋਤਾਣ ਨੇ ਬਾਦਲ ਪਰਿਵਾਰ ਵਿੱਚ ਵੀ ਦੁਫੇੜ ਖੜ੍ਹੀ ਕਰ ਦਿੱਤੀ ਹੈ।

ਇਸੇ ਘਮਸਾਣ ਵਿੱਚ ਗਿਆਨੀ ਹਰਪ੍ਰੀਤ ਸਿੰਘ ਨੂੰ ਦਮਦਮਾ ਸਾਹਿਬ ਦੀ ਜਥੇਦਾਰੀ ਤੋਂ ਹਟਾਇਆ ਗਿਆ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਪਹਿਲਾਂ ਹੀ ਆਪਣੇ ਅਹੁਦੇ ਤੋਂ ਅਸਤੀਫਾ ਦੇ ਚੁੱਕੇ ਹਨ। ਅਕਾਲੀ ਆਗੂਆਂ ਤੋਂ ਇਲਾਵਾ ਅਕਾਲ ਤਖਤ ਸਾਹਿਬ ਦੇ ਜਥੇਦਾਰ ਵੱਲੋਂ ਉਨ੍ਹਾਂ ਨੂੰ ਆਪਣਾ ਅਹੁਦਾ ਵਾਪਸ ਲੈਣ ਦੀਆਂ ਕੀਤੀਆਂ ਗਈਆਂ ਅਪੀਲਾਂ ਦੇ ਬਾਵਜੂਦ ਉਨ੍ਹਾਂ ਆਪਣਾ ਅਸਤੀਫਾ ਵਾਪਸ ਨਹੀਂ ਲਿਆ ਅਤੇ ਨਾ ਹੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅੰਤਰਿੰਗ ਕਮੇਟੀ ਵੱਲੋਂ ਇਹ ਅਸਤੀਫਾ ਮਨਜ਼ੂਰ ਕੀਤਾ ਗਿਆ ਹੈ। ਉਨ੍ਹਾਂ ਦੇ ਅਸਤੀਫੇ ਨੂੰ ਪੈਂਡਿੰਗ ਰੱਖ ਲਿਆ ਗਿਆ ਹੈ। ਇਹ ਵੀ ਜ਼ਿਕਰਯੋਗ ਹੈ ਕਿ ਅਕਾਲ ਤਖਤ ਸਾਹਿਬ ਵੱਲੋਂ ਨਿਯੁਕਤ ਕੀਤੀ ਗਈ ਪੰਜ ਮੈਂਬਰੀ ਕਮੇਟੀ ਨੇ 18 ਮਾਰਚ ਤੋਂ ਆਪਣੀ ਨਵੀਂ ਭਰਤੀ ਸ਼ੁਰੂ ਕਰਨ ਦਾ ਐਲਾਨ ਕੀਤਾ ਹੋਇਆ ਹੈ। ਇਸ ਦੇ ਆਰੰਭ ਮੌਕੇ ਅੰਮ੍ਰਿਤਸਰ ਵਿੱਚ ਇੱਕ ਵੱਡਾ ਇਕੱਠ ਕਰਨ ਦਾ ਵੀ ਫੈਸਲਾ ਕੀਤਾ ਗਿਆ ਹੈ।







# ਭਾਰਤੀ ਕ੍ਰਿਕਟ ਟੀਮ ਨੇ ਚੈਂਪੀਅਨਜ਼ ਟਰਾਫੀ ਟੂਰਨਾਮੈਂਟ ਜਿੱਤਿਆ

**ਪੰਜਾਬੀ ਪਰਵਾਜ਼ ਬਿਊਰੋ**

**ਦੁਬਈ ਦੇ ਇੰਟਰਨੈਸ਼ਨਲ ਸਟੇਡੀਅਮ ਵਿੱਚ ਹੋਇਆ ਫਾਈਨਲ ਮੈਚ*

**ਕ੍ਰਿਕਟ ਟੀਮ ਦੀ ਜਿੱਤ 'ਤੇ ਹਿੰਦੁਸਤਾਨ 'ਚ ਜਸ਼ਨ ਵਰਗਾ ਮਾਹੌਲ*



ਭਾਰਤੀ ਕ੍ਰਿਕਟ ਟੀਮ ਜੇਤੂ ਟਰਾਫੀ ਨਾਲ

ਦੁਨੀਆਂ ਭਰ ਦੀ ਭ੍ਰਿਸ਼ਟ ਕਮਾਈ ਨਾਲ ਆਫਰੇ ਹੋਏ ਸ਼ੇਖਾਂ ਦੇ ਮੁਲਕ ਦੁਬਈ ਦੀ ਲਿਸ਼ਕ-ਪੁਸ਼ਕ, ਆਪਣੇ ਨਾਲ ਮਿਲਦੀ-ਜੁਲਦੀ ਗਲੈਮਰਸ ਖੇਡ ਕ੍ਰਿਕਟ ਦੇ ਜਲਵੇ ਨਾਲ ਲੰਘੇ ਐਤਵਾਰ ਜਗਮਗਾ ਉੱਠੀ। ਫਸਵੇਂ ਫਾਈਨਲ ਮੁਕਾਬਲੇ ਵਿੱਚ ਭਾਰਤ ਨੇ ਨਿਊਜ਼ੀਲੈਂਡ ਦੀ ਟੀਮ ਨੂੰ 4 ਵਿਕਟਾਂ ਨਾਲ ਮਾਤ ਦਿੱਤੀ ਤੇ ਚੈਂਪੀਅਨਸ਼ਿਪ ਜਿੱਤ ਲਈ। ਨਿਊਜ਼ੀਲੈਂਡ ਦੀ ਟੀਮ ਨੇ 7 ਵਿਕਟਾਂ ਗੁਆ ਕੇ 251 ਰਨ ਬਣਾਏ, ਜਦਕਿ ਭਾਰਤ ਨੇ ਆਪਣੀਆਂ 6 ਵਿਕਟਾਂ ਗੁਆ ਕੇ ਇਹ ਟੀਚਾ ਪਾਰ ਕਰ ਲਿਆ ਤੇ ਸਾਰਾ ਸਟੇਡੀਅਮ ਖੁਸ਼ੀ ਨਾਲ ਝੂਮ ਉੱਠਿਆ।

ਨਿਊਜ਼ੀਲੈਂਡ ਵੱਲੋਂ ਟਾਸ ਜਿੱਤਣ ਤੋਂ ਬਾਅਦ ਪਹਿਲਾਂ ਬੈਟਿੰਗ ਕਰਨ ਦਾ ਫੈਸਲਾ ਕੀਤਾ ਗਿਆ ਅਤੇ ਟੀਮ ਨੇ ਆਪਣੀਆਂ 7 ਵਿਕਟਾਂ ਗੁਆ ਕੇ 251 ਦੌੜਾਂ ਬਣਾਈਆਂ। ਨਿਊਜ਼ੀਲੈਂਡ ਵੱਲੋਂ ਭਾਰਤੀ ਮੂਲ ਦੇ ਖਿਡਾਰੀ ਰਚਿਨ ਰਵਿੰਦਰਨ ਨੇ 37, ਡੈਰਿਲ ਮਿਚਲ ਨੇ 63 ਅਤੇ ਕਪਤਾਨ ਮਿਚਲ ਸੈਂਟਨਰ ਨੇ 53 ਦੌੜਾਂ ਦਾ ਯੋਗਦਾਨ ਦਿੱਤਾ।

ਭਾਰਤ ਵੱਲੋਂ ਇਹ ਟੀਚਾ 49 ਓਵਰਾਂ ਵਿੱਚ 6 ਵਿਕਟਾਂ ਗੁਆ ਕੇ ਪੂਰਾ ਕਰ ਲਿਆ ਗਿਆ। ਭਾਰਤ ਦੀ ਸ਼ੁਰੂਆਤ ਸ਼ਾਨਦਾਰ ਰਹੀ। ਸ਼ੁਭਮਨ ਗਿੱਲ ਅਤੇ ਰੋਹਿਤ ਸ਼ਰਮਾ ਨੇ ਮਿਲ ਕੇ 102 ਰਨ ਬਣਾਏ, ਪਰ ਇਸ ਤੋਂ ਬਾਅਦ ਸ਼ੁਭਮਨ 31 ਦੇ ਨਿੱਜੀ ਸਕੋਰ 'ਤੇ ਅਤੇ ਕੋਹਲੀ 2 ਦੌੜਾਂ ਬਣਾ ਕੇ ਆਊਟ ਹੋ ਗਏ। ਰੋਹਿਤ ਸ਼ਰਮਾ ਵੀ 76 ਦੌੜਾਂ ਦੇ ਨਿੱਜੀ ਸਕੋਰ 'ਤੇ ਆਊਟ ਹੋ ਗਏ। ਇਸ ਮੌਕੇ ਲੱਗਣ ਲੱਗਾ ਸੀ ਕਿ ਭਾਰਤ ਮੁਸ਼ਕਲ ਵਿੱਚ ਫਸ ਸਕਦਾ ਹੈ। ਉਪਰੋਕਤ ਖਿਡਾਰੀਆਂ ਦੇ ਆਊਟ ਹੋਣ ਤੋਂ ਬਾਅਦ ਐਸ. ਅੱਈਅਰ, ਕੇ.ਐਲ. ਰਾਹੁਲ ਤੇ ਅਕਸ਼ਰ ਪਟੇਲ ਨੇ ਭਾਰਤ ਨੂੰ ਟੀਚਾ ਪਾਰ ਕਰਨ ਵਿੱਚ ਤਕੜੀ ਮਦਦ ਕੀਤੀ। ਇਨ੍ਹਾਂ ਤਿੰਨਾਂ ਨੇ ਕ੍ਰਮਵਾਰ 48, 34 ਅਤੇ 29 ਦੌੜਾਂ ਦਾ ਯੋਗਦਾਨ ਦਿੱਤਾ। ਹਾਰਦਿਕ ਪਾਂਡਿਯਾ ਨੇ 18 ਅਤੇ ਜਡੇਜਾ ਨੇ 9 ਦੌੜਾਂ ਬਣਾਈਆਂ।

ਟੂਰਨਾਮੈਂਟ ਦੇ ਫਾਈਨਲ ਮੈਚ ਦਾ ਟਾਸ ਨਿਊਜ਼ੀਲੈਂਡ ਨੇ ਜਿੱਤਿਆ, ਪਰ ਮੁਕਾਬਲਾ ਹਿੰਦੁਸਤਾਨ ਨੇ। ਮੈਚ ਜਿੱਤਣ ਦੇ ਨਾਲ ਹੀ ਰੋਹਿਤ ਸ਼ਰਮਾ ਦੀ ਅਗਵਾਈ ਵਾਲੀ ਇਸ ਟੀਮ ਨੇ ਲਗਾਤਾਰ ਦੂਜੀ ਵਾਰ ਇਹ ਚੈਂਪੀਅਨਸ਼ਿੱਪ ਵੀ ਜਿੱਤ ਲਈ। ਇਸ ਤੋਂ ਪਹਿਲਾਂ ਭਾਰਤ 2023 ਦਾ ਟੀ-20 ਸੰਸਾਰ ਕੱਪ ਵੀ ਜਿੱਤ ਚੁੱਕਾ ਹੈ। ਸਾਲ 2000 ਦੀ ਚੈਂਪੀਅਨਸ ਟਰਾਫੀ ਵਿੱਚ ਵੀ ਇਨ੍ਹਾਂ ਦੋਹਾਂ ਟੀਮਾਂ ਵਿਚਕਾਰ ਹੀ ਫਾਈਨਲ ਮੁਕਾਬਲਾ ਹੋਇਆ ਸੀ, ਪਰ ਉਦੋਂ ਨਿਊਜ਼ੀਲੈਂਡ ਦੀ ਟੀਮ ਭਾਰਤ ਨੂੰ ਹਰਾ ਕੇ ਚੈਂਪੀਅਨ ਬਣੀ ਸੀ। ਇੰਜ 25 ਸਾਲ ਬਾਅਦ ਭਾਰਤੀ ਟੀਮ ਨੇ ਨਿਊਜ਼ੀਲੈਂਡ ਨੂੰ ਹਰਾ ਕੇ ਹਿਸਾਬ ਬਰਾਬਰ ਕੀਤਾ ਹੈ। ਸਾਲ 2002 ਵਿੱਚ ਭਾਰਤ ਅਤੇ ਸ੍ਰੀਲੰਕਾ ਦੀਆਂ ਟੀਮਾਂ ਸਾਂਝੀਆਂ ਜੇਤੂ ਰਹੀਆਂ ਸਨ।

ਤਾਜ਼ਾ ਜਿੱਤ ਨਾਲ ਭਾਰਤੀ ਟੀਮ ਨੂੰ 2.24 ਮਿਲੀਅਨ ਡਾਲਰ (19.48 ਕਰੋੜ) ਦੀ ਇਨਾਮੀ ਰਾਸ਼ੀ ਮਿਲੀ ਹੈ। ਦੂਜੇ ਨੰਬਰ 'ਤੇ ਰਹਿਣ ਵਾਲੀ ਨਿਊਜ਼ੀਲੈਂਡ ਦੀ ਟੀਮ ਨੇ 1.12 ਮਿਲੀਅਨ ਡਾਲਰ ਦੀ ਰਾਸ਼ੀ ਜਿੱਤੀ। ਮਹਿੰਦਰ ਸਿੰਘ ਧੋਨੀ ਤੋਂ ਬਾਅਦ ਰੋਹਿਤ ਸ਼ਰਮਾ ਟੀ-20 ਅਤੇ ਇੱਕ ਰੋਜ਼ਾ, ਦੋਨੋ ਖਿਤਾਬ ਜਿੱਤਣ ਵਾਲੇ ਦੂਜੇ ਕਪਤਾਨ ਬਣ ਗਏ ਹਨ। ਮੈਚ ਜਿੱਤਣ ਤੋਂ ਬਾਅਦ ਭਾਰਤੀ ਟੀਮ ਦੇ ਕਪਤਾਨ ਰੋਹਿਤ ਸ਼ਰਮਾ ਨੇ ਕਿਹਾ ਕਿ ਦੇਸ਼ ਦੇ ਲੋਕਾਂ ਨੂੰ ਸਾਡੇ ਕੋਲੋਂ ਬਹੁਤ ਵੱਡੀਆਂ ਆਸਾਂ ਸਨ, ਪਰ ਸਾਡੇ ਬਾਲਰਾਂ (ਸਪਿੰਨਰਾਂ) ਨੇ ਸਾਨੂੰ ਨਿਰਾਸ਼ ਨਹੀਂ ਕੀਤਾ। ਇਹ ਮੈਚ ਆਸਾਨ ਬਿਲਕੁਲ ਨਹੀਂ ਸੀ। ਦੋਹਾਂ ਟੀਮਾਂ ਵਿਚਕਾਰ ਫਸਵੀਂ ਟੱਕਰ ਹੋਈ। 20-25 ਸਕੋਰ ਹੋਰ ਜ਼ਿਆਦਾ ਹੁੰਦੇ ਤਾਂ ਭਾਰਤ ਲਈ ਮੁਸ਼ਕਲ ਖੜ੍ਹੀ ਹੋ ਸਕਦੀ ਸੀ। ਨਿਊਜ਼ੀਲੈਂਡ ਦੀ ਟੀਮ ਨੇ ਅੰਤ ਤੱਕ ਸੰਘਰਸ਼ ਕੀਤਾ। ਸ਼ੁਭਮਨ ਗਿੱਲ, ਰੋਹਿਤ ਸ਼ਰਮਾ ਅਤੇ ਵਿਰਾਟ ਕੋਹਲੀ ਜਦੋਂ ਥੋੜ੍ਹੇ ਜਿਹੇ ਸਮੇਂ ਵਿੱਚ ਹੀ ਆਊਟ ਹੋ ਗਏ ਤਾਂ ਭਾਰਤੀ ਕੋਚਿੰਗ ਸਟਾਫ ਦੇ ਚਿਹਰਿਆਂ 'ਤੇ ਚਿੰਤਾ ਦੀਆਂ ਲਕੀਰਾਂ ਸਾਫ ਦਿਸਣ ਲੱਗ ਪਈਆਂ ਸਨ, ਪਰ ਬਾਅਦ ਦੇ ਭਾਰਤੀ ਬੱਲੇਬਾਜ਼ਾਂ ਨੇ ਸਥਿਤੀ ਨੂੰ ਸੰਭਾਲ ਲਿਆ।


ਜੇਤੂ ਸ਼ਾਟ ਆਲ ਰਾਊਂਡਰ ਖਿਡਾਰੀ ਰਵਿੰਦਰ ਜਦੇਜਾ ਨੇ ਲਗਾਇਆ। ਇਸ ਦੇ ਨਾਲ ਹੀ ਜਸ਼ਨ ਸ਼ੁਰੂ ਹੋ ਗਿਆ ਅਤੇ ਭਾਰਤੀ ਖਿਡਾਰੀ ਪੰਜਾਬੀ ਗਾਇਕ ਦਲੇਰ ਮਹਿੰਦੀ ਦੇ ਗੀਤ 'ਤੇ ਭੰਗੜਾ ਪਾਉਣ ਲੱਗੇ। ਭਾਰਤੀ ਟੀਮ ਦੇ ਕਪਤਾਨ ਰੋਹਿਤ ਸ਼ਰਮਾ ਨੂੰ 'ਮੈਨ ਆਫ ਦਾ ਮੈਚ' ਅਤੇ ਨਿਊਜ਼ੀਲੈਂਡ ਦੇ ਭਾਰਤੀ ਮੂਲ ਦੇ ਖਿਡਾਰੀ ਰਚਿਨ ਰਵਿੰਦਰਨ ਨੂੰ 'ਮੈਨ ਆਫ ਟੂਰਨਾਮੈਂਟ' ਦਾ ਖਿਤਾਬ ਦਿੱਤਾ ਗਿਆ।


ਇੱਥੇ ਜ਼ਿਕਰਯੋਗ ਹੈ ਕਿ ਭਾਰਤ ਨੇ 7 ਵਾਰ ਆਈ.ਸੀ.ਸੀ. ਕੌਮਾਤਰੀ ਕ੍ਰਿਕਟ ਮੁਕਬਲਾ ਜਿੱਤਿਆ ਹੈ। ਭਾਰਤੀ ਟੀਮ ਨੇ ਕਪਿਲ ਦੇਵ ਦੀ ਅਗਾਵਾਈ ਵਿੱਚ 1983 ਵਿੱਚ ਪਹਿਲੀ ਵਾਰ ਸੰਸਾਰ ਕ੍ਰਿਕਟ ਕੱਪ ਜਿੱਤਿਆ ਸੀ। ਉਦੋਂ ਵੈਸਟ ਇੰਡੀਜ਼, ਇੰਗਲੈਂਡ, ਆਸਟਰੇਲੀਆ ਅਤੇ ਨਿਊਜ਼ੀਲੈਂਡ ਵਰਗੀਆਂ ਟੀਮਾਂ ਦੀ ਸੰਸਾਰ ਕ੍ਰਿਕਟ ਵਿੱਚ ਚੜ੍ਹਤ ਹੁੰਦੀ ਸੀ। ਖਾਸ ਕਰਕੇ ਵੈਸਟ ਇੰਡੀਜ਼ ਦੇ ਬਾਲਰਾਂ ਤੋਂ ਦੁਨੀਆਂ ਭਰ ਦੇ ਬੱਲੇਬਾਜ਼ ਖੌਫ ਖਾਂਦੇ ਸਨ। ਇਸੇ ਟੀਮ ਨੂੰ ਹਰਾ ਕੇ ਭਾਰਤ ਨੇ ਫਾਈਨਲ ਜਿੱਤਿਆ ਸੀ। 2011 ਵਿੱਚ ਵੀ ਭਾਰਤ ਨੇ ਇੱਕ ਦਿਨਾ ਫਾਰਮੈਟ ਦਾ ਵਰਲਡ ਕੱਪ ਜਿੱਤਿਆ ਸੀ।

ਇਸ ਤੋਂ ਇਲਾਵਾ 2007 ਅਤੇ 2023 ਦਾ ਟੀ-20 ਕੱਪ ਜਿੱਤਣ ਵਿੱਚ ਵੀ ਭਾਰਤੀ ਕ੍ਰਿਕਟ ਟੀਮ ਕਾਮਯਾਬ ਰਹੀ। ਚੈਂਪੀਅਨਸ ਟਰਾਫੀ ਮੁਕਾਬਲਿਆਂ ਵਿੱਚ ਭਾਰਤ ਤਿੰਨ ਵਾਰ 2002, 2013 ਅਤੇ 2025 ਵਿੱਚ ਖਿਤਾਬ ਜਿੱਤਣ ਵਿੱਚ ਕਾਮਯਾਬ ਰਿਹਾ। ਭਾਰਤ ਦੇ ਰਾਸ਼ਟਰਪਤੀ ਦਰੋਪਦੀ ਮੁਰਮੂ, ਗ੍ਰਹਿ ਮੰਤਰੀ ਅਮਿੱਤ ਸ਼ਾਹ, ਕਾਂਗਰਸ ਦੇ ਪ੍ਰਧਾਨ ਮਲਿਕਾਰੁਜਨ ਖੜਗੇ, ਰਾਹੁਲ ਗਾਂਧੀ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਭਾਰਤੀ ਟੀਮ ਨੂੰ ਇਸ ਸ਼ਾਨਦਾਰ ਜਿੱਤ 'ਤੇ ਮੁਬਾਰਕਬਾਦ ਦਿੱਤੀ ਹੈ।

Prepare for Tomorrow Now With Comprehensive Retirement Planning
Annuities Life Insurance Long-Term Care
Medicare Planning Disability Income

Call Gurpreet Singh
Retirement and Insurance Advisor
Cell: 630-677-6144
Email: Preetisingh@ffig.com
FUTURITY FIRST
Retirement | Life | Health
Futurity First Insurance Group

Atlantis Banquets
1273 North Rand Road, Arlington Heights, IL 60004
Ph: 847-259-0013
Cell: 773-225-4123 / 847-708-4997
atlantisbanquetsrr@gmil.com atlantisbanquet.com
Under New Management With New Glance of Experience.



Features
Luxurious Decor and Ambience
Customize Catering Menu
Spacious Dance Floor
Bridal Suite
Celebrate Your Dream Wedding With Us Elegance and Sophistication at Atlantis Banquets.
ATLANTIS BANQUETS
'ਅਟਲਾਂਟਿਸ ਬੈਂਕੁਇਟਸ' ਵਿੱਚ ਆਪਣੇ ਸੁਪਨਿਆਂ ਦੇ ਵਿਆਹ ਦੇ ਜਸ਼ਨ ਮਨਾਓ
√ Wedding √ Birthdays √ Aameen
√ Mehandi √ Sweet 16 √ Aqeeqa
√ Sangeet √ Graduation √ Corporate
√ Anniversary √ Baby Shower

# ਪੰਜਾਬ ਦਾ ਵਿੱਤੀ ਦਾਰੋਮਦਾਰ ਅਤੇ ਭਾਰੀ ਹੁੰਦੀ ਕਰਜ਼ੇ ਦੀ ਪੰਡ

**ਡਾ. ਕੁਲਵੰਤ ਸਿੰਘ ਫੁੱਲ**

ਪਿਛਲੇ ਕਈ ਸਾਲਾਂ ਤੋਂ ਪੰਜਾਬ ਵਿੱਚ ਸਮੇਂ ਦੀ ਹਰੇਕ ਸੱਤਾਧਾਰੀ ਧਿਰ ਨੇ ਸੌੜੀ ਵੋਟ ਸਿਆਸਤ ਖ਼ਾਤਿਰ ਲੋਕ ਲੁਭਾਉਣੀਆਂ ਮੁਫ਼ਤ ਸਹੂਲਤਾਂ ਦੇ ਕੇ ਸੂਬੇ ਨੂੰ ਕਰਜ਼ਈ ਕਰਨ ਵਿੱਚ ਕੋਈ ਕਸਰ ਨਹੀਂ ਛੱਡੀ। ਇਸ ਕੰਮ ਵਿੱਚ ਮੌਜੂਦਾ ਆਮ ਆਦਮੀ ਪਾਰਟੀ ਸਰਕਾਰ ਵੀ ਅਪਵਾਦ ਨਹੀਂ, ਜਿਸ ਦਾ ਅੰਦਾਜ਼ਾ ਆਪਣਾ ਤਿੰਨ ਸਾਲ ਦਾ ਕਾਰਜਕਾਲ ਪੂਰਾ ਕਰ ਚੁੱਕੀ ਪੰਜਾਬ ਸਰਕਾਰ ਵੱਲੋਂ ਦੋ ਮਾਹਿਰ ਆਰਥਿਕ ਸਲਾਹਕਾਰ- ਅਰਵਿੰਦ ਮੋਦੀ ਅਤੇ ਸੇਬਸਤੀਅਨ ਜੇਮਸ ਨਿਯੁਕਤ ਕਰਨ ਦੇ ਬਾਵਜੂਦ, ਸੂਬੇ ਦੀ ਵਰਤਮਾਨ ਵਿੱਤੀ ਹਾਲਤ ਤੋਂ ਲਗਾਇਆ ਜਾ ਸਕਦਾ ਹੈ। ਸਰਕਾਰ ਦੇ 2023-24 ਦੇ ਆਰਥਿਕ ਸਰਵੇਖਣ ਅਤੇ 2024-25 ਦੇ ਸਾਲਾਨਾ ਵਿੱਤੀ ਵੇਰਵੇ ਵਾਚਣ ਤੋਂ ਸਪਸ਼ੱਟ ਹੈ ਕਿ ਸਰਕਾਰ ਦਿਨ-ਬਦਿਨ ਬੁਰੀ ਤਰ੍ਹਾਂ ਕਰਜ਼ਾ ਜਾਲ ਵਿੱਚ ਫਸ ਰਹੀ ਹੈ। 2017-18, ਭਾਵ ਕਾਂਗਰਸ ਦੀ ਕੈਪਟਨ ਸਰਕਾਰ ਦੇ ਸੱਤਾ ਵਿੱਚ ਆਉਣ ਦੇ ਪਹਿਲੇ ਸਾਲ ਸੂਬੇ ਸਿਰ ਕੁੱਲ 1,95,153 ਕਰੋੜ ਰੁਪਏ ਦਾ ਕਰਜ਼ਾ ਸੀ, ਜੋ 2021-22 ਵਿੱਚ ਕਾਂਗਰਸ ਦੀ ਚੰਨੀ ਸਰਕਾਰ ਦੀ ਵਿਦਾਇਗੀ ਸਮੇਂ 2,81,773 ਕਰੋੜ ਰੁਪਏ ਹੋ ਗਿਆ। ਮੌਜੂਦਾ ਸਰਕਾਰ ਦੌਰਾਨ 2023-24 ਵਿੱਚ ਇਹ ਕਰਜ਼ਾ 3,43,626 ਕਰੋੜ ਰੁਪਏ ਹੋ ਗਿਆ, ਜਿਸ ਦੇ 2024-25 ਦੇ ਅੰਤ ਤੱਕ 3,74,091 ਕਰੋੜ ਰੁਪਏ ਹੋਣ ਦਾ ਬਜਟ ਅਨੁਮਾਨ ਹੈ।

ਜੇ ਪੰਜਾਬ ਦੇ ਇਸ ਕਰਜ਼ੇ ਦਾ ਸੂਬੇ ਦੀ ਕੁੱਲ ਘਰੇਲੂ ਆਮਦਨ ਨਾਲ ਅਨੁਪਾਤ ਦੇਖਿਆ ਜਾਵੇ ਤਾਂ 2017-18 ਵਿੱਚ ਪੰਜਾਬੀਆਂ ਸਿਰ ਖੜ੍ਹਾ ਕਰਜ਼ਾ ਕੁੱਲ ਸਾਲਾਨਾ ਘਰੇਲੂ ਆਮਦਨ ਦਾ 41.43 ਫ਼ੀਸਦ ਹਿੱਸਾ ਸੀ, ਜੋ 2021-22 ਵਿੱਚ 45.65 ਫ਼ੀਸਦ ਅਤੇ 2023-24 ਦੌਰਾਨ 46.66 ਫ਼ੀਸਦੀ ਹੋ ਗਿਆ; ਭਾਵ ਸੂਬੇ ਦੀ ਲਗਭਗ ਅੱਧੀ ਸਾਲਾਨਾ ਘਰੇਲੂ ਆਮਦਨ ਕਰਜ਼ੇ ਦੇ ਰੂਪ ਵਿੱਚ ਮੋੜਨ ਯੋਗ ਖੜ੍ਹੀ ਹੈ। ਪੰਜਾਬ ਦਾ ਇਹ ਕਰਜ਼ ਅਨੁਪਾਤ ਰਾਜਾਂ ਵਾਸਤੇ ਬਣਾਈ 'ਵਿੱਤੀ ਜ਼ਿੰਮੇਵਾਰੀ ਅਤੇ ਬਜਟ ਪ੍ਰਬੰਧਨ' ਰਿਵਿਊ ਕਮੇਟੀ ਦੁਆਰਾ ਸੁਝਾਈ ਗਈ 20 ਫ਼ੀਸਦੀ ਸੀਮਾ ਦੇ ਦੁੱਗਣੇ ਤੋਂ ਵੀ ਜ਼ਿਆਦਾ ਹੈ। ਦਿਨ-ਬਦਿਨ ਭਾਰੀ ਹੁੰਦੀ ਕਰਜ਼ੇ ਦੀ ਪੰਡ ਸੂਬੇ ਵਿੱਚ ਪੈਦਾ ਹੋ ਰਹੇ ਗੰਭੀਰ ਆਰਥਿਕ ਸੰਕਟ ਦਾ ਪ੍ਰਤੀਕ ਹੈ, ਕਿਉਂ ਜੋ ਪਹਿਲਾਂ ਹੀ ਪ੍ਰਤੀਕੂਲ ਮਾਲੀ ਘਾਟੇ ਦੀ ਸਥਿਤੀ ਵਿੱਚੋਂ ਗੁਜ਼ਰ ਰਹੀ ਪੰਜਾਬ ਸਰਕਾਰ ਵਾਸਤੇ ਖੜ੍ਹੇ ਕਰਜ਼ੇ 'ਤੇ ਵਿਆਜ ਅਦਾਇਗੀਆਂ ਵਧ ਰਹੀਆਂ ਹਨ। ਨਤੀਜੇ ਵਜੋਂ ਸੂਬੇ ਵਿੱਚ ਲੋੜੀਂਦੀਆਂ ਜ਼ਰੂਰੀ ਸਿੱਖਿਆ, ਸਿਹਤ, ਲੋਕ ਭਲਾਈ ਸਹੂਲਤਾਂ, ਸੜਕਾਂ ਅਤੇ ਹੋਰ ਜਨਤਕ ਸੰਸਥਾਵਾਂ ਵਾਸਤੇ ਮੁਢਲੇ ਢਾਂਚੇ ਦੇ ਵਿਕਾਸ ਲਈ ਫੰਡਾਂ ਦੀ ਘਾਟ ਹੈ, ਜਿਸ ਲਈ ਪਿਛਲੀਆਂ ਸਰਕਾਰਾਂ ਦੇ ਨਾਲ-ਨਾਲ ਮੌਜੂਦਾ ਸਰਕਾਰ ਵੀ ਜ਼ਿੰਮੇਵਾਰ ਹੈ।

ਇਸ ਦੇ ਨਾਲ-ਨਾਲ ਪੰਜਾਬ ਦੇ ਸਾਲਾਨਾ ਬਜਟ ਵਿੱਚ ਕੁੱਲ ਘਰੇਲੂ ਆਮਦਨ ਦੇ ਮੁਕਾਬਲੇ ਮਾਲੀਆ ਘਾਟੇ ਅਤੇ ਵਿੱਤੀ ਘਾਟੇ ਵਿੱਚ ਲਗਾਤਾਰ ਵਾਧਾ ਹੋਣਾ ਵੀ ਸੂਬੇ ਦੀ ਦਿਨ-ਬਦਿਨ ਨਿੱਘਰਦੀ ਵਿੱਤੀ ਹਾਲਤ ਦਾ ਸੰਕੇਤ ਹੈ। ਪੰਜਾਬ ਸਰਕਾਰ 2015-16 ਤੋਂ ਲਗਾਤਾਰ ਮਾਲੀਆ ਘਾਟੇ ਵਿੱਚ ਹੈ। 2017-18 ਵਿੱਚ ਮਾਲੀਆ ਘਾਟਾ ਪੰਜਾਬ ਦੀ ਕੁੱਲ ਘਰੇਲੂ ਆਮਦਨ ਦਾ ਸਿਰਫ 2 ਫ਼ੀਸਦੀ ਸੀ, ਜੋ 2021-22 ਵਿੱਚ 2.99 ਅਤੇ 2023-24 ਵਿੱਚ 3.23 ਫ਼ੀਸਦ




ਹੋ ਗਿਆ। 2017-18 ਵਿੱਚ ਵਿੱਤੀ ਘਾਟਾ ਸੂਬੇ ਦੀ ਕੁੱਲ ਘਰੇਲੂ ਆਮਦਨ ਦਾ 2.65 ਫੀਸਦੀ ਹਿੱਸਾ ਸੀ, ਜੋ 2023-24 ਵਿੱਚ 4.12 ਫ਼ੀਸਦ ਹੋ ਗਿਆ ਹੈ। ਇਸ ਦਾ ਮੁੱਖ ਕਾਰਨ ਸਰਕਾਰ ਦੀ ਨਵੇਂ ਵਿੱਤੀ ਸਾਧਨ ਜੁਟਾਉਣ ਦੀ ਸੀਮਤ ਸਮਰੱਥਾ ਦੇ ਨਾਲ-ਨਾਲ ਬੇਲੋੜੀਆਂ ਮੁਫ਼ਤ ਸਹੂਲਤਾਂ, ਖ਼ਾਸ ਕਰ ਕੇ ਮੁਫ਼ਤ ਬਿਜਲੀ ਸਪਲਾਈ, ਬੱਸ ਸਫ਼ਰ ਸਹੂਲਤਾਂ ਆਦਿ ਹਨ।

ਭਾਰਤੀ ਸੰਵਿਧਾਨ ਦੇ ਅਨੁਛੇਦ 151(2) ਤਹਿਤ ਦੇਸ਼ ਦਾ ਕੰਟਰੋਲਰ ਅਤੇ ਆਡੀਟਰ ਜਨਰਲ ਸੰਬਧਿਤ ਸੂਬੇ ਦੇ ਗਵਰਨਰ ਨੂੰ ਰਾਜ ਦੇ ਲੇਖਾ ਖਾਤਿਆਂ ਬਾਰੇ ਰਿਪੋਰਟਾਂ ਸੌਂਪਦਾ ਹੈ, ਜੋ ਫਿਰ ਉਨ੍ਹਾਂ ਨੂੰ ਰਾਜ ਵਿਧਾਨ ਸਭਾ ਵਿੱਚ ਰੱਖਣ ਦਾ ਕਾਰਨ ਬਣਦੇ ਹਨ। ਇਨ੍ਹਾਂ ਵਿੱਚੋਂ ਪੰਜਾਬ ਵਿਧਾਨ ਸਭਾ ਵਿੱਚ ਪਿੱਛੇ ਜਿਹੇ ਪੇਸ਼ ਕੀਤੀ 2024 ਦੀ ਦੂਜੀ ਸਟੇਟ ਫਾਇਨਾਂਸ ਆਡਿਟ ਰਿਪੋਰਟ, ਜੋ 31 ਮਾਰਚ 2023 ਤੱਕ ਸੂਬੇ ਦੀ ਵਿੱਤੀ ਹਾਲਤ ਦਾ ਵਿਸ਼ਲੇਸ਼ਣ ਕਰਦੀ ਹੈ, ਮੁਤਾਬਿਕ ਸਬਸਿਡੀਆਂ ਉੱਪਰ ਵਧਦਾ ਖਰਚਾ, ਸੂਬੇ ਦੇ ਮਾਲੀਆ ਘਾਟੇ, ਵਿੱਤੀ ਘਾਟੇ ਅਤੇ ਦਿਨ-ਬਦਿਨ ਭਾਰੀ ਹੁੰਦੀ ਕਰਜ਼ੇ ਦੀ ਪੰਡ ਦਾ ਮੁੱਖ ਕਾਰਨ ਹੈ। ਸਰਕਾਰ ਆਮ ਤੌਰ 'ਤੇ ਲੋਕਾਂ ਨੂੰ ਦੋ ਪ੍ਰਕਾਰ ਦੀਆਂ ਸਬਸਿਡੀਆਂ ਦਿੰਦੀ ਹੈ: ਪ੍ਰਤੱਖ ਤੇ ਅਪ੍ਰਤੱਖ। ਪ੍ਰਤੱਖ ਸਬਸਿਡੀ ਸਰਕਾਰ ਵੱਲੋਂ ਵਿਅਕਤੀਆਂ, ਕਾਰੋਬਾਰਾਂ ਜਾਂ ਖੇਤਰਾਂ ਨੂੰ ਸਿੱਧੇ ਤੌਰ 'ਤੇ ਦਿੱਤੀ ਜਾਂਦੀ ਵਿੱਤੀ ਸਹਾਇਤਾ ਹੁੰਦੀ ਹੈ, ਜੋ ਪ੍ਰਤੱਖ ਤੌਰ 'ਤੇ ਬਜਟ ਵਿੱਚ ਦਰਜ ਹੁੰਦੀ ਹੈ, ਇਸ ਦਾ ਲੇਖਾ-ਜੋਖਾ ਰੱਖਿਆ ਜਾਂਦਾ ਹੈ ਜਿਵੇਂ ਸਿੱਧੀ ਨਕਦ ਰਾਸ਼ੀ ਦੀ ਟ੍ਰਾਂਸਫਰ, ਊਰਜਾ, ਭੋਜਨ ਅਤੇ ਖਾਦਾਂ 'ਤੇ ਸਬਸਿਡੀਆਂ ਆਦਿ। ਦੂਜੇ ਪਾਸੇ, ਅਪ੍ਰਤੱਖ ਸਬਸਿਡੀਆਂ ਉਸ ਸਮੇਂ ਪੈਦਾ ਹੁੰਦੀਆਂ ਹਨ, ਜਦੋਂ ਸਰਕਾਰ ਸਮਾਜਿਕ ਅਤੇ ਆਰਥਿਕ ਵਸਤੂਆਂ/ਸੇਵਾਵਾਂ ਲਾਭਪਾਤਰੀਆਂ ਨੂੰ ਉਨ੍ਹਾਂ ਦੀ ਉਤਪਾਦਨ ਲਾਗਤ ਤੋਂ ਘੱਟ ਕੀਮਤ 'ਤੇ ਮੁਹੱਈਆ ਕਰਦੀ ਹੈ। ਇਹ ਅਸਿੱਧੇ ਮਾਇਕ ਜਾਂ ਵਸਤੂ ਰੂਪ ਰਿਆਇਤਾਂ ਵਜੋਂ ਦਿੱਤੀਆਂ ਜਾਂਦੀਆਂ ਹਨ। ਇਨ੍ਹਾਂ ਸਬਸਿਡੀਆਂ ਨੂੰ ਸਿੱਧੇ ਤੌਰ 'ਤੇ ਬਜਟ ਵਿੱਚ ਦਰਜ ਨਹੀਂ ਕੀਤਾ ਜਾਂਦਾ। ਇਹ ਟੈਕਸ ਛੋਟਾਂ, ਕੀਮਤ ਕੰਟਰੋਲ ਜਾਂ ਘੱਟ ਵਿਆਜ ਦਰਾਂ ਵਰਗੀਆਂ ਵਿਧੀਆਂ ਰਾਹੀਂ ਅਸਿੱਧੇ ਤੌਰ 'ਤੇ ਨੀਤੀਗਤ ਉਪਾਵਾਂ ਅਧੀਨ ਦਿੱਤੀਆਂ ਜਾਂਦੀਆਂ ਹਨ।

ਇਸ ਆਡਿਟ ਰਿਪੋਰਟ ਮੁਤਾਬਿਕ 2018-19 ਵਿੱਚ ਪੰਜਾਬ ਸਰਕਾਰ ਦਾ ਪ੍ਰਤੱਖ ਸਬਸਿਡੀਆਂ ਉੱਪਰ ਕੁੱਲ ਖਰਚਾ 13361 ਕਰੋੜ ਰੁਪਏ ਸੀ, ਜੋ 2021-22 ਵਿੱਚ ਕਾਂਗਰਸ ਸਰਕਾਰ ਦਾ ਕਾਰਜ ਕਾਲ ਖਤਮ ਹੋਣ ਸਮੇਂ 14516 ਕਰੋੜ ਰੁਪਏ ਹੋ ਗਿਆ; ਮੌਜੂਦਾ ਸਰਕਾਰ ਸਮੇਂ 2022-23 ਵਿੱਚ ਹੋਰ ਵਧ ਕੇ 20607 ਕਰੋੜ ਰੁਪਏ ਹੋ ਗਿਆ। ਕੇਵਲ 2022-23 ਦੌਰਾਨ ਹੀ ਸਬਸਿਡੀਆਂ ਵਿੱਚ ਪਿਛਲੇ ਸਾਲ 2021-22 ਦੇ ਮੁਕਾਬਲੇ 6091 ਕਰੋੜ ਰੁਪਏ, ਭਾਵ 41.96 ਫੀਸਦੀ ਦਾ ਵਾਧਾ ਮੁੱਖ ਤੌਰ 'ਤੇ (50.26 ਫ਼ੀਸਦ ਵਾਧਾ) 6757 ਕਰੋੜ ਰੁਪਏ ਦੀ ਬਿਜਲੀ ਸਬਸਿਡੀ ਘਰੇਲੂ ਖਪਤਕਾਰਾਂ ਨੂੰ ਦੇਣ ਕਾਰਨ ਹੋਇਆ ਹੈ। ਮੁਫ਼ਤ ਬਿਜਲੀ ਸਪਲਾਈ ਕਰ ਕੇ ਸਬਸਿਡੀ ਦੇਣ ਦਾ ਸਿਲਸਿਲਾ ਜੋ ਕਾਂਗਰਸ ਸਰਕਾਰ ਨੇ 1996 ਵਿੱਚ ਆਪਣੇ ਕਾਰਜਕਾਲ ਦੇ ਆਖਰੀ ਸਮੇਂ ਸ਼ੁਰੂ ਕੀਤਾ ਸੀ, ਅਕਾਲੀ-ਭਾਜਪਾ ਅਤੇ ਕਾਂਗਰਸ ਸਰਕਾਰਾਂ ਦੇ ਸ਼ਾਸਨ ਸਮੇਂ ਵੀ ਚਲਦਾ ਰਿਹਾ ਹੈ। ਅੱਜ ਛੇ ਕਿਸਮ ਦੇ ਵੱਖ-ਵੱਖ ਖਪਤਕਾਰਾਂ ਨੂੰ ਮੁਫ਼ਤ ਬਿਜਲੀ ਸਪਲਾਈ ਦੇਣ ਕਰ ਕੇ ਬਿਜਲੀ ਸਬਸਿਡੀ, ਜੋ 2018-19 ਵਿੱਚ ਕੁੱਲ ਪ੍ਰਤੱਖ ਸਬਸਿਡੀਆਂ ਦਾ 68 ਫ਼ੀਸਦ ਹਿੱਸਾ ਸੀ, ਵਧ ਕੇ 2021-22 ਵਿੱਚ 93 ਫ਼ੀਸਦ ਅਤੇ ਮੌਜੂਦਾ ਸਰਕਾਰ ਦੇ ਕਾਰਜ ਕਾਲ ਦੌਰਾਨ 2022-23 ਵਿੱਚ ਹੋਰ ਵਧ ਕੇ 98 ਪ੍ਰਤੀਸ਼ਤ ਹੋ ਗਿਆ ਹੈ। ਇਨ੍ਹਾਂ ਸਾਰੀਆਂ ਮੁਫ਼ਤ ਸਹੂਲਤਾਂ ਨੇ 2018-2023 ਦੇ ਪੰਜ ਸਾਲਾਂ ਦੌਰਾਨ ਮਾਲੀਆ ਘਾਟੇ ਵਿੱਚ 56 ਫੀਸਦੀ ਤੋਂ 102 ਫੀਸਦੀ ਦਰਮਿਆਨ ਵੱਡਾ ਯੋਗਦਾਨ ਪਾ ਕੇ ਪੰਜਾਬੀਆਂ ਸਿਰ ਖੜ੍ਹੀ ਕਰਜ਼ੇ ਦੀ ਪੰਡ ਹੋਰ ਭਾਰੀ ਕੀਤੀ ਹੈ।

2022-23 ਦੌਰਾਨ ਪੰਜਾਬ ਸਰਕਾਰ ਨੇ ਅਪ੍ਰਤੱਖ ਸਬਸਿਡੀਆਂ ਉੱਪਰ ਕੁੱਲ 811.19 ਕਰੋੜ ਰੁਪਏ ਖਰਚੇ, ਜਿਨ੍ਹਾਂ ਵਿੱਚ ਸੂਬਾ ਸਰਕਾਰ ਦੁਆਰਾ ਸਰਕਾਰੀ/ਪੀ.ਆਰ.ਟੀ.ਸੀ. ਬੱਸਾਂ ਵਿੱਚ ਔਰਤਾਂ ਨੂੰ ਮੁਫ਼ਤ ਸਫ਼ਰ; ਅਨੁਸੂਚਿਤ ਜਾਤੀਆਂ, ਪੱਛੜੀਆਂ ਸ਼੍ਰੇਣੀਆਂ ਤੇ ਇਸਾਈ ਲੜਕੀਆਂ/ਵਿਧਵਾਵਾਂ/ਤਲਾਕਸ਼ੁਦਾ ਤੇ ਵਿਧਵਾਵਾਂ ਦੀਆਂ ਧੀਆਂ ਨੂੰ ਉਨ੍ਹਾਂ ਦੇ ਵਿਆਹ ਸਮੇਂ ਦਿੱਤੀ ਜਾਂਦੀ ਆਸ਼ੀਰਵਾਦ ਸ਼ਗਨ ਰਾਸ਼ੀ; ਸਰਕਾਰੀ ਬੱਸਾਂ ਵਿੱਚ ਪੁਲਿਸ ਕਾਂਸਟੇਬਲ ਤੋਂ ਲੈ ਕੇ ਇੰਸਪੈਕਟਰ ਤੱਕ ਨੂੰ ਮੁਫਤ ਯਾਤਰਾ; ਕਾਲਜਾਂ ਤੇ ਯੂਨੀਵਰਸਿਟੀਆਂ ਦੇ ਵਿਦਿਆਰਥੀਆਂ ਨੂੰ ਸਰਕਾਰੀ ਬੱਸਾਂ ਵਿੱਚ ਮੁਫ਼ਤ/ਰਿਆਇਤੀ ਸਫ਼ਰ ਸਹੂਲਤ ਤੇ ਸਰਕਾਰੀ ਬੱਸਾਂ ਵਿੱਚ 60 ਸਾਲ ਤੋਂ ਵੱਧ ਉਮਰ ਦੇ ਲੋਕਾਂ ਨੂੰ ਦਿੱਤੀ ਜਾ ਰਹੀ ਸਫ਼ਰ ਸਹੂਲਤ ਬਦਲੇ ਸਬੰਧਿਤ ਵਿਭਾਗ ਨੂੰ ਅਦਾਇਗੀ ਸ਼ਾਮਿਲ ਹੈ। ਇਨ੍ਹਾਂ ਅਪ੍ਰਤੱਖ ਸਬਸਿਡੀਆਂ ਉੱਪਰ ਖ਼ਰਚੇ ਵਿੱਚ ਵੀ ਪਿਛਲੇ ਸਾਲ ਦੇ ਮੁਕਾਬਲੇ 248.20 ਕਰੋੜ ਰੁਪਏ ਭਾਵ 100.57 ਫੀਸਦੀ ਦਾ ਵਾਧਾ ਹੋਇਆ ਹੈ। ਇਸ ਤੋਂ ਇਲਾਵਾ ਸਰਕਾਰ ਕਈ ਜਨਤਕ ਅਦਾਰਿਆਂ ਨੂੰ ਵਿੱਤੀ ਸਹਾਇਤਾ ਗ੍ਰਾਂਟ ਅਤੇ ਸਬਸਿਡੀ ਵੀ ਦਿੰਦੀ ਹੈ।

ਸੋ, ਸਬਸਿਡੀਆਂ ਦਾ ਵਧਦਾ ਖਰਚ ਪੰਜਾਬ ਸਰਕਾਰ ਦੇ ਕਰਜ਼ੇ ਦੀ ਪੰਡ ਭਾਰੀ ਕਰਨ ਦਾ ਮੁੱਖ ਕਾਰਨ ਹੈ। ਜੇ ਸਰਕਾਰ ਆਪਣੀ ਬਕਾਇਆ ਰਹਿੰਦੀ ਇੱਕ ਚੋਣ ਗਾਰੰਟੀ ਮੁਤਾਬਿਕ 18 ਸਾਲ ਤੋਂ ਉੱਪਰ ਉਮਰ ਦੀਆਂ ਔਰਤਾਂ ਨੂੰ 1000 ਰੁਪਏ ਮਹੀਨਾ ਦੇਣਾ ਸ਼ੁਰੂ ਕਰ ਦੇਵੇ ਤਾਂ ਕਰਜ਼ਾ ਹੋਰ ਵਧ ਜਾਵੇਗਾ। ਇਸ ਲਈ ਸੂਬੇ ਦੇ ਆਰਥਿਕ ਵਿਕਾਸ ਅਤੇ ਲੰਮੇ ਸਮੇਂ ਲਈ ਵਡੇਰੇ ਹਿਤਾਂ ਨੂੰ ਮੁੱਖ ਰੱਖਦਿਆਂ ਸਰਕਾਰ ਨੂੰ ਸਰਬ ਪਾਰਟੀ ਸਹਿਮਤੀ ਰਾਹੀਂ ਵਿੱਤੀ ਅਨੁਸ਼ਾਸਨ ਲਾ ਕੇ ਸਾਰੀਆਂ ਬੇਲੋੜੀਆਂ ਮੁਫ਼ਤ ਸਹੂਲਤਾਂ ਬੰਦ ਕਰਨੀਆਂ ਚਾਹੀਦੀਆਂ ਹਨ। ਜੇ ਅਜਿਹੀਆਂ ਸਹੂਲਤਾਂ ਦੇਣੀਆਂ ਹੀ ਹਨ ਤਾਂ ਚੰਗੀ ਤਰ੍ਹਾਂ ਜਾਂਚ ਪੜਤਾਲ ਕਰ ਕੇ ਕੇਵਲ ਲੋੜਵੰਦਾਂ ਨੂੰ ਹੀ ਦਿੱਤੀਆਂ ਜਾਣ।






## ਮਾਰਕ ਕਾਰਨੀ ਹੋਣਗੇ ਕੈਨੇਡਾ ਦੇ ਨਵੇਂ ਪ੍ਰਧਾਨ ਮੰਤਰੀ

ਤਾਲਾਸ਼ ਵਿੱਚ ਹਨ। ਇਸ ਮੌਕੇ ਕੈਨੇਡਾ ਦੀ ਆਰਥਕਤਾ ਨੂੰ ਮਜਬੂਤ ਕਰਨਾ ਉਨ੍ਹਾਂ ਦਾ ਟੀਚਾ ਹੈ। ਇਸ ਲਈ ਕੈਨੇਡਾ ਦਾ ਪ੍ਰਧਾਨ ਮੰਤਰੀ ਨਵੇਂ ਅਤੇ ਭਰੋਸੇਯੋਗ ਵਪਾਰਕ ਭਾਈਵਾਲ ਲੱਭਣ ਦਾ ਯਤਨ ਵੀ ਕਰੇਗਾ। ਕੈਨੇਡਾ ਦੀ ਇਸ ਕੋਸ਼ਿਸ਼ ਵਿੱਚ ਹਿੰਦੁਸਤਾਨ ਵੀ ਇਸ ਮੁਲਕ ਨਾਲ ਆਪਣੇ ਵਪਾਰਕ ਤੇ ਕੂਟਨੀਤਿਕ ਸੰਬੰਧ ਮੁੜ ਲੀਹ 'ਤੇ ਲਿਆ ਸਕਦਾ ਹੈ।

ਮਾਰਕ ਕਾਰਨੀ ਦਾ ਜਨਮ 16 ਮਾਰਚ 1965 ਨੂੰ ਫੋਰਟ ਸਮਿਥ ਵਿੱਚ ਹੋਇਆ। ਉਨ੍ਹਾਂ ਦਾ ਬਚਪਨ ਅਤੇ ਮੁਢਲੀ ਸਿੱਖਿਆ ਅਲਬਰਟਾ ਸਟੇਟ ਦੇ ਸ਼ਹਿਰ ਐਡਮਿੰਟਨ ਵਿੱਚ ਪ੍ਰਵਾਨ ਚੜ੍ਹੀ। ਉਨ੍ਹਾਂ ਨੇ ਆਪਣੀ ਇਕਨਾਮਿਕਸ ਵਿੱਚ ਗਰੈਜੂਏਸ਼ਨ ਦੀ ਡਿਗਰੀ ਹਾਰਵਰਡ ਤੋਂ ਪ੍ਰਾਪਤ ਕੀਤੀ। ਮਾਸਟਰ ਅਤੇ ਪੀਐਚ.ਡੀ. ਦੀ ਡਿਗਰੀ ਉਨ੍ਹਾਂ ਨੇ ਔਕਸਫੋਰਡ ਯੂਨੀਵਰਸਿਟੀ ਤੋਂ ਪ੍ਰਾਪਤ ਕੀਤੀ। ਉਹ ਗੋਲਡਮੈਨ ਸਾਚ ਦੇ ਐਗਜ਼ੈਕਟਿਵ ਡਾਇਰੈਕਟਰ ਵੀ ਰਹੇ। 2008 ਤੋਂ 2013 ਤੱਕ ਉਹ ਬੈਂਕ ਆਫ ਕੈਨੇਡਾ ਦੇ ਗਵਰਨਰ ਨਿਯੁਕਤ ਰਹੇ। 2013 ਤੋਂ 2020 ਤੱਕ ਉਹ ਬੈਂਕ ਆਫ ਇੰਗਲੈਂਡ ਦੇ ਗਵਰਨਰ ਰਹੇ। ਇਸ ਦੌਰਾਨ ਉਨ੍ਹਾਂ ਨੇ 2008 ਦੇ ਆਰਥਕ ਮੰਦੇ ਦੇ ਪ੍ਰਭਾਵਾਂ ਤੋਂ ਬਰਤਾਨਵੀ ਆਰਥਕਤਾ ਨੂੰ ਬਾਹਰ ਕੱਢਣ ਲਈ ਉਸ ਵੇਲੇ ਦੀ ਸਰਕਾਰ ਦੀ ਮਦਦ ਕੀਤੀ। ਉਹ ਕੈਨੇਡਾ ਦੇ ਨਾਲ ਨਾਲ ਇੰਗਲੈਂਡ, ਬਰਤਾਨੀਆ ਅਤੇ ਆਇਰਲੈਂਡ ਦੇ ਵੀ ਸ਼ਹਿਰੀ ਹਨ।


### ਜ਼ਰੂਰੀ

'ਪੰਜਾਬੀ ਪਰਵਾਜ਼' ਵਿੱਚ ਵੱਖ-ਵੱਖ ਲੇਖ ਸਿਰਫ ਵਿਚਾਰਾਂ ਦੇ ਵਟਾਂਦਰੇ ਅਤੇ ਇੱਕ-ਦੂਜੇ ਤੱਕ ਜਾਣਕਾਰੀ ਜਾਂ ਅਨੁਭਵ ਪਹੁੰਚਦੇ ਕਰਨ ਦੇ ਮਕਸਦ ਨਾਲ ਛਾਪੇ ਗਏ ਹਨ। ਲੇਖਾਂ ਵਿਚਲੇ ਵਿਚਾਰਾਂ/ਤੱਥਾਂ ਨਾਲ ਸਹਿਮਤ ਹੋਣਾ ਜਾਂ ਨਾ ਹੋਣਾ ਪਾਠਕਾਂ ਦਾ ਨਿੱਜੀ ਮਸਲਾ ਹੈ। ਲੇਖਾਂ/ਰਚਨਾਵਾਂ ਵਿੱਚ ਹਲਕੀ ਕਿਸਮ ਦੀ ਭਾਸ਼ਾ ਤੋਂ ਗੁਰੇਜ ਕਰਨਾ ਅਤੇ ਲੋਕ-ਪੱਖੀ ਤੇ ਮਿਆਰੀ ਲਿਖਤਾਂ ਨੂੰ ਪਾਠਕਾਂ ਤੱਕ ਪੁੱਜਦਾ ਕਰਨਾ 'ਪੰਜਾਬੀ ਪਰਵਾਜ਼' ਦੀ ਪਹਿਲ ਹੋਵੇਗੀ।

**Punjabi Parwaz LLC - DBA Punjabi Parwaz**

**Address:**
827 E. Kings Row, Unit# 7, Palatine, IL 60074

**Managed by:**
Anureet Kaur & Kuljeet Singh

**Punjab Incharge:**
Jasvir Singh Mangat

'ਪੰਜਾਬੀ ਪਰਵਾਜ਼' ਨੂੰ ਆਪਣੇ ਫੋਨ ਉਤੇ ਪੜ੍ਹਨ ਲਈ ਫੋਨ: 224-386-4548 ਉਤੇ ਸੰਪਰਕ ਕਰੋ ਜਾਂ ਸਾਡੀ ਵੈਬਸਾਈਟ www.punjabiparwaz.com ਉਤੇ ਈਪੇਪਰ ਦਾ ਬਟਨ ਕਲਿੱਕ ਕਰੋ



### ਪੰਜਾਬੀ ਪਰਵਾਜ਼ (Punjabi Parwaz) ਬੋਰਡ ਮੈਂਬਰ

ਬਲਵਿੰਦਰ ਸਿੰਘ (ਬੌਬ) ਸੰਧੂ
ਦਵਿੰਦਰ ਸਿੰਘ ਰੰਗੀ
ਮਨਜਿੰਦਰ ਸਿੰਘ (ਮੈਕ) ਭਮਰਾ
ਜੋਧ ਸਿੰਘ ਸਿੱਧੂ
ਬੇਅੰਤ ਸਿੰਘ ਬੋਪਾਰਾਏ
ਅਮਰੀਕ ਸਿੰਘ ਸ਼ਿਕਾਗੋ
ਕਿਰਪਾਲ ਸਿੰਘ ਰੰਧਾਵਾ
ਅੰਮ੍ਰਿਤਪਾਲ ਸਿੰਘ ਗਿੱਲ
ਬਲਵਿੰਦਰ ਸਿੰਘ ਚੱਠਾ
ਦਰਸ਼ਨ ਸਿੰਘ ਪੰਮਾ
ਗੁਰਿੰਦਰਜੀਤ ਸਿੰਘ ਗਰੇਵਾਲ
ਦੀਦਾਰ ਸਿੰਘ ਧਨੋਆ
ਯਾਦਵਿੰਦਰ ਸਿੰਘ (ਰਿੰਪੀ) ਖੱਟੜਾ
ਅਮਰਜੀਤ ਸਿੰਘ ਢੀਂਡਸਾ
ਗੁਰਵਿੰਦਰ ਸਿੰਘ ਬੱਬੂ (ਐਪਲਟਨ)
ਬਿਕਰਮ ਸਿੰਘ ਸਿੱਧੂ
ਮਨਮਿੰਦਰ ਸਿੰਘ ਹੀਰ
ਬਲਜੀਤ ਸਿੰਘ ਸਿੱਧੂ (ਫਲੋਰਿਡਾ)
ਮਿੰਨੀ ਮੁਲਤਾਨੀ
ਗੁਰਪ੍ਰੀਤ ਕੇ. ਸਿੰਘ
ਇੰਦਰ ਹੁੰਜਣ
ਜਿਗਰਦੀਪ ਸਿੰਘ ਢਿੱਲੋਂ
ਅਮਨਦੀਪ ਸਿੰਘ ਕੁਲਾਰ
ਪਰਮਿੰਦਰ ਸਿੰਘ (ਯੂਬਾ ਸਿਟੀ)
ਜਗਜੀਤ ਸਿੰਘ ਖੇੜਾ (ਓਕਲਾਹੋਮਾ)
ਹਰਕੇਵਲ ਸਿੰਘ ਲਾਲੀ

# ਪੰਜਾਬੀ ਸੂਬੇ ਦੇ ਸੰਘਰਸ਼ ਦੌਰਾਨ ਭਾਰਤੀ ਸੱਤਾ ਪ੍ਰਬੰਧ ਵੱਲੋਂ ਗੁਰਮੁਖੀ ਲਿਪੀ ਦੇ ਵਿਰੋਧ ਦਾ ਸਿਧਾਂਤਕ ਵਿਸ਼ਲੇਸ਼ਣ

**ਗਹਿਰ-ਗੰਭੀਰ**

**ਡਾ. ਜਸਵੀਰ ਸਿੰਘ**

*ਭਾਰਤੀ ਸੱਤਾ ਪ੍ਰਬੰਧ ਵੱਲੋਂ ਪੰਜਾਬੀ ਸੂਬੇ ਦੇ ਸੰਘਰਸ਼ ਦੌਰਾਨ ਗੁਰਮੁਖੀ ਲਿਪੀ ਦੇ ਵਿਰੋਧ ਵਿੱਚ ਅਪਣਾਈ ਗਈ ਨੀਤੀ ਦਾ ਉਘੇ ਚਿੰਤਕ ਡਾ. ਜਸਵੀਰ ਸਿੰਘ ਨੇ ਸਿਧਾਂਤਕ ਵਿਸ਼ਲੇਸ਼ਣ ਕੀਤਾ ਹੈ, ਜਿਸ ਵਿੱਚ ਜ਼ਿਕਰ ਹੈ ਕਿ ਬਹੁਕੌਮੀ ਅਤੇ ਬਹੁਭਾਸ਼ਾਈ ਰਾਜਾਂ ਦੇ ਖਾਤਮੇ ਨੇ ਵੱਖ-ਵੱਖ ਭਾਸ਼ਾਈ ਸਮੂਹਾਂ ਨੂੰ ਇੱਕੋ ਕੇਂਦਰੀ ਤਾਕਤ ਅਧੀਨ ਰਹਿਣ ਲਈ ਮਜਬੂਰ ਕਰ ਦਿੱਤਾ। ਇਸੇ ਸੰਦਰਭ ਵਿੱਚ ਸਿੱਖ ਆਗੂਆਂ ਅਤੇ ਵਿਦਵਾਨਾਂ ਦੀ ਭਾਰਤੀ ਦੇਸ਼ਭਗਤੀ ਦੀ ਅੰਧ ਭਾਵਨਾ ਉਤੇ ਵੀ ਤਨਜ਼ ਕਸੀ ਗਈ ਹੈ। ਲੇਖ ਲੰਮਾ ਹੋਣ ਕਾਰਨ ਅਸੀਂ ਇਸ ਨੂੰ ਦੋ ਕਿਸ਼ਤਾਂ ਵਿੱਚ ਛਾਪ ਰਹੇ ਹਾਂ। ਪੇਸ਼ ਹੈ, ਲੇਖ ਦੀ ਪਹਿਲੀ ਕਿਸ਼ਤ...*

ਇਸ ਸੰਸਾਰ ਵਿੱਚ ਪੈਦਾ ਹੋਏ ਵੱਖ-ਵੱਖ ਧਰਮਾਂ ਵੱਲੋਂ ਜਿਨ੍ਹਾਂ ਭਾਸ਼ਾਵਾਂ ਵਿੱਚ ਧਾਰਮਿਕ ਗਿਆਨ ਸਿਰਜਿਆ ਗਿਆ, ਉਹ ਭਾਸ਼ਾਵਾਂ 'ਪਵਿੱਤਰ ਭਾਸ਼ਾਵਾਂ' ਦਾ ਦਰਜਾ ਗ੍ਰਹਿਣ ਕਰ ਗਈਆਂ। ਪੁਰਾਤਨ ਧਾਰਮਿਕ ਗ੍ਰੰਥਾਂ, ਧਾਰਮਿਕ ਰੀਤੀ-ਰਿਵਾਜਾਂ ਅਤੇ ਅਧਿਆਤਮਕ ਗਿਆਨ ਦੇ ਪ੍ਰਚਾਰ ਲਈ ਵਰਤੀਆਂ ਗਈਆਂ ਭਾਸ਼ਾਵਾਂ 'ਧਾਰਮਿਕ ਭਾਸ਼ਾਵਾਂ' ਦੇ ਤੌਰ 'ਤੇ ਧਾਰਮਿਕ-ਭਾਈਚਾਰਿਆਂ ਦੀ ਰਾਜਨੀਤੀ ਦਾ ਅਹਿਮ ਹਿੱਸਾ ਬਣ ਗਈਆਂ। ਮਿਸਾਲ ਵਜੋਂ ਹਿੰਦੂ ਧਰਮ ਦੀ ਸੰਸਕ੍ਰਿਤ, ਯਹੂਦੀ ਧਰਮ ਦੀ ਹਿਬਰੂ (Hebrew), ਇਸਲਾਮ ਧਰਮ ਦੀ ਪੁਰਾਤਨ ਅਰਬੀ (Arabic) ਅਤੇ ਕੈਥੋਲਿਕ ਇਸਾਈ ਧਰਮ ਦੀ 'ਲੈਟਿਨ' ਭਾਸ਼ਾ ਆਦਿ 'ਪਵਿੱਤਰ ਭਾਸ਼ਾਵਾਂ' ਵਜੋਂ ਪ੍ਰਸਿੱਧ ਹਨ। ਇਨ੍ਹਾਂ ਪਵਿੱਤਰ ਭਾਸ਼ਾਵਾਂ ਨੇ ਜੇ ਇਨ੍ਹਾਂ ਧਰਮਾਂ ਨੂੰ ਸੰਸਥਾਗਤ ਰੂਪ ਦਿੱਤਾ ਤਾਂ ਦੂਜੇ ਪਾਸੇ ਇਹ ਭਾਸ਼ਾਵਾਂ ਇਨ੍ਹਾਂ ਧਰਮਾਂ ਦੇ ਗਿਆਨ ਪ੍ਰਬੰਧਾਂ ਦੇ ਪ੍ਰਸਾਰ ਦੀਆਂ ਵਾਹਕ ਵੀ ਬਣੀਆਂ ਰਹੀਆਂ। ਜਿਨ੍ਹਾਂ ਧਾਰਮਿਕ ਭਾਈਚਾਰਿਆਂ ਨੇ 'ਪਵਿੱਤਰ ਭਾਸ਼ਾਵਾਂ' ਨੂੰ ਆਪਣੀਆਂ ਧਾਰਮਿਕ ਸੰਸਥਾਵਾਂ ਏਕੇ ਅਤੇ ਧਾਰਮਿਕ ਗਿਆਨ ਦੇ ਪ੍ਰਚਾਰ-ਪ੍ਰਸਾਰ ਦਾ ਸਰੋਤ ਨਾ ਬਣਾਇਆ ਤਾਂ ਇਹ ਭਾਈਚਾਰੇ ਸਮਾਜਿਕ ਤੌਰ 'ਤੇ ਖਿੰਡ-ਪੁੰਡ ਗਏ। ਬੁੱਧ ਧਰਮ ਇਸ ਵਰਤਾਰੇ ਦੀ ਵੱਡੀ ਉਦਾਹਰਨ ਹੈ; ਪਰ ਸਿੱਖ ਧਰਮ ਉਪਰੋਕਤ ਵਰਤਾਰੇ ਦੇ ਸੰਦਰਭ ਵਿੱਚ ਵੱਖਰਾ ਧਾਰਮਿਕ ਅਮਲ ਹੈ। ਸਿੱਖ ਧਰਮ ਦੇ ਸੰਸਥਾਗਤ ਅਤੇ ਗਿਆਨ ਪ੍ਰਬੰਧ ਦੇ ਵਿਕਾਸ ਵਿੱਚ ਪੰਜਾਬੀ ਭਾਸ਼ਾ ਤੋਂ ਵੱਧ ਗੁਰਮੁਖੀ ਲਿਪੀ ਦਾ ਵਧੇਰੇ ਯੋਗਦਾਨ ਹੈ।

ਜੇ ਦੂਜੇ ਧਰਮਾਂ ਵਿੱਚ 'ਧਾਰਮਿਕ ਭਾਸ਼ਾਵਾਂ' ਨੇ ਪਵਿੱਤਰ ਭਾਸ਼ਾਵਾਂ ਦਾ ਰੂਪ ਅਖਤਿਆਰ ਕੀਤਾ ਤਾਂ ਸਿੱਖ ਧਰਮ ਵਿੱਚ ਗੁਰਮੁਖੀ ਲਿਪੀ ਨੇ ਪਵਿੱਤਰਤਾ ਦਾ ਦਰਜਾ ਹਾਸਿਲ ਕੀਤਾ। ਗੁਰੂ ਅੰਗਦ ਸਾਹਿਬ ਵੱਲੋਂ ਸਿਰਜੇ ਗੁਰਮੁਖੀ ਅੱਖਰ, ਗੁਰਬਾਣੀ ਅਤੇ ਗੁਰਮਤਿ ਨਾਲ ਜੁੜ ਕੇ ਸਿੱਖ ਮਾਨਸਿਕਤਾ ਅਤੇ ਸਮਾਜਿਕ ਏਕੇ ਦਾ ਮਜਬੂਤ ਆਧਾਰ ਬਣ ਗਏ। ਗੁਰੂ ਸਾਹਿਬਾਨ ਨੇ ਗੁਰਮੁਖੀ ਲਿਪੀ ਨੂੰ ਸਿੱਖ ਵਿਚਰਧਾਰਾ, ਵਿਸ਼ਵਾਸ ਪ੍ਰਣਾਲੀ, ਸਿੱਖ ਕਦਰਾਂ-ਕੀਮਤਾਂ, ਸੋਚਣ ਦੇ ਢੰਗਾਂ ਅਤੇ ਸਾਹਿਤ ਸਿਰਜਣ ਨਾਲ ਇੱਕਮਿੱਕ ਕਰ ਦਿੱਤਾ। ਭਾਸ਼ਾ ਵਿਗਿਆਨੀਆਂ ਅਨੁਸਾਰ ਜਦੋਂ ਕਿਸੇ ਮਨੁੱਖੀ ਭਾਈਚਾਰੇ ਦੀ ਵਿਸ਼ਵਾਸ ਪ੍ਰਣਾਲੀ ਅਤੇ ਸੋਚਣ ਦੇ ਢੰਗ ਕਿਸੇ ਖਾਸ ਭਾਸ਼ਾ ਨਾਲ ਜੁੜ ਜਾਂਦੇ ਹਨ ਤਾਂ ਇੱਕ ਖਾਸ ਕਿਸਮ ਦੇ 'ਭਾਸ਼ਾਈ ਵਿਹਾਰ' ਦੀ ਸਿਰਜਣਾ ਹੁੰਦੀ ਹੈ। ਮਨੁੱਖੀ ਭਾਈਚਾਰਿਆਂ ਵੱਲੋਂ ਪ੍ਰਗਟਾਏ ਖਾਸ ਭਾਸ਼ਾਈ ਵਿਹਾਰ ਨੂੰ ਭਾਸ਼ਾ ਵਿਗਿਆਨੀਆਂ ਨੇ 'ਭਾਸ਼ਾਈ ਸੱਭਿਆਚਾਰ' ਦਾ ਨਾਂ ਦਿੱਤਾ ਹੈ। (1) ਇਹ ਭਾਸ਼ਾਈ ਸੱਭਿਆਚਾਰ ਹੀ ਵੱਖ-ਵੱਖ ਮਨੁੱਖੀ ਸਮੂਹਾਂ, ਦੇਸ਼ਾਂ ਅਤੇ ਕੌਮਾਂ ਦੀ ਸਿੱਖਿਆ ਨੀਤੀ ਅਤੇ ਕੌਮੀ ਪਛਾਣ ਦੀ ਸਿਰਜਣਾ ਵਿੱਚ ਵੱਡੀ ਭੂਮਿਕਾ ਅਦਾ ਕਰਦਾ ਹੈ।

ਗੁਰਮੁਖੀ ਲਿਪੀ ਸਿੱਖ ਭਾਸ਼ਾਈ ਸੱਭਿਆਚਾਰ ਸਿਰਜਦੀ ਹੈ, ਜੋ ਇਸ ਨੂੰ ਸਿੱਖ ਪਛਾਣ ਦਾ ਅਹਿਮ ਹਿੱਸਾ ਬਣਾ ਦਿੰਦਾ ਹੈ। ਮੁਗਲ ਕਾਲ ਦੌਰਾਨ ਮੁਗਲ ਸੱਤਾ ਨਾਲ ਸਿੱਖ ਭਾਸ਼ਾਈ ਸੱਭਿਆਚਾਰ ਦਾ ਕੋਈ ਵਿਰੋਧ ਨਹੀਂ ਸੀ। ਇਸ ਸਮੇਂ ਹਿੰਦੂ ਧਾਰਮਿਕ ਸੱਤਾ ਦਾ ਧਿਆਨ ਵੀ ਸਿੱਖ ਧਾਰਮਿਕ ਭਾਈਚਾਰੇ ਦੇ ਵਿਗਾਸ-ਅਮਲ ਨੂੰ ਖੰਡਿਤ ਕਰਨ ਵੱਲ ਕੇਂਦਰਿਤ ਰਿਹਾ। ਸਿੱਖ ਸੱਤਾ ਦੇ ਮਿਸਲ ਕਾਲ ਅਤੇ ਮਹਾਰਾਜਾ ਰਣਜੀਤ ਸਿੰਘ ਦੇ ਕਾਲ ਸਮੇਂ ਸਿੱਖ ਭਾਸ਼ਾਈ ਸੱਭਿਆਚਾਰ ਖਾਲਸਾਈ ਪ੍ਰਭੂਸੱਤਾ ਦਾ ਸਰੋਤ ਨਾ ਬਣ ਸਕਿਆ, ਜਿਸ ਕਾਰਨ ਅੰਗਰੇਜ਼ ਕਾਲ ਸਮੇਂ ਸਿੱਖ ਬੌਧਿਕ ਅਤੇ ਰਾਜਨੀਤਕ ਵਿਗਾਸ ਵਿੱਚ ਵੱਡੀ ਖੜੋਤ ਆਈ। ਅੰਗਰੇਜ਼ਾਂ ਨੇ ਪੰਜਾਬ ਵਿੱਚ 1849 ਈਸਵੀ ਤੋਂ ਬਾਅਦ 'ਨੇਸ਼ਨ-ਸਟੇਟ' ਦਾ ਪੱਛਮੀ ਰਾਜ-ਪ੍ਰਬੰਧ ਲਾਗੂ ਕੀਤਾ। ਨੇਸ਼ਨ ਸਟੇਟ ਦਾ ਇਹ ਪੱਛਮੀ ਪ੍ਰਬੰਧ ਭਾਸ਼ਾਈ ਸੱਭਿਆਚਾਰ ਉੱਤੇ ਆਧਾਰਿਤ ਰਾਜਨੀਤੀ ਨਾਲ ਡੂੰਘੀ ਤਰ੍ਹਾਂ ਜੁੜਿਆ ਹੋਇਆ ਸੀ। ਹਿੰਦੂ ਵਿਦਵਾਨ ਅੰਗਰੇਜ਼ ਕਾਲ ਸਮੇਂ ਭਾਸ਼ਾ, ਭਾਈਚਾਰੇ ਅਤੇ ਰਾਜਨੀਤੀ ਦੇ ਆਪਸੀ ਸਬੰਧ ਨੂੰ ਪੂਰੀ ਤਰ੍ਹਾਂ ਸਮਝ ਚੁੱਕੇ ਸਨ। ਇਹ ਵਿਦਵਾਨ ਸੰਸਕ੍ਰਿਤ ਅਤੇ ਹਿੰਦੀ ਭਾਸ਼ਾਵਾਂ ਦੀ ਭਾਰਤੀ ਪਛਾਣ ਅਤੇ ਭਾਰਤੀ ਰਾਜ ਸਿਰਜਣਾ ਦੇ ਅਮਲ ਦੌਰਾਨ ਆਉਣ ਵਾਲੀ ਭਵਿੱਖਮੁਖੀ ਲੋੜ ਅਤੇ ਮਹੱਤਵ ਨੂੰ ਪਛਾਣ ਚੁੱਕੇ ਸਨ।

ਇਸ ਨੀਤੀ ਤਹਿਤ 1880 ਈ. ਤੋਂ ਬਾਅਦ ਆਰੀਆ ਸਮਾਜੀ ਆਗੂਆਂ ਵੱਲੋਂ ਜਦੋਂ ਗੁਰਮੁਖੀ ਲਿਪੀ ਦਾ ਵਿਰੋਧ ਕੀਤਾ ਗਿਆ ਤਾਂ ਸਿੱਖਾਂ ਦੇ ਕੁੱਝ ਹਿੱਸਿਆਂ ਵਿੱਚ ਭਾਸ਼ਾਈ ਚੇਤਨਾ ਆਈ। ਸਿੰਘ ਸਭਾ ਲਹਿਰ (ਲਾਹੌਰ) ਦੇ ਆਗੂਆਂ ਵੱਲੋਂ ਪੈਦਾ ਕੀਤੀ ਗਈ ਸਿੱਖ ਭਾਸ਼ਾਈ ਚੇਤਨਾ ਨੇ ਧਾਰਮਿਕ ਖੇਤਰ ਵਿੱਚ ਤਾਂ ਵੱਡੇ ਅਸਰ ਪਾਏ, ਪਰ ਰਾਜਨੀਤਕ ਤੌਰ 'ਤੇ ਇਹ ਭਾਸ਼ਾਈ ਚੇਤਨਾ ਗੁਰਮੁਖੀ ਲਿਪੀ ਨੂੰ ਨੇਸ਼ਨ-ਸਟੇਟ ਦੇ ਪੱਛਮੀ ਮਾਡਲ ਦੇ ਆਧਾਰ 'ਤੇ ਰਾਜਸੀ ਤਾਕਤ ਦਾ ਸਰੋਤ ਨਾ ਬਣਾ ਸਕੀ। ਅੰਗਰੇਜ਼ ਕਾਲ ਦੌਰਾਨ ਸਿੱਖਾਂ ਦੇ ਬੌਧਿਕ ਅਤੇ ਰਾਜਨੀਤਕ ਹਿੱਸੇ ਨੇ ਭਵਿੱਖ ਵਿੱਚ ਕਾਇਮ ਹੋਣ ਵਾਲੀ ਭਾਰਤੀ ਨੇਸ਼ਨ ਸਟੇਟ ਅੰਦਰ ਆਪਣੇ ਧਰਮ, ਭਾਸ਼ਾ ਅਤੇ ਸੱਭਿਆਚਾਰ ਦੇ ਦਰਜੇ ਬਾਰੇ ਅਵੇਸਲੇ ਰਹਿਣ ਦਾ ਵੱਡਾ ਰਾਜਨੀਤਕ ਜ਼ੁਰਮ ਕੀਤਾ। ਅੰਗਰੇਜ਼ ਕਾਲ ਸਮੇਂ ਸਿੱਖ ਬੌਧਿਕ ਅਤੇ ਰਾਜਨੀਤਕ ਹਿੱਸਿਆਂ ਵੱਲੋਂ ਸਿੱਖ ਪਛਾਣ ਦੀ ਰਾਜਨੀਤੀ ਨੂੰ ਭਾਰਤੀ ਰਾਸ਼ਟਰਵਾਦ ਦੇ ਅਸਰ ਹੇਠ ਲਗਾਤਾਰ ਅਣਡਿੱਠ ਕਰਨ ਦੇ ਸਿੱਟੇ ਵਜੋਂ 1947 ਈ. ਤੋਂ ਬਾਅਦ ਭਾਰਤੀ ਰਾਸ਼ਟਰਵਾਦੀਆਂ ਨੇ ਪੰਜਾਬੀ ਭਾਸ਼ਾ ਉੱਤੇ ਆਧਾਰਿਤ ਸੂਬਾ ਸਿਰਜਣ ਦੀ ਮੰਗ ਨੂੰ ਸਿਰੇ ਤੋਂ ਖਾਰਜ ਕਰ ਦਿੱਤਾ। ਇਹ ਸ਼੍ਰੋਮਣੀ ਅਕਾਲੀ ਦਲ ਦੀ ਭਾਰਤੀ ਰਾਸ਼ਟਰਵਾਦੀ ਨੀਤੀ 'ਤੇ ਵੱਡਾ ਰਾਜਨੀਤਕ ਧੱਕਾ ਸੀ, ਜਿਸ ਨੇ ਸਿੱਖ ਪੰਥ ਅੰਦਰ ਇਸ ਦੀ ਹੋਂਦ 'ਤੇ ਸਵਾਲੀਆ ਨਿਸ਼ਾਨ ਲਾ ਦਿੱਤੇ ਸਨ। ਸ਼੍ਰੋਮਣੀ ਅਕਾਲੀ ਦਲ ਵੱਲੋਂ ਆਪਣੀ ਰਾਜਸੀ ਹੋਂਦ ਨੂੰ ਕਾਇਮ ਰੱਖਣ ਦੀ ਮਜਬੂਰੀ ਵਿਚੋਂ 'ਪੰਜਾਬੀ ਸੂਬੇ' ਦਾ ਸੰਘਰਸ਼ ਪੈਦਾ ਹੋਇਆ।

ਭਾਰਤੀ ਰਾਸ਼ਟਰਵਾਦੀ ਆਗੂ ਸਿੱਖ ਭਾਸ਼ਾਈ ਸੱਭਿਆਚਾਰ ਅੰਦਰਲੀ ਗੁਰਮੁਖੀ ਲਿਪੀ ਦੀ ਰਾਜਸੀ ਤਾਕਤ ਨੂੰ ਸਮਝਦੇ ਸਨ, ਇਸ ਕਰਕੇ ਭਾਰਤੀ ਰਾਸ਼ਟਰਵਾਦੀ ਆਗੂਆਂ ਵੱਲੋਂ ਗੁਰਮੁਖੀ ਲਿਪੀ ਨੂੰ ਸਿੱਖ ਪਛਾਣ ਦੀ ਚੇਤਨਾ ਵਿੱਚੋਂ ਵੱਖ ਕਰਨ ਦੇ ਵੱਡੇ ਰਾਜਸੀ ਅਤੇ ਸੱਭਿਆਚਾਰਕ ਯਤਨ ਕੀਤੇ। ਇਸ ਪਰਚੇ ਵਿੱਚ ਭਾਰਤੀ ਰਾਸ਼ਟਰਵਾਦੀਆਂ ਅਤੇ ਭਾਰਤੀ ਸਰਕਾਰ ਵੱਲੋਂ ਗੁਰਮੁਖੀ ਲਿਪੀ ਨੂੰ ਸਿੱਖ ਧਾਰਮਿਕ ਚੇਤਨਾ ਨਾਲੋਂ ਤੋੜਨ ਦੀ ਨੀਤੀ ਦਾ ਨੇਸ਼ਨ ਸਟੇਟ ਦੇ ਵਿਗਾਸ ਦੇ ਸੰਦਰਭ ਵਿੱਚ ਪੈਦਾ ਹੋਣ ਵਾਲੀ ਭਾਸ਼ਾਈ ਰਾਜਨੀਤੀ ਦੇ ਸੰਦਰਭ ਵਿੱਚ ਸਿਧਾਂਤਕ ਵਿਸ਼ਲੇਸ਼ਣ ਕਰਨ ਦਾ ਯਤਨ ਕੀਤਾ ਗਿਆ ਹੈ।

**ਨੇਸ਼ਨ ਸਟੇਟ ਦਾ ਵਿਗਾਸ ਅਤੇ ਭਾਸ਼ਾਈ ਰਾਜਨੀਤੀ:** ਨੇਸ਼ਨ ਸਟੇਟ ਦਾ ਮਾਡਲ ਰਾਜ ਦੇ ਵਿਗਾਸ ਦਾ ਅਹਿਮ ਪੜਾਅ ਹੈ। ਨੇਸ਼ਨ ਸਟੇਟ ਦਾ ਵਰਤਾਰਾ ਰਾਜ ਦੇ ਰਾਜਤੰਤਰ, ਸਾਮਰਾਜੀ ਅਤੇ ਨਗਰ ਰਾਜਾਂ ਦੇ ਪੁਰਾਤਨ ਰੂਪਾਂ ਨੂੰ ਖਤਮ ਕਰਨ ਦੇ ਨਾਲ ਭਾਸ਼ਾਈ ਰਾਜਨੀਤੀ ਨਾਲ ਵੀ ਜੁੜਿਆ ਹੋਇਆ ਹੈ। ਨੇਸ਼ਨ ਸਟੇਟ ਦੇ ਇਸ ਮਾਡਲ ਵਿੱਚ ਜਿੱਥੇ ਕੁੱਝ ਭਾਸ਼ਾਵਾਂ ਨੇ ਕੌਮੀ ਅਤੇ ਸਰਕਾਰੀ ਭਾਸ਼ਾਵਾਂ ਦਾ ਦਰਜਾ ਜਾਂ ਮਾਣ ਹਾਸਿਲ ਕੀਤਾ ਤਾਂ ਦੂਜੇ ਪਾਸੇ ਕਈ ਭਾਸ਼ਾਵਾਂ ਦਾ ਖਾਤਮਾ ਵੀ ਹੋਇਆ। ਫਰਾਂਸ ਵਿੱਚ ਵੱਖ-ਵੱਖ ਭਾਸ਼ਾਈ ਪਛਾਣਾਂ ਦੇ ਖਾਤਮੇ ਦਾ ਅਮਲ ਫਰਾਂਸ ਦੀ ਕ੍ਰਾਂਤੀ ਤੋਂ ਲੈ ਕੇ 1940 ਈ. ਤੱਕ ਚੱਲਿਆ। 1861 ਈ. ਵਿੱਚ ਬਣਨ ਵਾਲੀ ਇਟਲੀ ਦੀ ਨੇਸ਼ਨ ਸਟੇਟ ਨੇ ਵੀਹਵੀਂ ਸਦੀ ਦੇ ਅਖੀਰ ਤੱਕ ਭਾਸ਼ਾਈ ਵਖਰੇਵਿਆਂ ਨੂੰ ਖਤਮ ਕਰਨ ਦੀ ਨੀਤੀ ਅਪਣਾਈ ਰੱਖੀ, ਸਵਿਟਜ਼ਰਲੈਂਡ ਵਿੱਚ ਵੱਖ-ਵੱਖ ਚਾਰ ਭਾਸ਼ਾਵਾਂ ਨੂੰ ਸਰਕਾਰੀ ਮਾਨਤਾ ਦੇਣ ਦੀ ਨੀਤੀ ਕਾਮਯਾਬੀ ਨਾਲ ਅਪਣਾਈ ਗਈ। ਪੱਛਮੀ ਵਿਦਵਾਨਾਂ ਅਤੇ ਰਾਜਨੀਤੀਵਾਨਾਂ ਨੇ ਜਿੱਥੇ ਯੂਰਪ ਵਿੱਚ ਭਾਸ਼ਾਈ ਕੌਮੀ ਏਕੇ ਨੂੰ ਵਿਕਾਸ ਅਤੇ ਤਰੱਕੀ ਦਾ ਸਰੋਤ ਮੰਨਿਆ ਤਾਂ ਦੂਜੇ ਪਾਸੇ ਉੱਤਰ ਬਸਤੀਵਾਦੀ ਰਾਜਾਂ ਵਿੱਚ ਭਾਸ਼ਾਈ ਅਤੇ ਸੱਭਿਆਚਾਰਕ ਵਖਰੇਵਿਆਂ ਨੂੰ ਅਣਡਿੱਠ ਕਰਕੇ ਬਹੁਗਿਣਤੀ ਦੇ ਦਾਬੇ ਹੇਠਲੀਆਂ ਨੇਸ਼ਨ ਸਟੇਟਾਂ ਨੂੰ ਮਾਨਤਾ ਦਿੱਤੀ। ਪੂਰਬੀ ਯੂਰਪ ਵਿੱਚ ਭਾਸ਼ਾਈ ਵਖਰੇਵਿਆਂ ਨੂੰ 'ਪੁਰਾਤਨ ਜਾਂ ਇਤਿਹਾਸਕ ਕੌਮੀ ਨਫਰਤਾਂ' ਮੰਨ ਕੇ ਭਾਸ਼ਾਈ ਘੱਟ ਗਿਣਤੀਆਂ ਦੀ ਰੱਖਿਆ ਲਈ ਨੇਸ਼ਨ ਸਟੇਟ ਦੇ ਖੇਤਰੀ ਅਖੰਡਤਾ ਦੇ ਸਿਧਾਂਤ ਦੇ ਉਲਟ ਰਾਜਸੀ ਹੱਦਾਂ ਬਦਲਣ ਦੀ ਨੀਤੀ ਨੂੰ ਮਾਨਤਾ ਦਿੱਤੀ ਗਈ। ਪਹਿਲੀ ਸੰਸਾਰ ਜੰਗ ਤੋਂ ਬਾਅਦ ਇੰਗਲੈਂਡ ਅਤੇ ਫਰਾਂਸ ਨੇ ਅਮਰੀਕਾ ਦੀ ਮਦਦ ਨਾਲ ਯੂਰਪ ਵਿੱਚ ਆਸਟਰੋ-ਹੰਗੇਰੀਅਨ ਸਾਮਰਾਜ ਨੂੰ ਬਹੁਭਾਸ਼ਾਈ ਅਤੇ ਬਹੁਕੌਮੀ ਪਛਾਣਾਂ ਦੇ ਆਧਾਰ 'ਤੇ ਖਤਮ ਕਰਨ ਦੀ ਨੀਤੀ ਨੂੰ ਮਾਨਤਾ ਦਿੱਤੀ। ਕੌਮਵਾਦ ਦੇ ਸਿਧਾਂਤ ਅਤੇ ਕੌਮੀ-ਭਾਸ਼ਾਈ ਏਕੇ ਉੱਤੇ ਆਧਾਰਤ ਨੇਸ਼ਨ ਸਟੇਟ ਸਿਰਜਣ ਨੂੰ ਮਿਲੀ ਇਸ ਕੌਮਾਂਤਰੀ ਰਾਜਨੀਤਕ ਮਾਨਤਾ ਦੇ ਸਿੱਟੇ ਵਜੋਂ ਪੂਰਬੀ ਯੂਰਪ ਵਿੱਚ ਕਈ ਭਾਸ਼ਾ ਸਮੂਹਾਂ ਨੇ ਭਾਸ਼ਾ ਆਧਾਰਿਤ ਰਾਜਾਂ ਦੀ ਸਿਰਜਣਾ ਕੀਤੀ। ਪੱਛਮੀ ਯੂਰਪ ਵਿੱਚ ਭਾਸ਼ਾਈ ਏਕੇ ਉੱਤੇ ਰਾਜ ਸਿਰਜਣ ਦਾ ਅਮਲ ਉਦਯੋਗਿਕ ਕ੍ਰਾਂਤੀ ਅਤੇ ਆਧੁਨਿਕ ਰਾਜ ਦੇ ਹੋਂਦ ਵਿੱਚ ਆਉਣ ਤੋਂ ਪਹਿਲਾਂ ਹੀ ਕਾਮਯਾਬ ਹੋ ਚੁੱਕਾ ਸੀ। ਮੱਧ ਯੂਰਪ ਵਿੱਚ ਭਾਸ਼ਾਈ ਏਕੇ ਦੇ ਆਧਾਰ 'ਤੇ ਨੇਸ਼ਨ ਸਟੇਟ ਸਿਰਜਣ ਦਾ ਵਰਤਾਰਾ 1918 ਈ. ਤੋਂ ਲੈ ਕੇ 1950 ਈ. ਤੱਕ ਜਾਰੀ ਰਿਹਾ। (2)

ਵਿੱਦਿਅਕ ਪ੍ਰਬੰਧ ਵਿੱਚ ਕੌਮੀ ਭਾਸ਼ਾਵਾਂ ਦੀ ਵਰਤੋਂ, ਤਾਨਾਸ਼ਾਹੀਆਂ, ਫੌਜੀ ਤਾਕਤ ਦੀ ਵਰਤੋਂ ਨਾਲ ਹੱਦਾਂ ਵਿੱਚ ਬਦਲਾਅ ਹੋਣ ਨਾਲ ਅਤੇ ਘੱਟਗਿਣਤੀ ਕੌਮਾਂ ਦੇ ਲੋਕਾਂ ਦੇ ਕਤਲੋਗਾਰਤ ਅਤੇ ਤਬਾਦਲੇ ਨੇ ਯੂਰਪ ਵਿੱਚ ਬਹੁ-ਭਾਸ਼ਾਈ ਰਾਜਾਂ ਦਾ ਇੱਕ ਤਰ੍ਹਾਂ ਨਾਲ ਖਾਤਮਾ ਕਰ ਦਿੱਤਾ। ਇਸ ਤਰ੍ਹਾਂ ਭਾਸ਼ਾਈ ਏਕੇ ਉੱਤੇ ਆਧਾਰਿਤ ਨੇਸ਼ਨ ਸਟੇਟ ਦੇ ਵਿਗਾਸ ਅਮਲ ਨੇ ਇੱਕ ਖਾਸ ਕਿਸਮ ਦੀ ਭਾਸ਼ਾਈ ਰਾਜਨੀਤੀ ਨੂੰ ਜਨਮ ਦਿੱਤਾ। ਭਾਸ਼ਾਈ ਰਾਜਨੀਤੀ ਦਾ ਸਬੰਧ ਕੌਮੀ ਏਕੇ ਅਤੇ ਕੌਮੀ ਹੱਕਾਂ ਨਾਲ ਜੁੜਦਾ ਹੈ। ਜੋ ਵੱਖ-ਵੱਖ ਭਾਸ਼ਾਈ ਸਮੂਹਾਂ ਦੀ ਕੌਮੀ ਪਛਾਣ ਦੇ ਸਰੋਤ ਹੁੰਦੇ ਹਨ। ਧਰਮ ਅਤੇ ਭਾਸ਼ਾ ਦੇ ਤੱਤ ਇੱਕੋ ਭਾਸ਼ਾ ਬੋਲਣ ਵਾਲੇ ਮਨੁੱਖੀ ਸਮੂਹਾਂ ਵਿਚਕਾਰ ਵਖਰੇਵੇਂ ਦਾ ਕਾਰਨ ਬਣ ਜਾਂਦੇ ਹਨ। ਬਹੁਕੌਮੀ ਅਤੇ ਬਹੁਭਾਸ਼ਾਈ ਰਾਜਾਂ ਦੇ ਖਾਤਮੇ ਨੇ ਵੱਖ-ਵੱਖ ਭਾਸ਼ਾਈ ਸਮੂਹਾਂ ਨੂੰ ਇੱਕੋ ਕੇਂਦਰੀ ਤਾਕਤ ਅਧੀਨ ਰਹਿਣ ਲਈ ਮਜਬੂਰ ਕਰ ਦਿੱਤਾ। ਜਿਹੜੇ ਭਾਸ਼ਾਈ ਸਮੂਹ ਆਪਣੇ ਰਾਜ ਸਿਰਜਣ ਵਿੱਚ ਕਾਮਯਾਬ ਰਹੇ, ਉਹ ਨੇਸ਼ਨ ਸਟੇਟ ਦੇ ਇਸ ਕੇਂਦਰੀਕ੍ਰਿਤ ਮਾਡਲ ਦੇ ਸ਼ਿਕਾਰ ਬਣਨ ਤੋਂ ਬਚੇ ਰਹੇ। ਨੇਸ਼ਨ ਸਟੇਟ ਦੀ ਤਾਕਤ ਉੱਤੇ ਕਾਬਜ਼ ਬਹੁਗਿਣਤੀ ਭਾਈਚਾਰੇ ਵੱਲੋਂ ਆਪਣੀ ਭਾਸ਼ਾ ਨੂੰ ਸਰਕਾਰੀ ਅਤੇ ਕੌਮੀ ਭਾਸ਼ਾ ਦਾ ਦਰਜਾ ਦੇ ਕੇ ਦੂਜੇ ਘੱਟਗਿਣਤੀ ਭਾਈਚਾਰਿਆਂ ਦੀਆਂ ਭਾਸ਼ਾਵਾਂ ਨੂੰ ਕੌਮੀ ਭਾਸ਼ਾ ਦੀਆਂ ਉੱਪ-ਬੋਲੀਆਂ (Dialects) ਸਾਬਤ ਕਰਕੇ ਖਤਮ ਕਰਨ ਦੀ ਨੀਤੀ ਅਪਣਾਈ ਗਈ। ਇਸ ਭਾਸ਼ਾਈ ਨੀਤੀ ਨੇ ਲਿਪੀ ਰਹਿਤ ਬੋਲੀਆਂ ਨੂੰ ਖਤਮ ਕਰਨ ਵਿੱਚ ਵੱਡਾ ਯੋਗਦਾਨ ਪਾਇਆ। ਇਸ ਭਾਸ਼ਾਈ ਰਾਜਨੀਤੀ ਤਹਿਤ ਨੇਸ਼ਨ ਸਟੇਟ ਦੀ ਤਾਕਤ 'ਤੇ ਕਾਬਜ਼ ਭਾਸ਼ਾਈ ਭਾਈਚਾਰੇ ਵੱਲੋਂ ਭਾਸ਼ਾ ਵਿਗਿਆਨੀਆਂ ਅਤੇ ਇਤਿਹਾਸਕਾਰਾਂ ਦੀ ਵਰਤੋਂ ਕਰਕੇ ਭਾਸ਼ਾਈ ਘੱਟਗਿਣਤੀਆਂ ਦੀਆਂ ਭਾਸ਼ਾਵਾਂ ਨੂੰ ਸਦੀਆਂ ਤੋਂ ਕੌਮੀ ਜਾਂ ਸਰਕਾਰੀ ਭਾਸ਼ਾ ਦਾ ਹਿੱਸਾ ਸਾਬਤ ਕਰਵਾਇਆ ਗਿਆ। ਭਾਸ਼ਾਈ ਰਾਜਨੀਤੀ ਦੇ ਕਾਰਨ ਪੈਦਾ ਹੋਏ ਇਸ ਭਾਸ਼ਾਈ ਏਕੀਕਰਨ ਜਾਂ ਸਮਰੂਪਤਾ ਦੇ ਅਸਰ ਨੇ ਘੱਟਗਿਣਤੀ ਕੌਮਾਂ ਦੇ ਭਾਸ਼ਾਈ ਕੌਮਵਾਦ ਨੂੰ ਜਨਮ ਦਿੱਤਾ। ਬਹੁਗਿਣਤੀ ਦੇ ਦਾਬੇ ਹੇਠ ਰਹਿ ਰਹੇ ਜਿਹੜੇ ਕੌਮੀ ਭਾਈਚਾਰਿਆਂ ਕੋਲ ਸਾਹਿਤਕ ਭਾਸ਼ਾ ਮੌਜੂਦ ਸੀ, ਉਨ੍ਹਾਂ ਆਪਣੀਆਂ ਭਾਸ਼ਾਵਾਂ ਦੀ ਰਾਖੀ ਲਈ ਆਪਣੀਆਂ ਕੌਮੀ ਲਹਿਰਾਂ ਸਿਰਜੀਆਂ। ਇਨ੍ਹਾਂ ਭਾਈਚਾਰੀਆਂ ਵੱਲੋਂ ਆਪਣੇ ਸਾਹਿਤ ਚਿੰਨ੍ਹਾਂ, ਧਾਰਮਿਕ ਸਥਾਨਾਂ ਅਤੇ ਸੰਸਥਾਵਾਂ, ਤਿਉਹਾਰਾਂ ਅਤੇ ਖੇਡਾਂ ਵਰਗੇ ਸੱਭਿਆਚਾਰਕ ਤੱਤਾਂ ਨੂੰ ਕੌਮੀ ਭਾਸ਼ਾ ਦੀ ਰਾਖੀ ਅਤੇ ਕੌਮੀ ਆਜ਼ਾਦੀ ਦੀਆਂ ਲਹਿਰਾਂ ਦੇ ਸਰੋਤ ਬਣਾ ਲਿਆ ਗਿਆ। ਇਸ ਵਰਤਾਰੇ ਨੇ ਕੌਮਾਂ ਦੀਆਂ ਭਾਸ਼ਾਵਾਂ ਨੂੰ ਧਾਰਮਿਕ ਭਾਸ਼ਾਵਾਂ ਵਾਂਗ ਰਾਜਸੀ ਤੌਰ 'ਤੇ ਪਵਿੱਤਰ ਭਾਸ਼ਾਵਾਂ ਬਣਾ ਦਿੱਤਾ। (3) ਇਸ ਤਰ੍ਹਾਂ ਆਧੁਨਿਕ ਨੇਸ਼ਨ ਸਟੇਟ ਅਤੇ ਭਾਸ਼ਾਈ ਰਾਜਨੀਤੀ ਨੇ ਕੌਮੀ ਏਕੇ ਅਤੇ ਕੌਮੀ ਪਛਾਣ ਦੇ ਕੌਮੀ ਤੱਤਾਂ ਨੂੰ ਕੌਮੀ ਭਾਸ਼ਾ ਨਾਲ ਜੋੜ ਦਿੱਤਾ। ਕੌਮੀ ਭਾਸ਼ਾ ਨੂੰ ਖਤਰਾ ਕੌਮੀ ਭਾਈਚਾਰੇ ਦੇ ਏਕੇ ਨੂੰ ਖਤਰੇ ਦਾ ਰੂਪ ਧਾਰਨ ਕਰ ਗਿਆ।

**ਬ੍ਰਿਟਿਸ਼ ਕਾਲ ਦੌਰਾਨ ਭਾਰਤੀ ਰਾਸ਼ਟਰਵਾਦੀਆਂ ਦੀ ਭਾਸ਼ਾਈ ਰਾਜਨੀਤੀ ਨੂੰ ਦੇਸ਼ਹਿੱਤ ਵਿੱਚ ਅਣਡਿੱਠ ਕਰਨ ਦੀ ਸਿੱਖ ਨੀਤੀ:** ਭਾਰਤੀ ਬੌਧਿਕ ਰਾਸ਼ਟਰਵਾਦੀਆਂ ਨੇ ਅਠਾਰਵੀਂ ਅਤੇ ਉਨੀਵੀਂ ਸਦੀ ਦੌਰਾਨ ਯਹੂਦੀ-ਇਸਾਈ ਪਰੰਪਰਾ 'ਤੇ ਆਧਾਰਿਤ ਹਿੰਦੂ ਧਰਮ ਦੀ ਪੁਨਰ-ਸਿਰਜਣਾ ਨੂੰ ਸਵਰਾਜ (ਆਜ਼ਾਦੀ) ਦੀ ਪ੍ਰਾਪਤੀ ਅਤੇ ਬ੍ਰਿਟਿਸ਼ ਸਾਮਰਾਜੀ ਤਾਕਤ ਦਾ ਮੁਕਾਬਲਾ ਕਰਨ ਲਈ ਪੂਰਨ ਮਾਨਤਾ ਦਿੱਤੀ। ਬ੍ਰਾਹਮਣ ਹਿੰਦੂ ਵਰਗ ਦੇ ਹਿੰਦੂ ਰੀਤੀ ਰਿਵਾਜਾਂ ਅਤੇ ਸਾਹਿਤ ਬਾਰੇ ਪੇਸ਼ੇਵਰ ਗਿਆਨ ਨੇ ਇਸ ਵਰਗ ਨੂੰ ਬ੍ਰਿਟਿਸ਼ ਸਾਮਰਾਜੀ ਸ਼ਾਸ਼ਕਾਂ ਦੇ ਸਿੱਧੇ ਸੰਪਰਕ ਵਿੱਚ ਲਿਆਂਦਾ। (4) ਪੱਛਮੀ ਵਿਦਵਾਨ ਜੋ ਯਹੂਦੀ-ਇਸਾਈ ਧਾਰਮਿਕ ਪਰੰਪਰਾ ਅਨੁਸਾਰ ਹਿੰਦੂ ਧਰਮ ਦਾ ਅਧਿਐਨ ਕਰ ਰਹੇ ਸਨ, ਨੂੰ ਬ੍ਰਾਹਮਣੀ ਹਿੰਦੂ ਵਰਗ ਵਿੱਚੋਂ ਹਿੰਦੂ ਧਰਮ ਨੂੰ ਸ਼ਾਸ਼ਿਤ (ਘੋਵਇਰਨ) ਕਰਨ ਵਾਲੀ ਵਿਰਾਸਤੀ ਧਾਰਮਿਕ ਸੱਤਾ ਮਿਲ ਗਈ। ਹਿੰਦੂ ਧਰਮ ਦੇ ਪਤਨ ਤੋਂ ਚਿੰਤਿਤ ਬ੍ਰਾਹਮਣ ਪੁਜਾਰੀ ਅਤੇ ਪੰਡਿਤ ਪੱਛਮੀ ਵਿਦਵਾਨਾਂ ਵੱਲੋਂ ਹਿੰਦੂ ਧਰਮ ਦੇ ਪੱਛਮੀ ਧਾਰਮਿਕ ਪਰੰਪਰਾ ਅਨੁਸਾਰ ਸੋਧੇ ਹੋਏ ਰੂਪ ਨੂੰ ਅਪਨਾਉਣ ਲਈ ਸੌਖਿਆਂ ਹੀ ਤਿਆਰ ਹੋ ਗਏ। ਸਿੱਟੇ ਵਜੋਂ ਬ੍ਰਾਹਮਣ ਜਾਤੀ ਦੇ ਧਾਰਮਿਕ ਵੈਦਿਕ ਵਿਸ਼ਵਾਸਾਂ ਤੇ ਗ੍ਰੰਥਾਂ ਨੂੰ ਹਿੰਦੂ ਧਾਰਮਿਕਤਾ ਦੇ ਕੇਂਦਰੀ ਤੱਤ ਪ੍ਰਵਾਨ ਕਰ ਲਿਆ ਗਿਆ। ਵੈਦਾਂਤ ਤੇ ਖਾਸ ਕਰ ਅਦੈਤਵਾਦ ਵਰਗੇ ਬ੍ਰਾਹਮਣੀ ਸਿਧਾਂਤ ਆਧੁਨਿਕ ਹਿੰਦੂ ਧਰਮ ਨਾਲ ਜੁੜ ਗਏ। ਇਸ ਬੌਧਿਕ ਤਕਨੀਕ ਦੀ ਵਰਤੋਂ ਨਾਲ ਹਿੰਦੂ ਧਰਮ ਬ੍ਰਾਹਮਣੀ ਧਾਰਮਿਕ ਸੱਤਾ ਹੇਠਲੇ ਏਕਾਤਮਕ ਧਰਮਾਂ ਦਾ ਰੂਪ ਧਾਰਨ ਕਰ ਗਿਆ। ਭਾਰਤੀ ਹਿੰਦੂ ਵਿਦਵਾਨਾਂ ਲਈ ਹਿੰਦੂ ਧਰਮ ਦਾ ਇਹ ਏਕਾਤਮਕ ਰੂਪ ਕਿਸੇ ਵਰਦਾਨ ਤੋਂ ਘੱਟ ਨਹੀਂ ਸੀ। ਧਰਮ ਦੇ ਇਸ ਰੂਪ ਨੂੰ ਰੱਦ ਕਰਨ ਦਾ ਹਿੰਦੂ ਵਿਦਵਾਨਾਂ ਕੋਲ ਕੋਈ ਕਾਰਨ ਨਹੀਂ ਸੀ। ਪੱਛਮੀ ਵਿਦਵਾਨਾਂ ਵੱਲੋਂ ਲੱਭਿਆ ਗਿਆ ਇਹ ਹਿੰਦੂ ਧਾਰਮਿਕ ਤੇ ਸੱਭਿਆਚਾਰਕ ਏਕਾਤਮਕ ਰੂਪ ਭਾਰਤੀ ਰਾਸ਼ਟਰਵਾਦੀਆਂ ਦੇ ਭਾਰਤੀ ਕੌਮੀ ਰਾਜ ਦੀ ਸਿਰਜਣਾ ਲਈ ਕੌਮੀ ਪਛਾਣ ਦਾ ਤਾਕਤਵਰ ਸਰੋਤ ਬਣ ਗਿਆ। (5)

ਇਸ ਵਰਤਾਰੇ ਦੇ ਸਿੱਟੇ ਵਜੋਂ ਭਾਰਤੀ ਰਾਸ਼ਟਰਵਾਦ ਅਤੇ ਹਿੰਦੂ ਬ੍ਰਾਹਮਣਵਾਦੀ ਬਸਤੀਵਾਦ ਇੱਕ ਸਾਂਝਾ ਰੂਪ ਅਖਤਿਆਰ ਕਰ ਗਿਆ। ਬ੍ਰਾਹਮਣਵਾਦ ਸੰਸਕ੍ਰਿਤ ਭਾਸ਼ਾ ਦੇ ਆਧਾਰ 'ਤੇ ਸਿਰਜੇ ਗਏ 'ਉੱਚ ਬ੍ਰਾਹਮਣੀ ਸੱਭਿਆਚਾਰ' ਦੇ ਰੂਪ ਵਿੱਚ ਭਾਰਤੀ ਉੱਪ-ਮਹਾਂਦੀਪ ਦੇ ਸਮਾਜਕ ਅਤੇ ਧਾਰਮਿਕ ਸਪੇਸ ਉੱਤੇ ਸਦੀਆਂ ਤੋਂ ਕਾਬਜ਼ ਰਿਹਾ ਹੈ। ਸੰਸਕ੍ਰਿਤ ਭਾਸ਼ਾ ਦੀ ਵਰਤੋਂ ਰਾਹੀਂ ਸਿਰਜਿਆ ਬਸਤੀਵਾਦੀ ਬ੍ਰਾਹਮਣਵਾਦੀ ਤਾਕਤਵਰ ਪ੍ਰਵਚਨ ਮੁੱਖ ਰੂਪ ਵਿੱਚ 'ਵੈਦਿਕ ਸ਼ਾਸ਼ਤਰੀ ਅਤੇ ਲੌਕਿਕ ਗਿਆਨ' ਦੇ ਵੱਖ-ਵੱਖ ਰੂਪ ਵਿੱਚ ਕਾਰਜ ਕਰਦਾ ਰਿਹਾ ਹੈ। ਬ੍ਰਾਹਮਣਵਾਦੀ ਵਿਚਾਰਧਾਰਾ ਅਤੇ ਪ੍ਰਵਚਨ ਦੇ ਧੁਰ ਅੰਦਰਲੀ ਬਸਤੀਵਾਦੀ ਬਿਰਤੀ ਇਤਿਹਾਸਕ ਤੌਰ 'ਤੇ ਪੱਛਮੀ ਬਸਤੀਵਾਦ ਤੋਂ ਪੂਰਨ ਤੌਰ 'ਤੇ ਵੱਖਰਾ ਵਰਤਾਰਾ ਹੈ। (6)


ਬ੍ਰਾਹਮਣਵਾਦੀ ਬਸਤੀਵਾਦੀ ਪ੍ਰਵਚਨ ਬਾਰੇ ਟਿੱਪਣੀ ਕਰਦਿਆਂ ਇੱਕ ਵਿਦਵਾਨ ਨੇ ਲਿਖਿਆ ਹੈ, ਬ੍ਰਾਹਮਣਾਂ ਨੇ (ਗਿਆਨ) ਦੀ ਜਾਣਕਾਰੀ ਨੂੰ ਹਮੇਸ਼ਾ ਆਪਣੇ ਕਬਜ਼ੇ ਹੇਠ ਰੱਖਿਆ ਹੈ। (ਗਿਆਨ ਦੀ ਜਾਣਕਾਰੀ ਉੱਤੇ ਕਬਜ਼ਾ) ਇਨ੍ਹਾਂ ਦੀ ਸ਼ਾਨ ਦਾ ਸਰੋਤ ਹੈ। ਇਹ ਬ੍ਰਾਹਮਣ ਹੀ ਸਨ, ਜਿਨ੍ਹਾਂ ਨੇ ਪੱਛਮੀ ਵਿਦਵਾਨਾਂ ਨੂੰ ਭਾਰਤੀ (ਹਿੰਦੂ) ਸੰਸਥਾਵਾਂ ਬਾਰੇ ਜਾਣਕਾਰੀ ਦਿੱਤੀ। ਇਹ ਜਾਣਕਾਰੀ ਸਰਬ ਭਾਰਤੀ ਪੱਧਰ ਉੱਤੇ ਇੰਨੀ ਜ਼ਿਆਦਾ ਸੀ ਕਿ ਇਸ ਵਿੱਚੋ ਇੱਕ ਅਜਿਹਾ ਨਵਾਂ ਧਰਮ ਉੱਭਰਿਆ, ਜਿਸ ਦੀ ਭਾਰਤ ਨੂੰ ਪਹਿਲਾਂ ਕੋਈ ਜਾਣਕਾਰੀ ਨਹੀਂ ਸੀ।" (7)

ਇਸ ਤਰ੍ਹਾਂ ਹਿੰਦੂ ਸੰਸਕ੍ਰਿਤਿਕ ਬ੍ਰਾਹਮਣਵਾਦ ਅਤੇ ਰਾਸ਼ਟਰਵਾਦੀ ਹਿੰਦੂਵਾਦ ਦੇ ਸੁਮੇਲ ਤੋਂ ਭਾਰਤੀ ਰਾਸ਼ਟਰਵਾਦੀ ਬਸਤੀਵਾਦ ਦਾ ਤਾਕਤਵਰ ਵਰਤਾਰਾ ਪੈਦਾ ਹੋਇਆ, ਜਿਸ ਨੇ ਪਹਿਲਾਂ ਤੋਂ ਹੀ ਸੰਸਕ੍ਰਿਤਿਕ ਅਤੇ ਵੈਦਿਕ ਬ੍ਰਾਹਮਣਵਾਦ ਦੇ ਸ਼ਿਕਾਰ ਹੋਏ ਸਿੱਖ ਬੌਧਿਕ ਤੇ ਧਾਰਮਿਕ ਹਿੱਸਿਆਂ ਨੂੰ ਭਾਰਤੀ ਰਾਸ਼ਟਰਵਾਦ ਦੇ ਮੱਕੜਜਾਲ ਵਿੱਚ ਬੁਰੀ ਤਰ੍ਹਾਂ ਜਕੜ ਲਿਆ। 1880 ਈ. ਤੋਂ ਬਾਅਦ ਗੁਰਮੁਖੀ ਲਿਪੀ ਇਸ ਭਾਰਤੀ ਰਾਸ਼ਟਰਵਾਦੀ ਜਕੜ ਦੀ ਲਗਾਤਾਰ ਸ਼ਿਕਾਰ ਬਣੀ ਰਹੀ। ਇਸ ਦਾ ਵੱਡਾ ਕਾਰਨ ਸਿੱਖਾਂ ਵਿੱਚ ਹਿੰਦੂ ਰਾਸ਼ਟਰਵਾਦੀਆਂ ਵਰਗੀ ਕੌਮੀ ਚੇਤਨਾ ਦੀ ਵੱਡੀ ਘਾਟ ਸੀ। 1880 ਈ. ਤੱਕ ਪੰਜਾਬ ਦੇ ਹਿੰਦੂਆਂ ਦੀ ਕੌਮੀ ਚੇਤਨਾ ਅਤੇ ਕੌਮੀ ਪਛਾਣ ਹਿੰਦੀ ਭਾਸ਼ਾ ਨਾਲ ਪੂਰੀ ਤਰ੍ਹਾਂ ਇੱਕਮਿੱਕ ਹੋ ਚੁੱਕੀ ਸੀ। ਪੰਜਾਬ ਦੇ ਮੱਧ ਅਤੇ ਪੱਛਮੀ ਹਿੱਸੇ ਵਿੱਚ ਰਹਿਣ ਵਾਲੇ ਸ਼ਹਿਰੀ ਹਿੰਦੂ, ਖੱਤਰੀ, ਅਰੋੜੇ ਅਤੇ ਅਗਰਵਾਲ ਬ੍ਰਿਟਿਸ਼ ਰਾਜ ਦੇ ਵਿੱਦਿਅਕ, ਪੇਸ਼ੇਵਰ, ਉਦਯੋਗਿਕ ਅਤੇ ਵਪਾਰਿਕ ਖੇਤਰ ਉੱਤੇ ਲਗਭਗ ਕਾਬਜ਼ ਹੋ ਚੁੱਕੇ ਸਨ। ਪੰਜਾਬ ਦੇ ਸ਼ਹਿਰੀ ਖੱਤਰੀ ਹਿੰਦੂ ਵਰਗਾਂ ਦੀ ਵਿੱਦਿਅਕ ਦਰ ਬੇਹੱਦ ਉੱਚੀ ਸੀ। ਸਿੱਖਾਂ ਦਾ ਇਸ ਪੱਧਰ ਉੱਤੇ ਇਨ੍ਹਾਂ ਹਿੰਦੂ ਵਰਗਾਂ ਨਾਲ ਕੋਈ ਮੁਕਾਬਲਾ ਨਹੀਂ ਸੀ। 1891 ਈ. ਵਿੱਚ ਪੰਜਾਬ ਵਿਚਲੇ ਕੁੱਲ ਪੜ੍ਹੇ-ਲਿਖੇ ਲੋਕਾਂ ਵਿੱਚ 89 ਪ੍ਰਤੀਸ਼ਤ ਆਬਾਦੀ ਇਸ ਹਿੰਦੂ ਖੱਤਰੀ ਵਰਗ ਦੀ ਸੀ। ਇਸ ਸਮੇਂ ਪੰਜਾਬ ਵਿੱਚ ਅੰਗਰੇਜ਼ੀ ਬੋਲਣ ਜਾਂ ਜਾਨਣ ਵਾਲੇ ਲੋਕਾਂ ਵਿੱਚ 82 ਪ੍ਰਤੀਸ਼ਤ ਅਬਾਦੀ ਵੀ ਇਸ ਸ਼ਹਿਰੀ ਹਿੰਦੂ ਖੱਤਰੀ ਵਰਗ ਦੀ ਸੀ। ਅੰਗਰੇਜ਼ੀ ਪੜ੍ਹੇ ਇਹ 80 ਪ੍ਰਤੀਸ਼ਤ ਲੋਕ ਬ੍ਰਿਟਿਸ਼ ਰਾਜ ਦੀਆਂ ਪੰਜਾਬ ਅੰਦਰਲੀਆਂ ਸਰਕਾਰੀ ਨੌਕਰੀਆਂ ਉੱਤੇ ਕਾਬਜ਼ ਸਨ, ਜਿਨ੍ਹਾਂ ਦੀ ਤਨਖਾਹ 75 ਰੁਪਏ ਜਾਂ ਇਸ ਤੋਂ ਵੱਧ ਸੀ। ਇਨ੍ਹਾਂ ਲੋਕਾਂ ਦਾ ਪੰਜਾਬ ਦੇ ਵਿੱਦਿਅਕ, ਕਾਨੂੰਨੀ, ਸਿਹਤ ਸਹੂਲਤਾਂ, ਇੰਜੀਨੀਅਰਿੰਗ ਅਤੇ ਪੱਤਰਕਾਰੀ ਦੇ ਪੇਸ਼ਿਆਂ ਉੱਤੇ ਪੂਰਨ ਕਬਜ਼ਾ ਸੀ। ਉਦਯੋਗਿਕ ਅਤੇ ਬੈਂਕਿੰਗ ਦੇ ਖੇਤਰ ਵਿੱਚ ਪੰਜਾਬੀ ਖੱਤਰੀ ਹਿੰਦੂ ਪੂਰੀ ਤਰ੍ਹਾਂ ਛਾਏ ਹੋਏ ਸਨ। ਲਾਹੌਰ ਵਿੱਚ ਇਸ ਸਮੇਂ ਸਰਕਾਰੀ ਤੌਰ 'ਤੇ ਰਜਿਸਟਰ ਹੋਈਆਂ ਫੈਕਟਰੀਆਂ ਵਿੱਚੋਂ 60 ਪ੍ਰਤੀਸ਼ਤ ਸ਼ਹਿਰੀ ਖੱਤਰੀ ਹਿੰਦੂਆਂ ਦੀਆਂ ਸਨ। ਬ੍ਰਿਟਿਸ਼

⇒ **ਬਾਕੀ ਸਫਾ 9 ਉਤੇ ਪੜ੍ਹੋ**

**ਨਜ਼ਰੀਆ**

ਗੁਰਪ੍ਰੀਤ ਸਿੰਘ ਮੰਡਿਆਣੀ
ਫੋਨ:+91-8872664000



**ਸਾਕਾ ਨਨਕਾਣਾ ਸਾਹਿਬ (3)**

## ਜ਼ਿੰਮੇਵਾਰ ਧਿਰਾਂ ਅਤੇ ਹਾਲਾਤ ਉੱਤੇ ਨਜ਼ਰਸਾਨੀ

# ਗੁਰਦੁਆਰਿਆਂ ‘ਤੇ ਕਬਜ਼ੇ ਦਾ ਬਿਰਤਾਂਤ

*20 ਅਕਤੂਬਰ 1920 ਨੂੰ ਲਾਹੌਰ ਦੇ ਬਰੈਡਲੇ ਹਾਲ ਵਿੱਚ ਚੱਲ ਰਹੇ ਸਿੱਖ ਲੀਗ ਦੇ ਸਮਾਗਮ ਮੌਕੇ ਗਾਂਧੀ ਨੇ ਇਹ ਆਖਿਆ: “ਮੁਝੇ ਮਾਲੂਮ ਹੂਆ ਹੈ ਕਿ ਕੁਛ ਨੌਜਵਾਨ ਸਿੱਖ ਗੁਰਦੁਆਰੋਂ ਪਰ ਕਬਜ਼ੇ ਕਰ ਰਹੇ ਹੈਂ, ਯਿਹ ਠੀਕ ਨਹੀਂ ਹੈ, ਮਹੰਤ ਲੋਗੋਂ ਕੋ ਨਿਕਾਲ ਕਰ ਗੁਰਦੁਆਰੋਂ ਕਾ ਕਬਜ਼ਾ ਕਰਨਾ ਜਬਰ ਹੈ। ਕਾਂਗਰਸ ਕਾ ਕਾਮ ਕਰਨਾ ਚਾਹੀਏ।”*

*ਕਿਸੇ ਕੌਮ ਦੇ ਇਤਿਹਾਸ ਨੇ ਕੌਮ ਦੇ ਸਾਹਮਣੇ ਇੱਕ ਅਜਿਹੀ ਮਿਸਾਲ ਵਾਂਗੂੰ ਪੇਸ਼ ਹੋਣਾ ਹੁੰਦਾ ਹੈ, ਜਿਸ ਨੂੰ ਵਾਚ ਕੇ ਕੌਮ ਨੇ ਆਪਣੀ ਹੋਣੀ ਦੀ ਵਿਉਂਤਬੰਦੀ ਘੜਨੀ ਹੁੰਦੀ ਹੈ। ਜੇ ਇਤਿਹਾਸਕਾਰੀ ਹੀ ਗਲਤ ਹੋਈ ਹੋਵੇ ਤਾਂ ਇਹ ਕੌਮ ਦੇ ਭਵਿੱਖ ’ਤੇ ਨਾਂਹ-ਪੱਖੀ ਅਸਰ ਪਾਏ ਬਿਨਾ ਨਹੀਂ ਰਹਿ ਸਕਦੀ। ਇੱਕ ਪਾਸੜ ਇਤਿਹਾਸਕਾਰੀ ਦੇ ਦੁਖਾਂਤ ਨੇ ਸਿੱਖ ਕੌਮ ਦੀ ਸੋਚ ਨੂੰ ਸਦੀਆਂ ਤੋਂ ਗ੍ਰਹਿਣ ਲਾਇਆ ਹੋਇਆ ਹੈ। ਇੰਜ ਹੀ ‘ਸਾਕਾ ਨਨਕਾਣਾ ਸਾਹਿਬ’ ਬਾਬਤ ਬੜਾ ਕੁਝ ਲਿਖਿਆ ਗਿਆ ਹੈ। ਇਹ ਸਾਕਾ ਵਾਪਰੇ ਨੂੰ ਇੱਕ ਸਦੀ ਅਤੇ 4 ਸਾਲ ਹੋ ਚੱਲੇ ਹਨ। ਹਥਲੇ ਲੰਮੇ ਲੇਖ ਵਿੱਚ ਇਸ ਸਾਕੇ ਲਈ ਜ਼ਿੰਮੇਵਾਰ ਧਿਰਾਂ ਜਾਂ ਹਾਲਾਤ ਨੂੰ ਪੜਚੋਲਣ ਜਾਂ ਨਜ਼ਰਸਾਨੀ ਕਰਨ ਦਾ ਯਤਨ ਕੀਤਾ ਗਿਆ ਹੈ। ਪੇਸ਼ ਹੈ, ਲੇਖ ਦੀ ਦੂਜੀ ਕਿਸ਼ਤ... ਪ੍ਰਬੰਧਕੀ ਸੰਪਾਦਕ*

(ਲੜੀ ਜੋੜਨ ਲਈ ਪਿਛਲਾ ਅੰਕ ਵੇਖੋ)

### ਗੁਰਦੁਆਰਾ ਸੱਚਾ ਸੌਦਾ ’ਤੇ ਕਬਜ਼ਾ

27 ਦਸੰਬਰ 1920 ਨੂੰ 40-50 ਸਿੱਖਾਂ ਦਾ ਜਥਾ ਭਾਈ ਦਲੀਪ ਸਿੰਘ ਅਤੇ ਕਰਤਾਰ ਸਿੰਘ ਝੱਬਰ ਦੀ ਅਗਵਾਈ ਵਿੱਚ ਗੁਰਦੁਆਰਾ ਸੱਚਾ ਸੌਦਾ ਪਹੁੰਚਿਆ। ਇੱਥੋਂ ਦੇ ਮਹੰਤ ਦਾ ਨਾਂ ਵੀ ਨਰੈਣ ਦਾਸ ਸੀ। ਅਕਾਲੀਆਂ ਨੇ ਮਹੰਤ ਅਤੇ ਉਸਦੇ ਚੇਲੇ ਇਕੱਠੇ ਕੀਤੇ ਤੇ ਉਨ੍ਹਾਂ ਨੂੰ ਗੁਰਦੁਆਰੇ ’ਚ ਮੂਰਤੀ ਪੂਜਾ, ਤੰਬਾਕੂਨੋਸ਼ਾਂ ਤੋਂ ਕੀਰਤਨ ਕਰਵਾਉਣ ਅਤੇ ਨਾਜਾਇਜ਼ ਤੀਵੀਆਂ ਰੱਖਣ ਦੇ ਇਲਜ਼ਾਮ ਤਹਿਤ ਗੁਰਦੁਆਰਾ ’ਚੋਂ ਬਾਹਰ ਕੱਢ ਮਾਰਿਆ। ਸਿੰਘਾਂ ਨੂੰ ਹੁਕਮ ਦਿੱਤਾ ਕਿ ਅੰਦਰੋਂ ਤਾਂ ਕੋਈ ਸੂਈ ਵੀ ਬਾਹਰ ਨਹੀਂ ਨਿਕਲਣ ਦੇਣੀ ਤੇ ਬਾਹਰੋਂ ਡਾਂਗ ਸੋਟੇ ਵਾਲਾ ਕੋਈ ਅੰਦਰ ਨਹੀਂ ਵੜਨ ਦੇਣਾ। ਮਹੰਤ ਨੇ ਚੂਹੜਕਾਣਾ ਮੰਡੀ ਥਾਣੇ ਜਾ ਕੇ ਕਬਜ਼ੇ ਦੀ ਰਿਪੋਰਟ ਲਿਖਾਈ, ਪਰ ਕੋਈ ਪੁਲਿਸ ਵਾਲਾ ਉਹਦੇ ਨਾਲ ਨਹੀਂ ਤੁਰਿਆ। ਇੱਥੇ ਵੀ ਮਹੰਤਾਂ ਵੱਲੋਂ ਪੁਲਿਸ ਪਾਸ ਦਿੱਤੀ ਦਰਖਾਸਤ ਨੂੰ ਅਣਸੁਣਿਆ ਕਰਨਾ ਸਰਕਾਰ ਵੱਲੋਂ ਮਹੰਤਾਂ ਦੀ ਪਿੱਠ ਪੂਰਨ ਦੇ ਦੋਸ਼ ਨੂੰ ਖਾਰਜ ਕਰਦਾ ਹੈ।

### ਗੁਰਦੁਆਰਾ ਤਰਨਤਾਰਨ ’ਤੇ ਕਬਜ਼ਾ

29 ਜਨਵਰੀ 1921 ਨੂੰ ਕਰਤਾਰ ਸਿੰਘ ਝੱਬਰ ਦੀ ਅਗਵਾਈ ਹੇਠ ਇੱਕ ਜਥਾ ਗੁਰਦੁਆਰਾ ਤਰਨਤਾਰਨ ਸਾਹਿਬ ’ਤੇ ਕਬਜ਼ੇ ਲਈ ਪੁੱਜਿਆ। ਇਸੇ ਰਾਤ ਪੁਜਾਰੀਆਂ ਤੇ ਅਕਾਲੀਆਂ ਵਿਚਕਾਰ ਟਕਰਾਅ ਹੋਇਆ, ਦੋਵੇਂ ਧਿਰਾਂ ਦੇ ਬੰਦੇ ਫੱਟੜ ਹੋਏ। ਬਾਅਦ ਵਿੱਚ ਜ਼ਖਮਾਂ ਦੀ ਤਾਬ ਨਾ ਝੱਲਦੇ ਹੋਏ ਦੋ ਅਕਾਲੀ ਸ਼ਹੀਦ ਹੋ ਗਏ। ਪੁਜਾਰੀਆਂ ’ਤੇ ਤਾਂ ਪੁਲਿਸ ਨੇ ਰਾਤ ਪਰਚਾ ਦਰਜ ਕਰ ਲਿਆ ਸੀ, ਪਰ ਅਗਲੀ ਸਵੇਰੇ ਤਕ ਅਕਾਲੀਆਂ ਦੇ ਖ਼ਿਲਾਫ਼ ਪੁਜਾਰੀਆਂ ਦਾ ਪਰਚਾ ਦਰਜ ਨਹੀਂ ਕੀਤਾ। ਕਿਉਂਕਿ ਅਕਾਲੀਆਂ ਨੇ ਆਪਣੇ ਫੱਟੜ ਰਾਤ ਨੂੰ ਹੀ ਹਸਪਤਾਲ ਭਰਤੀ ਕਰਵਾ ਦਿੱਤੇ ਸਨ ਤੇ ਕਿਹਾ ਕਿ ਸਾਡੇ ਸਿੰਘ ਸ਼ਹੀਦ ਹੋ ਜਾਣ ਦੀ ਖਬਰ ਸੁਣ ਕੇ ਆਪਣੇ ਬੰਦੇ ਆਪ ਹੀ ਫੱਟੜ ਕੀਤੇ ਹਨ। ਬਾਅਦ ਵਿੱਚ ਪਤਾ ਨਹੀਂ ਅਕਾਲੀਆਂ ਦਾ ਨਾਂ ਪਰਚੇ ਵਿੱਚ ਕਿਵੇਂ ਆਇਆ, ਜਿਸ ਵਿੱਚ 9 ਜਨਵਰੀ 1922 ਨੂੰ 15 ਅਕਾਲੀਆਂ ਨੂੰ ਇੱਕ ਇਕ ਸਾਲ ਦੀ ਕੈਦ ਅਤੇ ਪੰਜਾਹ ਹਜ਼ਾਰ ਜੁਰਮਾਨਾ ਹੋਇਆ। ਜਦਕਿ ਪੰਦਰਾਂ ਪੁਜਾਰੀਆਂ ਨੂੰ ਤਿੰਨ ਤਿੰਨ ਸਾਲ ਦੀ ਕੈਦ ਤੇ ਪੰਜਾਹ ਹਜ਼ਾਰ ਜੁਰਮਾਨਾ ਹੋਇਆ। ਅਪੀਲ ਦੌਰਾਨ ਸੈਸ਼ਨ ਜੱਜ ਨੇ ਪੁਜਾਰੀਆਂ ਦੀ ਸਜ਼ਾ ਨੌਂ-ਨੌਂ ਮਹੀਨੇ ਅਤੇ ਅਕਾਲੀਆਂ ਦੀ ਛੇ-ਛੇ ਮਹੀਨੇ ਕਰ ਦਿੱਤੀ। ਤਰਨਤਾਰਨ ਦੇ ਨੇੜੇ 14 ਫਰਵਰੀ ਨੂੰ ਨੌਰੰਗਾਬਾਦ ਅਤੇ 18 ਫਰਵਰੀ 1921 ਨੂੰ ਖਡੂਰ ਸਾਹਿਬ ਦੇ ਮਹੰਤਾਂ ਨੇ ਅਕਾਲੀਆਂ ਤੋਂ ਡਰਦਿਆਂ ਪੰਥ ਦੀ ਪਾਬੰਦੀ ’ਚ ਰਹਿ ਕੇ ਸੇਵਾ ਕਰਨੀ ਮੰਨ ਲਈ।

### ਗੁਰਦੁਆਰਾ ਗੁਰੂ ਕੇ ਬਾਗ ’ਤੇ ਕਬਜ਼ਾ

31 ਜਨਵਰੀ 1921 ਨੂੰ ਕਰਤਾਰ ਸਿੰਘ ਝੱਬਰ ਦੀ ਅਗਵਾਈ ਵਿੱਚ 50 ਸਿੰਘਾਂ ਦਾ ਜਥਾ ਅੰਮ੍ਰਿਤਸਰ ਤੋਂ ਟਾਂਗਿਆਂ ਰਾਹੀਂ ਅਤੇ ਉਥੋਂ ਪੈਦਲ ਚੱਲ ਕੇ ਗੁਰਦੁਆਰਾ ਗੁਰੂ ਕੇ ਬਾਗ ਘੁੱਕੇ ਵਾਲੀ ਰੋਡ ਪੁੱਜ ਗਿਆ। ਇੱਥੇ ਇਨ੍ਹਾਂ ਨੇ ਆਲੇ-ਦੁਆਲੇ ਪਿੰਡਾਂ ਵਿੱਚ ਖਬਰ ਕਰ ਦਿੱਤੀ ਤਾਂ 400-500 ਸਿੰਘਾਂ ਦਾ ਇਕੱਠ ਹੋ ਗਿਆ। ਅਗਲੀ ਸਵੇਰ ਦੀਵਾਨ ਦੀ ਸਮਾਪਤੀ ਤੋਂ ਬਾਅਦ ਸ. ਝੱਬਰ ਨੇ ਜਥੇ ਦੇ ਸਿੰਘਾਂ ਨੂੰ ਹੁਕਮ ਦਿੱਤਾ ਕਿ ਗੁਰਦੁਆਰੇ ਦੇ ਹਾਤੇ ਵਿੱਚੋਂ ਮਹੰਤ ਦੇ ਬੰਦਿਆਂ ਨੂੰ ਬਾਹਰ ਕੱਢ ਦਿਓ, ਪੰਜ ਸਿੰਘ ਗੁਰਦੁਆਰੇ ਦੇ ਅੰਦਰ ਬੈਠ ਜਾਓ, ਦਸ ਸਿੰਘ ਗੁਰਦੁਆਰੇ ਦੇ ਬਾਹਰਲੇ ਦਰਵਾਜ਼ੇ ਅੱਗੇ ਬੈਠੋ। ਅੱਜ ਸਾਰੇ ਸਿੰਘ ਰਾਤ ਗੁਰਦੁਆਰੇ ਵਿੱਚ ਹੀ ਰਹੋ। ਭਲਕੇ ਮਹੰਤ ਨੂੰ ਉਸਦੇ ਡੇਰੇ ਤੋਂ ਕੱਢਾਂਗੇ। ਇਸ ਕਾਰਵਾਈ ਨਾਲ ਮਹੰਤ ਡਰ ਗਿਆ, ਉਸ ਨੇ ਸ. ਅਮਰ ਸਿੰਘ ਝਬਾਲ ਨੂੰ ਵਿੱਚ ਪਾ ਕੇ ਕਬਜ਼ਾ ਅਕਾਲੀਆਂ ਨੂੰ ਦੇਣ ਦੀ ਪੇਸ਼ਕਸ਼ ਕੀਤੀ ਅਤੇ ਕਿਹਾ ਕਿ ਅੱਗੇ ਤੋਂ ਮੈਂ ਪ੍ਰਬੰਧਕ ਕਮੇਟੀ ਦੇ ਹੁਕਮ ਮੁਤਾਬਕ ਗੁਰਦੁਆਰੇ ਦਾ ਪ੍ਰਬੰਧ ਕਰਾਂਗਾ; ਪਰ ਸ. ਝੱਬਰ ਨੇ ਕਿਹਾ ਕਿ ਨਹੀਂ! ਮਹੰਤ ਨੂੰ ਇੱਕ ਵਾਰੀ ਗੁਰਦੁਆਰੇ ’ਚੋਂ ਜ਼ਰੂਰ ਕੱਢ ਕੇ ਇਸਦਾ ਕਬਜ਼ਾ ਤੋੜਨਾ ਲਾਜ਼ਮੀ ਹੈ। ਇਸ ’ਤੇ ਮਹੰਤ ਸੁੰਦਰ ਦਾਸ ਨੇ ਇੱਕ ਕੋਰੇ ਕਾਗਜ਼ ’ਤੇ ਇਕਰਾਰਨਾਮਾ ਲਿਖ ਕੇ ਦੇ ਦਿੱਤਾ ਕਿ ਉਹ ਕਬਜ਼ਾ ਛੱਡ ਰਿਹਾ ਹੈ। ਅਕਾਲੀਆਂ ਨੇ ਲੋਕਲ ਸੰਗਤ ਦੀ ਇੱਕ ਕਮੇਟੀ ਬਣਾ ਕੇ ਪ੍ਰਬੰਧ ਉਸਨੂੰ ਸੌਂਪ ਦਿੱਤਾ। ਇਸ ਮੌਕੇ ਵੀ ਅਮਰ ਸਿੰਘ ਝਬਾਲ ਮਹੰਤ ਦੇ ਹੱਕ ਵਿੱਚ ਹੀ ਭੁਗਤਿਆ।

ਇਸੇ ਸਾਲ ਮਾਰਚ ਵਿੱਚ ਜਦੋਂ ਮੂਹਰਲੀ ਕਤਾਰ ਦੀ ਅਕਾਲੀ ਲੀਡਰਸ਼ਿਪ ਜੇਲ੍ਹਾਂ ਵਿੱਚ ਜਾਣ ਕਰਕੇ ਅਕਾਲੀ ਲਹਿਰ ਠੰਢੀ ਪੈ ਗਈ ਤਾਂ ਮਹੰਤ ਨੇ ਦੁਬਾਰਾ ਕਬਜ਼ੇ ਦੀ ਸੋਚੀ। ਉਸਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਕਿਸੇ ਮੁਲਾਜ਼ਮ ਨੂੰ 500 ਰੁਪਏ ਰਿਸ਼ਵਤ ਦੇ ਕੇ ਆਪਣੇ ਇਕਰਾਰਨਾਮੇ ਵਾਲਾ ਕਾਗਜ਼ ਖਿਸਕਾ ਲਿਆ।

ਮਹੰਤ ਨੇ ਇਸ ਕਾਰਸਤਾਨੀ ਤੋਂ ਬਾਅਦ ਅਗਸਤ ਮਹੀਨੇ ਵਿੱਚ ਗੁਰਦੁਆਰੇ ’ਤੇ ਕਬਜ਼ਾ ਕਰਕੇ ਲੋਕਲ ਕਮੇਟੀ ਦੇ ਸਕੱਤਰ ਨੂੰ ਦਫਤਰੋਂ ਕੱਢ ਦਿੱਤਾ ਅਤੇ ਉਸਦੇ ਕਾਗਜ਼ ਪੱਤਰ ਪਾੜ ਦਿੱਤੇ। 23 ਅਗਸਤ 1921 ਨੂੰ ਅਕਾਲੀਆਂ ਨੇ ਫੇਰ ਮਹੰਤ ਨੂੰ ਗੁਰਦੁਆਰਿਓਂ ਬਾਹਰ ਕੱਢ ਦਿੱਤਾ।

ਮਹੰਤ ਨੇ ਸਰਕਾਰੇ-ਦਰਬਾਰੇ ਫਰਿਆਦ ਕੀਤੀ ਕਿ ਅਕਾਲੀਆਂ ਦਾ ਕਬਜ਼ਾ ਗੈਰ-ਕਾਨੂੰਨੀ ਹੈ ਅਤੇ ਮੈਂ ਉਨ੍ਹਾਂ ਨਾਲ ਕੋਈ ਇਕਰਾਰ ਨਹੀਂ ਕੀਤਾ। ਇਸ ’ਤੇ ਇੱਕ ਅੰਗਰੇਜ਼ ਅਫਸਰ ਮਿਸਟਰ ਮੈਕਫਰਸਨ ਪੁਲਿਸ ਲੈ ਕੇ ਗੁਰਦੁਆਰਾ ਗੁਰੂ ਕੇ ਬਾਗ ਪੁੱਜਿਆ। ਉਥੇ ਮੌਜੂਦ ਅਕਾਲੀ ਆਗੂ ਸ. ਦਾਨ ਸਿੰਘ ਨੇ ਅੰਗਰੇਜ਼ ਨੂੰ ਦੱਸਿਆ ਕਿ ਮਹੰਤ ਨੇ ਇੱਕ ਲਿਖਤ ਰਾਹੀਂ ਕਬਜ਼ਾ ਲੋਕਲ ਕਮੇਟੀ ਨੂੰ ਦਿੱਤਾ ਸੀ; ਉਹ ਲਿਖਤ ਤਾਂ ਲੱਭ ਨਹੀਂ ਰਹੀ, ਪਰ ਮਹੰਤ ਵੱਲੋਂ ਕਬਜ਼ਾ ਛੱਡਣ ਦੀਆਂ ਅਖਬਾਰਾਂ ’ਚ ਲੱਗੀਆਂ ਖਬਰਾਂ ਦਿਖਾਈਆਂ। ਇਹ ਖਬਰਾਂ ਦੇਖ ਕੇ ਹੀ ਅੰਗਰੇਜ਼ ਅਫਸਰ ਨੇ ਅਕਾਲੀਆਂ ਦੀ ਗੱਲ ਨੂੰ ਸੱਚ ਮੰਨਿਆ ਤੇ ਮਹੰਤ ਸੁੰਦਰ ਦਾਸ ਨੂੰ ਉਥੋਂ ਤਿੱਤਰ ਹੋ ਜਾਣ ਦਾ ਹੁਕਮ ਸੁਣਾਇਆ। ਉਹਨੇ ਗੁਰਦੁਆਰੇ ਦੀ ਰਾਖੀ ਵਾਸਤੇ ਇੱਕ ਪੁਲਿਸ ਦਸਤਾ ਵੀ ਬਿਠਾ ਦਿੱਤਾ। ਕੁਝ ਦਿਨਾਂ ਬਾਅਦ ਉਹਨੇ ਕਮੇਟੀ ਨੂੰ ਲਿਖਿਆ ਕਿ ਹੁਣ ਪੁਲਿਸ ਰਾਖੀ ਦੀ ਲੋੜ ਨਹੀਂ ਜਾਪਦੀ, ਪਰ ਜੇ ਫਿਰ ਵੀ ਕਮੇਟੀ ਚਾਹੁੰਦੀ ਹੈ ਤਾਂ ਪੁਲਿਸ ਦਾ ਖਰਚਾ ਭਰ ਕੇ ਪਹਿਰਾ ਹੋਰ ਵਧਾ ਸਕਦੀ ਹੈ। ਕਮੇਟੀ ਨੇ ਸਰਕਾਰ ਨੂੰ ਲਿਖਿਆ ਕਿ ਹੁਣ ਸਭ ਠੀਕ-ਠਾਕ ਹੈ, ਪੁਲਿਸ ਦੀ ਲੋੜ ਨਹੀਂ।

### ਹੋਰ ਗੁਰਦੁਆਰਿਆਂ ’ਤੇ ਕਬਜ਼ੇ

ਇੱਥੇ ਗੱਲ ਜ਼ਿਕਰਯੋਗ ਹੈ ਕਿ ਅਕਾਲੀ ਜਥੇ ਉਨ੍ਹਾਂ ਪ੍ਰਮੁੱਖ ਗੁਰਦੁਆਰਿਆਂ ’ਤੇ ਵੀ ਕਬਜ਼ੇ ਕਰ ਰਹੇ ਸਨ, ਜਿਨ੍ਹਾਂ ਦੇ ਪੁਜਾਰੀਆਂ ਬਾਰੇ ਗੁਰਮਤਿ ਦੀ ਘੋਰ ਉਲੰਘਣਾ ਅਤੇ ਨਿੱਜੀ ਆਚਰਨ ਬਾਰੇ ਸ਼ਿਕਾਇਤਾਂ ਸਨ। ਇਸੇ ਦੌਰਾਨ ਅਕਾਲੀਆਂ ਨੇ ਹੋਰ ਬਹੁਤ ਸਾਰੇ ਗੁਰਦੁਆਰਿਆਂ ’ਤੇ ਕਬਜ਼ੇ ਕੀਤੇ। ਇਨ੍ਹਾਂ ਵਿੱਚ ਭਾਈ ਜੋਗਾ ਸਿੰਘ ਦਾ ਗੁਰਦੁਆਰਾ ਪਿਸ਼ੌਰ, ਗੁਰਦੁਆਰਾ ਜਮਰੌਦ, ਸੱਚਾ ਸੌਦਾ ਗੁਰਦੁਆਰੇ ਨੇੜੇ ਗੁਰਦੁਆਰਾ ਬਾਵੇ ਕੀ ਕੇਰ ਅਤੇ ਸ਼ੇਖੂਪੁਰੇ ਮਹਾਰਾਣੀ ਨਕੈਣ ਦਾ ਗੁਰਦੁਆਰਾ ਪ੍ਰਮੁੱਖ ਹਨ। ਇਨ੍ਹਾਂ ਦਿਨਾਂ ਵਿੱਚ ਅਕਾਲੀਆਂ ਦਾ ਦਬਕਾ ਐਨਾ ਹੋ ਗਿਆ ਸੀ ਕਿ ਬਹੁਤ ਸਾਰੇ ਗੁਰਦੁਆਰਿਆਂ ਦੇ ਮਹੰਤ ਮੁਆਫੀ ਮੰਗ ਕੇ ਪੰਥਕ ਮਰਿਆਦਾ ਮੁਤਾਬਕ ਗੁਰਦੁਆਰਿਆਂ ਦਾ ਪ੍ਰਬੰਧ ਕਰਨ ਲਈ ਰਾਜ਼ੀ ਹੋ ਗਏ।

### ਕਬਜ਼ਿਆਂ ਬਾਰੇ ਸਰਕਾਰ ਚੁੱਪ

ਇੱਥੇ ਇਹ ਗੱਲ ਧਿਆਨ ਮੰਗਦੀ ਹੈ ਕਿ ਆਪਣੇ ਧਾਰਮਿਕ ਫਰਜ਼ਾਂ ਪੱਖੋਂ ਤਾਂ ਅਕਾਲੀਆਂ ਦਾ ਗੁਰਦੁਆਰਿਆਂ ’ਤੇ ਕਬਜ਼ਾ ਕਰਨ ਦਾ ਕੰਮ ਜਾਇਜ਼ ਸੀ, ਪਰ ਸਰਕਾਰੀ ਨਜ਼ਰੀਏ ਤੋਂ ਇਹ ਕੰਮ ਗੈਰ-ਕਾਨੂੰਨੀ ਸੀ। ਗੁਰਦੁਆਰਿਆਂ ’ਤੇ ਕਬਜ਼ਿਆਂ ਦੀਆਂ ਉਪਰ ਦੱਸੀਆਂ ਘਟਨਾਵਾਂ ਨੂੰ ਜੇ ਦੇਖਿਆ ਜਾਵੇ ਤਾਂ ਨਨਕਾਣਾ ਸਾਹਿਬ ਦੇ ਸਾਕੇ ਤੱਕ ਸਰਕਾਰ ਨੇ ਮਹੰਤਾਂ ਦੀਆਂ ਅਰਜ਼-ਦਰਖਾਸਤਾਂ ਦੇ ਬਾਵਜੂਦ ਅਕਾਲੀਆਂ ਨੂੰ ਕਬਜ਼ੇ ਕਰਨ ਤੋਂ ਨਹੀਂ ਰੋਕਿਆ, ਸਗੋਂ ਕਈ ਥਾਈਂ ਕਬਜ਼ਿਆਂ ਵਿੱਚ ਅਸਿੱਧੀ ਅਤੇ ਸਿੱਧੀ ਸਹਾਇਤਾ ਵੀ ਕੀਤੀ। ਇੱਕ ਤਰ੍ਹਾਂ ਨਾਲ ਇਹ ਸਿੱਧਾ ਪੱਖਪਾਤ ਸੀ। ਸੋ ਮਹੰਤਾਂ ਦੇ ਹਮਾਇਤੀਆਂ ਵੱਲੋਂ ਸਰਕਾਰ ’ਤੇ ਪੱਖਪਾਤ ਦਾ ਇਲਜ਼ਾਮ ਸ਼ੋਭਦਾ ਹੈ, ਪਰ ਸਿੱਖਾਂ ਵੱਲੋਂ ਅੰਗਰੇਜ਼ ਸਰਕਾਰ ਨੂੰ ਮਹੰਤਾਂ ਪੱਖੀ ਕਹਿਣਾ ਕਿਸੇ ਤਰ੍ਹਾਂ ਵੀ ਯੋਗ ਨਹੀਂ।



■ ਗੁਰਦੁਆਰਾ ਸੱਚਾ ਸੌਦਾ ਦੀ ਮੌਜੂਦਾ ਇਮਾਰਤ

### ਗਾਂਧੀ ਨੂੰ ਮਹੰਤਾਂ ਨਾਲ ਹੇਜ

ਉਸ ਵੇਲੇ ਦਾ ਕਾਂਗਰਸ ਦਾ ਚੋਟੀ ਦਾ ਆਗੂ ਮੋਹਨ ਦਾਸ ਕਰਮਚੰਦ ਗਾਂਧੀ ਸਿੱਖ ਵਿਰੋਧੀ ਉਸ ਮਾਨਸਿਕਤਾ ਦੀ ਤਰਜ਼ਮਾਨੀ ਕਰਦਾ ਸੀ, ਜੋ ਕਿ ਸਿੱਖਾਂ ਨੂੰ ਹਿੰਦੂ ਬਣਾਉਣ ਲਈ ਗੁਰਦੁਆਰਿਆਂ ਨੂੰ ਮੰਦਰਾਂ ਵਿੱਚ ਤਬਦੀਲ ਕਰਨ ਦੇ ਏਜੰਡੇ ’ਤੇ ਕੰਮ ਕਰ ਰਿਹਾ ਸੀ। ਗੁਰਦੁਆਰਿਆਂ ’ਤੇ ਕਾਬਜ਼ ਮਹੰਤ ਇਸ ਏਜੰਡੇ ਨੂੰ ਬਾਖੂਬੀ ਨਿਭਾਉਂਦੇ ਹੋਏ ਇਸੇ ਬ੍ਰਾਹਮਣਵਾਦੀ ਲਾਬੀ ਦੇ ਹੱਥਠੋਕੇ ਬਣੇ ਹੋਏ ਸਨ। ਗਾਂਧੀ ਨੂੰ ਸਿੱਖਾਂ ਨਾਲ ਹਮਦਰਦੀ ਦਿਖਾਉਣ ਦੀ ਸਿਰਫ ਇਹ ਮਜਬੂਰੀ ਸੀ ਕਿ ਉਹ ਸਿੱਖਾਂ ਦੇ ਗੁੱਸੇ ਨੂੰ ਸਰਕਾਰ ਵਿਰੋਧੀ ਗੁੱਸੇ ਵਿੱਚ ਬਦਲ ਸਕੇ। ਇਸਦੇ ਨਾਲ ਨਾਲ ਉਹਨੂੰ ਗੁਰਦੁਆਰਿਆਂ ਵਿੱਚ ਪੰਥਕ ਮਰਿਆਦਾ ਬਹਾਲ ਹੋਣੀ ਚੁੱਭ ਰਹੀ ਸੀ। ਸਿੱਖਾਂ ਨਾਲ ਹਮਦਰਦੀ ਦੀ ਮਜਬੂਰੀ ਦੇ ਬਾਵਜੂਦ ਉਹ ਮਹੰਤਾਂ ਨਾਲ ਹੇਜ਼ ਕਰਨੋਂ ਨਹੀਂ ਰੁਕਿਆ।

ਹਾਲੇ ਗੁਰਦੁਆਰਿਆਂ ’ਤੇ ਕਬਜ਼ੇ ਦੀ ਸ਼ੁਰੂਆਤ ਹੀ ਹੋਈ ਸੀ, ਸਿਰਫ ਸਿਆਲਕੋਟ ਅਤੇ ਅਕਾਲ ਤਖਤ ਸਾਹਿਬ ’ਤੇ ਹੀ ਇੱਕ ਅਕਾਲੀਆਂ ਦਾ ਕਬਜ਼ਾ ਹੋਇਆ ਸੀ। ਇਨ੍ਹਾਂ ਦੋ ਕਬਜ਼ਿਆਂ ਦਾ ਹੀ ਗਾਂਧੀ ਨੂੰ ਏਨਾ ਦੁੱਖ ਹੋਇਆ ਕਿ 20 ਅਕਤੂਬਰ 1920 ਨੂੰ ਲਾਹੌਰ ਦੇ ਬਰੈਡਲੇ ਹਾਲ ਵਿੱਚ ਚੱਲ ਰਹੇ ਸਿੱਖ ਲੀਗ ਦੇ ਸਮਾਗਮ ਮੌਕੇ ਗਾਂਧੀ ਨੇ ਇਹ ਆਖਿਆ: “ਮੁਝੇ ਮਾਲੂਮ ਹੂਆ ਹੈ ਕਿ ਕੁਛ ਨੌਜਵਾਨ ਸਿੱਖ ਗੁਰਦੁਆਰੋਂ ਪਰ ਕਬਜ਼ੇ ਕਰ ਰਹੇ ਹੈਂ, ਯਿਹ ਠੀਕ ਨਹੀਂ ਹੈ, ਮਹੰਤ ਲੋਗੋਂ ਕੋ ਨਿਕਾਲ ਕਰ ਗੁਰਦੁਆਰੋਂ ਕਾ ਕਬਜ਼ਾ ਕਰਨਾ ਜਬਰ ਹੈ। ਕਾਂਗਰਸ ਕਾ ਕਾਮ ਕਰਨਾ ਚਾਹੀਏ।”



ਭਾਈ ਲਛਮਣ ਸਿੰਘ ਦਾ ਇੱਕ ਚਿੱਤਰ

### ਗਾਂਧੀ ਦਾ ਫੇਰ ਸੁਨੇਹਾ ‘ਕਬਜ਼ੇ ਨਾ ਕਰੋ’

ਅਕਾਲ ਤਖਤ ਸਾਹਿਬ ’ਤੇ ਕਬਜ਼ੇ ਤੋਂ ਬਾਅਦ ਜਥੇਦਾਰ ਕਰਤਾਰ ਸਿੰਘ ਝੱਬਰ ਦੀ ਅਗਵਾਈ ਵਿੱਚ ਜਿਹੜਾ ਜਥਾ ਪੰਜਾ ਸਾਹਿਬ ਨੂੰ ਰਵਾਨਾ ਹੋਇਆ, ਉਹਨੇ 17 ਨਵੰਬਰ 1920 ਦੀ ਰਾਤ ਲਾਹੌਰ ਦੇ ਗੁਰਦੁਆਰਾ ਸ਼ਹੀਦ ਗੰਜ ਮੁਕਾਮ ਕੀਤਾ। ਇੱਥੇ ਹੀ ਮਹਾਤਮਾ ਗਾਂਧੀ ਦਾ ਸੁਨੇਹਾ ਲੈ ਕੇ ਸ. ਅਮਰ ਸਿੰਘ ਝਬਾਲੀ ਸ. ਝੱਬਰ ਪਾਸ ਪਹੁੰਚੇ ਅਤੇ ਕਿਹਾ: “ਮਹਾਤਮਾ ਗਾਂਧੀ ਆਖਦੇ ਹਨ ਕਿ ਇਸੇ ਸਾਲ 31 ਦਸੰਬਰ ਸਵਰਾਜ ਹੋ ਜਾਣਾ ਹੈ (ਭਾਵ ਕਾਂਗਰਸ ਦਾ ਰਾਜ-ਭਾਗ ਹੋ ਜਾਣਾ ਹੈ।) ਸੋ ਤੁਸੀਂ ਸਾਰੇ ਜਣੇ ਗੁਰਦੁਆਰਿਆਂ ਦੇ ਕਬਜ਼ਿਆਂ ਦਾ ਕੰਮ ਛੱਡ ਕੇ ਕਾਂਗਰਸ ਦਾ ਕੰਮ ਕਰੋ। ਜਦੋਂ ਕਾਂਗਰਸ ਦੇ ਹੱਥ ਰਾਜ ਆ ਗਿਆ, ਤੁਹਾਡੇ ਸਾਰੇ ਮਸਲੇ ਹੱਲ ਕਰ ਦਿਆਂਗੇ।”

ਏਸ ਦੇ ਜੁਆਬ ਵਿੱਚ ਸ. ਝੱਬਰ ਨੇ ਆਖਿਆ, “ਸਰਦਾਰ ਸਾਹਿਬ! ਮੈਨੂੰ ਗਾਂਧੀ ਜੀ ਦੇ ਇਸ ਪ੍ਰੋਗਰਾਮ ’ਤੇ ਫਿਲਹਾਲ ਕੋਈ ਯਕੀਨ ਨਹੀਂ ਕਿ ਐਡੀ ਛੇਤੀ ਅੰਗਰੇਜ਼ ਹਿੰਦੁਸਤਾਨ ਛੱਡ ਕੇ ਟੁਰ ਜਾਣ, ਪਰ ਜੇਕਰ ਇਹ ਗੱਲ ਮੰਨ ਵੀ ਲਈ ਜਾਵੇ ਤੇ ਸਵਰਾਜ ਹੋ ਵੀ ਜਾਵੇ ਤਾਂ ਸਾਡੇ ਗੁਰਦੁਆਰੇ ਹੋਰ ਜ਼ਿਆਦਾ ਖਤਰੇ ਵਿੱਚ ਪੈ ਜਾਣਗੇ। ਆਜ਼ਾਦ ਹਿੰਦੁਸਤਾਨ ਵਿੱਚ ਹਿੰਦੂ ਰਾਜ ਹੋਵੇਗਾ। ਇਸ ਵੇਲੇ ਰਾਜ ਅੰਗਰੇਜ਼ ਦਾ ਹੈ। ਅਸੀਂ ਗੁਰਦੁਆਰਿਆਂ ’ਤੇ ਕਬਜ਼ੇ ਕਰਦੇ ਹਾਂ। ਹਕੂਮਤ ਚੁੱਪ ਹੈ, ਕਿਉਂਕਿ ਅੰਗਰੇਜ਼ਾਂ ਦਾ ਸਾਡੇ ਨਾਲ ਕੋਈ ਧਾਰਮਿਕ ਵਿਰੋਧ ਨਹੀਂ। ਜੇਕਰ ਗਾਂਧੀ ਦੇ ਕਹੇ ਮੁਤਾਬਕ ਸੱਚਮੁੱਚ ਹਿੰਦੂ ਰਾਜ ਹੋ ਜਾਵੇ ਤਾਂ ਫਿਰ ਸਾਨੂੰ ਗੁਰਦੁਆਰਿਆਂ ਦੇ ਨੇੜੇ ਕਿਸੇ ਨਹੀਂ ਆਉਣ ਦੇਣਾ। ਹਿੰਦੂ ਸਾਡੇ ਨਾਲ ਧਾਰਮਿਕ ਵਿਰੋਧ ਰੱਖਦਾ ਹੈ। ਇਸ ਲਈ ਅਸੀਂ ਪੰਜਾ ਸਾਹਿਬ ਜ਼ਰੂਰ ਜਾਵਾਂਗੇ।”

ਸ. ਝੱਬਰ ਦਾ ਇਹ ਬਿਆਨ ਇੱਕ ਪਾਸੇ ਸਰਕਾਰ ਵੱਲੋਂ ਮਹੰਤਾਂ ਦੀ ਪਿੱਠ ਥਾਪੜਨ ਵਾਲੇ ਦੋਸ਼ ਦਾ ਖੰਡਨ ਕਰਦਾ ਹੈ, ਦੂਜਾ ਉਨ੍ਹਾਂ ਦੀ ਦੂਰਅੰਦੇਸ਼ੀ ਨੂੰ ਵੀ ਜ਼ਾਹਰ ਕਰਦਾ ਹੈ, ਜਿਸ ਵਿੱਚ ਉਨ੍ਹਾਂ ਨੇ ਖਦਸ਼ਾ ਜ਼ਾਹਰ ਕੀਤਾ ਸੀ ਕਿ ਆਜ਼ਾਦੀ ਤੋਂ ਬਾਅਦ ਗੁਰਦੁਆਰਿਆਂ ਦੀ ਆਜ਼ਾਦੀ ਵਧੇਰੇ ਖਤਰੇ ਵਿੱਚ ਪੈ ਜਾਵੇਗੀ। ਤੀਜਾ, ਇਹ ਗੱਲ ਵੀ ਸਾਬਤ ਹੁੰਦੀ ਹੈ ਕਿ ਅਮਰ ਸਿੰਘ ਝਬਾਲ ਵਰਗੇ ਉਚ ਕੋਟੀ ਦੇ ਅਕਾਲੀ ਆਗੂਆਂ ਨੂੰ ਗੁਰਦੁਆਰਿਆਂ ਦੀ ਆਜ਼ਾਦੀ ਦਾ ਫਿਕਰ ਘੱਟ ਅਤੇ ਗਾਂਧੀ ਦੇ ਏਲਚੀ ਬਣਨ ਦੀ ਜਿਆਦੇ ਖਸ਼ੀ ਸੀ। ਅੱਗੇ ਦੱਸਿਆ ਜਾਵੇਗਾ ਕਿ ਇਹ ਝਬਾਲ ਭਾਈ ਕਿਵੇਂ ਗਾਂਧੀ ਦੇ ਏਜੰਡੇ ‘ਤੇ ਕੰਮ ਕਰ ਰਹੇ ਸਨ!

### ਨਨਕਾਣਾ ਸਾਹਿਬ ਕਬਜ਼ੇ ਦੀਆਂ ਤਿਆਰੀਆਂ

ਗੁਰਦੁਆਰਾ ਖਰਾ ਸੌਦਾ (ਸੱਚਾ ਸੌਦਾ) ’ਤੇ ਕਬਜ਼ਾ ਹੋਣ ਕਰਕੇ ਨਨਕਾਣਾ ਸਾਹਿਬ ਦੇ ਨੇੜੇ ਅਕਾਲੀਆਂ ਨੂੰ ਇੱਕ ਚੰਗਾ ਹੈੱਡਕੁਆਰਟਰ ਮੁਹੱਈਆ ਹੋ ਗਿਆ। ਮਾਇਆ ਦੀ ਘਾਟ ਵੀ ਹੌਲੀ ਹੌਲੀ ਪੂਰੀ ਹੋਣ ਲੱਗੀ। ਇੱਥੋਂ ਹੀ ਉਨ੍ਹਾਂ ਨੇ ਨਨਕਾਣਾ ਸਾਹਿਬ ’ਤੇ ਕਬਜ਼ੇ ਦੀਆਂ ਵਿਉਂਤਾਂ ਬਣਾਉਣੀਆਂ ਸ਼ੁਰੂ ਕਰ ਦਿੱਤੀਆਂ। ਉਨ੍ਹਾਂ ਨੇ ਇਸ ਬਾਰੇ ਨਨਕਾਣਾ ਸਾਹਿਬ ਦੇ ਮਹੰਤ ਨਰੈਣ ਦਾਸ ਨੂੰ ਸ਼ਰੇਆਮ

⇒ ਬਾਕੀ ਅਗਲੇ ਸਫੇ ਉਤੇ ਪੜ੍ਹੋ

## ਸਾਕਾ ਨਨਕਾਣਾ ਸਾਹਿਬ (3)

ਲਲਕਾਰਨਾ ਵੀ ਸ਼ੁਰੂ ਕਰ ਦਿੱਤਾ।

ਧਾਰਮਿਕ ਦੀਵਾਨਾਂ ਦੇ ਜ਼ਰੀਏ ਅਕਾਲੀਆਂ ਨੇ ਅੰਦਰੂਨੀ ਰੂਪ ਵਿੱਚ ਕਬਜ਼ੇ ਲਈ ਲਾਮਬੰਦੀ ਸ਼ੁਰੂ ਕੀਤੀ ਹੋਈ ਸੀ, ਇੱਕ ਦਿਨ ਸ਼ੇਖੂਪੁਰਾ ਜ਼ਿਲ੍ਹੇ ਦੇ ਪਿੰਡ ਧਾਰੋਵਾਲੀ ਵਿੱਚ ਸਿੱਖਾਂ ਦਾ ਦੀਵਾਨ ਸਜਿਆ ਹੋਇਆ ਸੀ ਤੇ ਸ. ਕਰਤਾਰ ਸਿੰਘ ਝੱਬਰ ਤਕਰੀਰ ਕਰ ਰਹੇ ਸਨ। ਦੀਵਾਨ ਦੇ ਇੱਕ ਪਾਸੇ ਮਹੰਤ ਨਰੈਣ ਦਾਸ ਦੇ ਹਮਾਇਤੀ ਮਹੰਤ ਸੁੰਦਰ ਦਾਸ ਸ਼ਤਾਬਗੜ੍ਹੀਆ ਤੇ ਸੰਤ ਹਰੀ ਦਾਸ ਸੂਹੀਏ ਬਣ ਕੇ ਅਕਾਲੀਆਂ ਦੀ ਵਿਉਂਤਬੰਦੀ ਦਾ ਜਾਇਜ਼ਾ ਲੈਣ ਲਈ ਖੜ੍ਹੇ ਸਨ। ਜਿਉਂ ਹੀ ਸ. ਝੱਬਰ ਦੀ ਨਿਗਾਹ ਇਨ੍ਹਾਂ 'ਤੇ ਪਈ ਤਾਂ ਉਨ੍ਹਾਂ ਨੇ ਤਕਰੀਰ ਦਾ ਰੁੱਖ ਬਦਲਦਿਆਂ ਨਨਕਾਣਾ ਸਾਹਿਬ ਦੇ ਬਦਚਲਨ ਮਹੰਤ ਨਰੈਣ ਦਾਸ ਦੀਆਂ ਕਹਾਣੀਆਂ ਛੇੜਦੇ ਹੋਏ ਆਖਿਆ: "ਖਾਲਸਾ ਜੀ ਹੁਣ ਸਮਾਂ ਨੇੜੇ ਆ ਰਿਹਾ ਹੈ, ਜਿਸ ਦਿਨ ਖਾਲਸਾ ਨਰੈਣ ਦਾਸ ਮਹੰਤ, ਜੋ ਆਈਆਂ ਸਿੱਖ ਸੰਗਤਾਂ ਨੂੰ ਕਾਲੇ ਫਨੀਅਰ ਵਾਂਗੂੰ ਫੁੰਕਾਰੇ ਮਾਰ ਮਾਰ ਡਰਾਉਂਦਾ ਹੈ ਅਤੇ ਜੋ ਅਜਿਹੇ ਪਵਿੱਤਰ ਗੁਰਧਾਮ ਦਾ ਮਹੰਤ ਹੁੰਦਾ ਹੋਇਆ ਡੂਮਣੀ ਨੂੰ ਘਰ ਵਸਾਈ ਬੈਠਾ ਹੈ, ਦੇ ਫਨੀਅਰ ਫਨ ਨੂੰ ਖਾਲਸਾ ਕੁਚਲੇਗਾ?"

### ਮਹੰਤ ਦਾ ਸਿਰ ਵੱਢਣ ਦੀਆਂ ਗੱਲਾਂ

ਉਪਰੋਕਤ ਦੀਵਾਨ ਵਿੱਚ ਸ. ਝੱਬਰ ਦੀ ਤਕਰੀਰ ਹਾਲੇ ਵਿਚੇ ਹੀ ਸੀ ਕਿ ਸੰਗਤ ਵਿੱਚ ਇੱਕ ਨੌਜਵਾਨ ਹੱਥ ਜੋੜ ਕੇ ਖੜ੍ਹਾ ਹੋਇਆ ਤੇ ਬੋਲਿਆ, "ਸੱਚੇ ਪਾਤਸ਼ਾਹ ਦਾਸ ਨੂੰ ਹੁਕਮ ਹੋਵੇ ਤਾਂ ਦਾਸ ਮਹੰਤ ਨਰੈਣ ਦਾਸ ਦਾ ਸਿਰ ਵੱਢ ਲਿਆਉਂਦਾ ਹਾਂ।"

ਸ. ਝੱਬਰ ਨੇ ਉਸ ਸਿੰਘ ਨੂੰ ਸਮਝਾ-ਬੁਝਾ ਕੇ ਬਿਠਾ ਦਿੱਤਾ। ਜਦ ਝੱਬਰ ਜੀ ਲੈਕਚਰ ਖਤਮ ਕਰ ਕੇ ਬੈਠੇ ਤਾਂ ਦੀਵਾਨ ਦੇ ਸਕੱਤਰ ਨੇ ਪੋਚਾ ਪਾਉਣ ਦੀ ਖਾਤਰ ਇਹ ਕਿਹਾ ਕਿ 'ਖਾਲਸਾ ਜੀ ਉਸ ਨੌਜਵਾਨ ਸਿੰਘ ਨੇ ਭਾਵੇਂ ਅਜਿਹੇ ਸ਼ਬਦ ਵਰਤੇ ਹਨ, ਪਰ ਉਸ ਦਾ ਭਾਵ ਸਿਰ ਵੱਢਣ ਦਾ ਨਹੀਂ ਸੀ।' ਇਹ ਸੁਣਦੇ ਹੀ ਉਹ ਨੌਜਵਾਨ ਫਿਰ ਖੜ੍ਹਾ ਹੋ ਗਿਆ ਤੇ ਬੋਲਿਆ: "ਸੱਚੇ ਪਾਤਸ਼ਾਹ ਮੈਂ ਕਦੀ ਝੂਠ ਤੇ ਨਹੀਂ ਆਖਦਾ ਮੇਰੇ ਪਾਸ ਛਵੀ ਭੀ ਹੈ, ਤੁਸੀਂ ਹੁਕਮ ਦਿਓ, ਜੇਕਰ ਮੈਂ ਮਹੰਤ ਨਰੈਣ ਦਾਸ ਦਾ ਸਿਰ ਵੱਢ ਕੇ ਨਾ ਲਿਆਵਾਂ ਤਾਂ ਮੈਂ ਆਪਣੇ ਪਿਓ ਦਾ ਪੁੱਤਰ ਨਹੀਂ।" ਇਸ ਪ੍ਰੇਮੀ ਨੇ ਇਸ ਤੋਂ ਥੋੜ੍ਹਾ ਚਿਰ ਪਿੱਛੋਂ ਸ੍ਰੀ ਨਨਕਾਣਾ ਸਾਹਿਬ ਦੇ ਸ਼ਹੀਦਾਂ ਦੇ ਮੋਹਰੀਆਂ ਵਿੱਚ ਥਾਂ ਹਾਸਲ ਕੀਤੀ।

ਇਸੇ ਤਰ੍ਹਾਂ ਸ਼ੇਖੂਪੁਰੇ ਮਹਾਰਾਣੀ ਨਕੈਣ ਦੇ ਗੁਰਦੁਆਰੇ ਮਹੰਤ ਨਰੈਣ ਦਾਸ ਦਾ ਇੱਕ ਚੇਲਾ ਲੱਧਾ ਰਾਮ ਦਾਰੂ ਦੀ ਲੋਰ ਵਿੱਚ ਦੀਵਾਨ ਵਾਲੀ ਥਾਂ ਪਹੁੰਚ ਗਿਆ। ਲੋਰ ਵਿੱਚ ਆ ਕੇ ਅਕਾਲੀਆਂ ਨੂੰ ਝੇਡ ਕਰਕੇ ਆਖਣ ਲੱਗਾ ਕਿ ਮੈਨੂੰ ਝੱਬਰ ਵਿਖਾਓ ਕਿਹੜਾ ਹੈ? ਮੈਂ ਵੀ ਉਹਦੇ ਜਥੇ ਵਿੱਚ ਭਰਤੀ ਹੋਣਾ ਹੈ। ਅਕਾਲੀਆਂ ਨੇ ਓਹਦੀ ਚੰਗੀ ਛਿੱਤਰ ਪਰੇਡ ਕਰਕੇ ਮੂੰਹ ਕਾਲਾ ਕੀਤਾ ਤੇ ਗਧੇ 'ਤੇ ਜਲੂਸ ਕੱਢਿਆ। ਸ. ਝੱਬਰ ਨੇ ਲਲਕਾਰ ਕੇ ਆਖਿਆ, "ਲੱਧਾ ਰਾਮ! ਮੇਰਾ ਇੱਕ ਸੁਨੇਹਾ ਹੈ ਜੋ ਚੰਗੀ ਤਰ੍ਹਾਂ ਕੰਨ ਖੋਲ੍ਹ ਕੇ ਸੁਣ ਲੈ ਅਤੇ ਇਹ ਸੁਨੇਹਾ ਆਪਣੇ ਗੁਰੂ ਮਹੰਤ ਨਰੈਣ ਦਾਸ ਨੂੰ ਜਾ ਕੇ ਦੇਵੀਂ ਕਿ ਅਕਾਲੀਆਂ ਨੇ ਤੇਰੇ ਇੱਕ ਚੇਲੇ ਨੂੰ ਭਰਤੀ ਕਰ ਲਿਆ ਹੈ, ਹੁਣ ਤੈਨੂੰ ਭਰਤੀ ਕਰਨ ਲਈ ਮੈਂ ਸ੍ਰੀ ਨਨਕਾਣਾ ਸਾਹਿਬ ਖੁਦ ਆਵਾਂਗਾ।"

### ਨਰੈਣ ਦਾਸ ਵੱਲੋਂ ਸਰਕਾਰ ਕੋਲ ਪਹੁੰਚ

ਗੁਰਦੁਆਰਾ ਨਨਕਾਣਾ ਸਾਹਿਬ 'ਤੇ ਕਬਜ਼ੇ ਦੇ ਖਤਰੇ ਨੂੰ ਭਾਂਪਦਿਆਂ ਆਪਣੇ ਖਾਸਮ-ਖਾਸ ਕਰਤਾਰ ਸਿੰਘ ਬੇਦੀ ਪਾਸ ਪਹੁੰਚ ਕੀਤੀ। ਇਹ ਕਰਤਾਰ ਸਿੰਘ ਬੇਦੀ ਗਵਰਨਰ ਪੰਜਾਬ ਦੇ ਐਗਜ਼ੈਕਟਿਵ ਕੌਂਸਲ ਮੈਂਬਰ ਸੀ ਅਤੇ ਇਹ ਉਨ੍ਹਾਂ ਬੇਦੀ ਜਗੀਰਦਾਰਾਂ ਵਿੱਚੋਂ ਇੱਕ ਸੀ, ਜਿਨ੍ਹਾਂ ਨੂੰ ਗੁਰੂ ਨਾਨਕ ਸਾਹਿਬ ਦੀ ਕੁੱਲ 'ਚੋਂ ਹੋਣ ਕਰਕੇ ਮਹਾਰਾਜਾ ਰਣਜੀਤ ਸਿੰਘ ਨੇ ਜਗੀਰਾਂ ਲਾਈਆਂ ਹੋਈਆਂ ਸਨ। ਕਰਤਾਰ ਸਿੰਘ ਬੇਦੀ ਨੇ ਲਾਹੌਰ ਡਵੀਜ਼ਨ ਦੇ ਕਮਿਸ਼ਨਰ ਮਿਸਟਰ ਸੀ.ਕੇ. ਕਿੰਗ ਕੋਲੋਂ ਮਹੰਤ ਖਾਤਰ ਹਿਫਾਜ਼ਤ ਮੰਗੀ।

ਕਮਿਸ਼ਨਰ ਨੇ ਬੜਾ ਟਰਕਾਊ ਜਿਹਾ ਜੁਆਬ ਦਿੰਦਿਆਂ ਬੇਦੀ ਨੂੰ ਆਖਿਆ ਕਿ ਮਹੰਤ ਨੂੰ ਜਿਹੜੇ ਬੰਦਿਆਂ ਤੋਂ ਖਤਰਾ ਜਾਪਦਾ ਹੈ, ਉਨ੍ਹਾਂ ਦੀਆਂ ਜ਼ਮਾਨਤਾਂ ਲਈ ਉਹ ਸੀ.ਆਰ.ਪੀ.ਸੀ. ਦੀ ਦਫਾ 107 (ਜੀਹਨੂੰ ਅੱਜ ਕੱਲ੍ਹ ਸੱਤ ਇਕਵੰਜਾ ਆਖਦੇ ਹਨ) ਦੇ ਤਹਿਤ ਜ਼ਮਾਨਤਾਂ ਲੈਣ ਦੀ ਵੀ ਦਰਖਾਸਤ ਮੈਜਿਸਟ੍ਰੇਟ ਕੋਲ ਦੇ ਸਕਦਾ ਹੈ। ਜੇ ਫੇਰ ਵੀ ਖਤਰਾ ਨਾ ਟਲੇ ਤਾਂ ਡੀ.ਸੀ. ਨੂੰ ਦਰਖਾਸਤ ਦੇ ਕੇ ਪੁਲਿਸ ਦੀ ਗਾਰਦ ਵੀ ਲੈ ਸਕਦਾ ਹੈ, ਪਰ ਪੁਲਿਸ ਦਾ ਖਰਚਾ ਮਹੰਤ ਨੂੰ ਭਰਨਾ ਪਵੇਗਾ। ਜੇ ਇਸਦੇ ਬਾਵਜੂਦ ਕੋਈ ਗੁਰਦੁਆਰੇ 'ਤੇ ਕਬਜ਼ਾ ਕਰ ਲੈਂਦਾ ਹੈ ਤਾਂ ਮਹੰਤ ਫੇਰ ਵੀ ਆਪਣੀ ਬਹਾਲੀ ਲਈ ਦੀਵਾਨੀ ਦਾਅਵਾ ਕਰ ਸਕਦਾ ਹੈ। ਦੋਸ਼ੀਆਂ ਨੂੰ ਸਜ਼ਾ ਦੇਣ ਲਈ ਮੁਕੱਦਮਾ ਕਰ ਸਕਦਾ ਹੈ।

### ਮਹੰਤ ਦਾ ਡਰ ਹੋਰ ਵਧਿਆ

ਗਵਰਨਰ ਦੀ ਐਗਜ਼ੈਕਟਿਵ ਕੌਂਸਲ ਦੇ ਮੈਂਬਰ ਦਾ ਰੁਤਬਾ ਮੰਤਰੀ ਬਰਾਬਰ ਦਾ ਸੀ। ਜਦੋਂ ਏਨੇ ਅਸਰ ਰਸੂਖ ਵਾਲੇ ਬੰਦੇ ਰਾਹੀਂ ਵੀ ਜੇ ਮਹੰਤ ਸਰਕਾਰ ਤੋਂ ਆਪਣੀ ਹਿਫਾਜ਼ਤ ਬਾਰੇ ਕੋਈ ਠੋਸ ਯਕੀਨ ਦਹਾਨੀ ਨਾ ਲੈ ਸਕਿਆ ਤਾਂ ਉਸਦਾ ਡਰ ਹੋਰ ਵਧ ਗਿਆ। ਓਹਨੇ 500 ਸਾਧ ਮੁਕਤਸਰ ਤੋਂ ਲਿਆਂਦੇ। ਸਾਧਾਂ ਨੇ ਨਰੈਣ ਦਾਸ ਨੂੰ ਕਿਹਾ ਕਿ ਗੁਰਦੁਆਰਾ ਸਾਡੀ ਕਮੇਟੀ ਦੇ ਨਾਂ ਲਵਾ। ਮਹੰਤ ਦੇ ਇਨਕਾਰ ਕਰਨ 'ਤੇ ਸਾਧ ਇਹ ਕਹਿੰਦੇ ਉਥੋਂ ਭੱਜ ਗਏ ਕਿ ਜੇ ਗੁਰਦੁਆਰਾ ਸਾਨੂੰ ਨਹੀਂ ਮਿਲਣਾ ਤਾਂ ਅਸੀਂ ਕਿਉਂ ਅਕਾਲੀਆਂ ਨਾਲ ਲੜੀਏ?

ਉਨ੍ਹੀਂ ਦਿਨੀਂ ਲਾਲਾ ਲਾਜਪਤ ਰਾਏ ਆਰੀਆ ਸਮਾਜ ਦਾ ਉੱਘਾ ਆਗੂ ਲਾਹੌਰ ਰਹਿੰਦਾ ਸੀ। ਇਹ ਹਿੰਦੂਆਂ ਦਾ ਇੱਕ ਬੜਾ ਚਤੁਰ ਆਗੂ ਮੰਨਿਆ ਗਿਆ ਸੀ। ਮਹੰਤ ਨਰੈਣ ਦਾਸ ਓਹਦੇ ਕੋਲ ਪਹੁੰਚਿਆ ਅਤੇ ਕਬਜ਼ਾ ਟਾਲਣ ਲਈ ਕੋਈ ਜੁਗਤ ਪੁੱਛੀ। ਲਾਜਪਤ ਰਾਏ ਨੇ ਸਲਾਹ ਦਿੱਤੀ ਕਿ ਇੱਕ ਟਰੱਸਟ ਬਣਾ ਕੇ ਗੁਰਦੁਆਰਾ ਟਰੱਸਟ ਦੇ ਨਾਂ ਲਵਾ ਦੇ। ਮਹੰਤ ਨੇ ਟਰੱਸਟ ਬਣਾਉਣ ਦੇ ਖਰਚੇ ਵਜੋਂ 3000 ਰੁਪਏ ਲਾਲਾ ਲਾਜਪਤ ਰਾਏ ਨੂੰ ਦੇ ਦਿੱਤੇ। ਲਾਲਾ ਜੀ ਨੇ ਟਰੱਸਟ ਵਿੱਚ ਸਾਰੇ ਆਪਣੇ ਬੰਦਿਆਂ ਦੇ ਨਾਂ ਪਾ ਲਏ। ਮਹੰਤ ਨੇ ਲਾਲੇ ਨੂੰ ਆਖਿਆ ਕਿ ਅਕਾਲੀਆਂ ਨਾਲ ਲੜਨ ਲਈ ਬੰਦੇ ਵੀ ਘੱਲੋ। ਲਾਲਾ ਜੀ ਨੇ ਚਤੁਰਾਈ ਦਾ ਸਬੂਤ ਦਿੰਦਿਆਂ ਮਹੰਤ ਨੂੰ ਆਖਿਆ ਕਿ ਅਕਾਲੀਆਂ ਨਾਲ ਤਾਂ ਤੈਨੂੰ ਖੁਦ ਹੀ ਲੜਨਾ ਪਵੇਗਾ। ਮਹੰਤ ਕਹਿੰਦਾ, ਜੇ ਲੜਨਾ ਹੀ ਮੈਂ ਹੋਵੇ ਤਾਂ ਕਬਜ਼ਾ ਟਰੱਸਟ ਨੂੰ ਕਾਹਦਾ? ਸੋ, ਟਰੱਸਟ ਦਾ ਇੱਥੇ ਹੀ ਭੋਗ ਪੈ ਗਿਆ; ਤੇ ਮਹੰਤ ਵੱਲੋਂ ਦਿੱਤੇ ਤਿੰਨ ਹਜ਼ਾਰ ਰੁਪਏ ਲਾਲਾ ਜੀ ਕੋਲ ਹੀ ਰਹਿ ਗਏ।

### ਮਹੰਤ ਵੱਲੋਂ ਪਠਾਣਾਂ ਦੀ ਭਰਤੀ

ਸਰਕਾਰੀ ਮਦਦ ਨਾ ਮਿਲਣ, ਟਰੱਸਟ ਬਣਾਉਣ ਵਰਗੀਆਂ ਕਾਨੂੰਨੀ ਘੁਣਤਰਾਂ ਵਿੱਚੇ ਰਹਿ ਜਾਣ ਅਤੇ ਸਾਧਾਂ ਦੀ ਧਾੜ ਵੱਲੋਂ ਵੀ ਨੱਠ ਜਾਣ ਤੋਂ ਨਿਰਾਸ਼ ਹੋਏ ਨਰੈਣ ਦਾਸ ਨੇ ਅਖੀਰ ਨੂੰ ਗੁੰਡਿਆਂ ਤੋਂ ਆਪਣੀ ਰਾਖੀ ਦੀਆਂ ਤਿਆਰੀਆਂ ਸ਼ੁਰੂ ਕਰ ਦਿੱਤੀਆਂ। ਇਸ ਕੰਮ ਲਈ ਓਹਨੂੰ ਰਾਂਝਾ ਅਤੇ ਰਿਹਾਣਾ ਦੀ ਅਗਵਾਈ ਵਿੱਚ 40-50 ਪਠਾਣਾਂ ਨੂੰ ਭਾੜੇ 'ਤੇ ਲੈ ਆਂਦਾ। ਪਠਾਣ ਕੌਮ ਲੜਨ-ਮਰਨ ਲਈ ਮਸ਼ਹੂਰ ਹੈ। ਇਸੇ ਕੌਮ ਵਿੱਚੋਂ ਕਈ ਗੁੰਡਾ ਕਿਸਮ ਦੇ ਅਨਸਰ ਪੈਸੇ ਖਾਤਰ ਮਹੰਤ ਕੋਲ ਭਰਤੀ ਹੋ ਗਏ। ਮਹੰਤ ਕੋਲ ਕਈ ਆਪਣੇ ਲਾਇਸੈਂਸੀ ਹਥਿਆਰ ਸਨ ਤੇ ਕਈ ਗੈਰ-ਲਾਇਸੈਂਸੀ ਵੀ ਹੋਣਗੇ।

### ਮਹੰਤ ਨੇ ਅੰਗਰੇਜ਼ਾਂ ਮੂਹਰੇ ਮੁੜ ਹਾੜ੍ਹੇ ਕੱਢੇ

ਅਕਾਲੀਆਂ ਵੱਲੋਂ ਨਨਕਾਣਾ ਸਾਹਿਬ ਦੇ ਗੁਰਦੁਆਰੇ 'ਤੇ ਕਬਜ਼ੇ ਦੀਆਂ ਤਿਆਰੀਆਂ ਤੇਜ ਹੋ ਗਈਆਂ ਸਨ। ਹਜ਼ਾਰਾਂ ਅਕਾਲੀਆਂ ਵੱਲੋਂ ਗੁਰਦੁਆਰੇ 'ਤੇ ਕਬਜ਼ੇ ਲਈ ਆਉਣ ਦੀਆਂ ਰਿਪੋਰਟਾਂ ਮਹੰਤ ਕੋਲ ਲਗਾਤਾਰ ਪੁੱਜ ਰਹੀਆਂ ਸਨ। ਅਜਿਹੇ ਹਾਲਾਤ ਦੇ ਮੱਦੇਨਜ਼ਰ ਉਸਨੂੰ ਯਕੀਨ ਹੋ ਗਿਆ ਕਿ ਭਾੜੇ ਦੇ ਗੁੰਡਿਆਂ ਦੇ ਬਾਵਜੂਦ ਉਹ ਮਹਿਫੂਜ਼ ਨਹੀਂ ਹੈ। ਸੋ ਡਰੇ ਹੋਏ ਮਹੰਤ ਨੇ ਜਨਵਰੀ ਦੇ ਸ਼ੁਰੂ ਵਿੱਚ ਸਰਕਾਰ ਨੂੰ ਤਾਰ ਘੱਲੀ, ਜਿਸ ਵਿੱਚ ਉਹਨੇ ਲਿਖਿਆ:

"ਸਿੱਖਾਂ ਨੇ ਗੁਰਦੁਆਰਾ ਜਨਮ ਅਸਥਾਨ (ਨਨਕਾਣਾ ਸਾਹਿਬ) ਉਤੇ ਤਾਕਤ ਦੇ ਬਲ ਨਾਲ ਕਬਜ਼ਾ ਕਰਨ ਦਾ ਐਲਾਨ ਕੀਤਾ ਹੈ। ਇਸ ਮਕਸਦ ਲਈ ਅਕਾਲੀ ਆਗੂਆਂ ਨੇ ਦਸ ਹਜ਼ਾਰ ਆਦਮੀ ਇਕੱਠੇ ਕਰ ਲਏ ਹਨ, ਹਾੜੇ-ਹਾੜੇ ਰਹਿਮ ਕਰਕੇ ਮੈਨੂੰ ਬਚਾਓ। ਮੈਂ ਪੁਲਿਸ ਵਗੈਰਾ ਦੇ ਖਰਚੇ ਸਹਿਣ ਲਈ ਤਿਆਰ ਹਾਂ। ਜੇ ਥਾਂ 'ਤੇ ਹੀ ਕੋਈ ਮੌਤ ਹੋ ਗਈ ਤਾਂ ਮੈਂ ਆਪਣੇ ਆਪ ਨੂੰ ਜ਼ਿੰਮੇਵਾਰ ਨਹੀਂ ਗਰਦਾਨਾਂਗਾ। ਖਦਸ਼ੇ ਦੇ ਵੇਲੇ ਦਰਬਾਰ ਸਾਹਿਬ ਦੇ ਦਰਵਾਜ਼ੇ ਬੰਦ ਕਰ ਦਿੱਤੇ ਜਾਣਗੇ। ਕਿਰਪਾ ਕਰਕੇ ਪੁਲਿਸ ਗਾਰਦ ਤਾਬੜਤੋੜ ਭੇਜੋ। (ਹਵਾਲਾ: 'ਅਕਾਲੀ ਮੋਰਚਿਆਂ ਦਾ ਇਤਿਹਾਸ' ਲਿਖਾਰੀ ਸੋਹਣ ਸਿੰਘ ਜੋਸ਼, ਸਫਾ 66, ਆਰਸੀ ਪਬਲਿਸ਼ਰ ਦਿੱਲੀ)

ਇਸ ਤੋਂ ਪਹਿਲਾਂ ਕਮਿਸ਼ਨਰ ਮਿਸਟਰ ਕਿੰਗ ਨੇ ਕਰਤਾਰ ਸਿੰਘ ਬੇਦੀ ਨੂੰ ਕਿਹਾ ਸੀ ਕਿ ਮਹੰਤ ਨੂੰ ਜੇ ਬਹੁਤਾ ਡਰ ਹੈ ਤਾਂ ਉਹ ਖਰਚਾ ਭਰ ਕੇ ਪੁਲਿਸ ਦੀ ਗਾਰਦ ਲੈ ਸਕਦਾ ਹੈ। ਪਰ ਹੁਣ ਮਹੰਤ ਵੱਲੋਂ ਖਰਚਾ ਦੇਣ ਦੀ ਪੇਸ਼ਕਸ਼ 'ਤੇ ਜਦੋਂ ਪੁਲਿਸ ਹਿਫਾਜ਼ਤ ਮੰਗੀ ਤਾਂ ਸਰਕਾਰ ਨੇ ਉਹ ਵੀ ਨਹੀਂ ਦਿੱਤੀ। ਹਜ਼ਾਰਾਂ ਅਕਾਲੀਆਂ ਵੱਲੋਂ ਇਕੱਠੇ ਹੋ ਕੇ ਕਬਜ਼ਾ ਕਰਨ ਦੀਆਂ ਤਿਆਰੀਆਂ ਦੀ ਇੱਕ ਰਿਪੋਰਟ ਡੀ.ਐਸ.ਪੀ. ਨੇ ਵੀ ਆਪਣੇ ਉੱਚ ਅਧਿਕਾਰੀਆਂ ਨੂੰ ਘੱਲੀ ਸੀ, ਪਰ ਸ਼ੇਖੂਪੁਰੇ ਦੇ ਡੀ.ਸੀ. ਮਿਸਟਰ ਕਰੀ ਨੇ ਮਹੰਤ ਦੀ ਮੰਗ ਇਹ ਕਹਿ ਕੇ ਰੱਦ ਕਰ ਦਿੱਤੀ ਕਿ ਉਹ ਤਾਂ ਐਵੇਂ ਵਾਧੂ ਡਰੀ ਜਾਂਦੈ।

### ਸ਼ਹੀਦੀ ਸਾਕਾ ਵਾਪਰ ਗਿਆ

ਗੁਰਦੁਆਰਾ ਨਨਕਾਣਾ ਸਾਹਿਬ ਦੇ ਕਬਜ਼ੇ ਲਈ 20 ਫਰਵਰੀ 1921 ਸਵੇਰ ਤੜਕੇ ਦਾ ਸਮਾਂ ਮਿੱਥਿਆ ਗਿਆ ਸੀ। ਦਸ ਹਜ਼ਾਰ ਤੋਂ ਵੱਧ ਹਥਿਆਰਬੰਦ ਅਕਾਲੀਆਂ ਵੱਲੋਂ ਇੱਕ ਗੁਰੀਲਾ ਐਕਸ਼ਨ ਵਰਗੀ ਕਾਰਵਾਈ ਕਰਕੇ ਗੁਰਦੁਆਰਾ ਸਾਹਿਬ 'ਤੇ ਕਬਜ਼ਾ ਕੀਤਾ ਜਾਣਾ ਸੀ, ਪਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਲੀਡਰਸ਼ਿਪ ਨੇ ਇਸ ਕਾਰਵਾਈ ਨੂੰ ਰੋਕ ਦਿੱਤਾ। ਭਾਈ ਲਛਮਣ ਸਿੰਘ ਦੀ ਅਗਵਾਈ ਵਾਲੇ ਲਗਭਗ 150 ਸਿੰਘਾਂ ਦੇ ਜਥੇ ਨੂੰ ਇਸ ਐਕਸ਼ਨ ਦੇ ਰੱਦ ਹੋ ਜਾਣ ਦੀ ਪਹਿਲਾਂ ਕੋਈ ਖਬਰ ਨਾ ਪਹੁੰਚ ਸਕੀ। ਗੁਰਦੁਆਰਾ ਸਾਹਿਬ ਦੇ ਐਨ ਨੇੜੇ ਪਹੁੰਚਦਿਆਂ ਜਦੋਂ ਉਨ੍ਹਾਂ ਨੂੰ ਰੁਕਣ ਦਾ ਸੁਨੇਹਾ ਪੁੱਜਾ ਤਾਂ ਉਨ੍ਹਾਂ ਨੇ ਕਿਹਾ ਕਿ ਅਸੀਂ ਅਰਦਾਸ ਕਰ ਚੁੱਕੇ ਹਾਂ, ਹੁਣ ਨਹੀਂ ਰੁਕ ਸਕਦੇ। ਗੁਰਦੁਆਰੇ ਵਿੱਚ ਇਸ ਜਥੇ ਦੇ ਲਗਭਗ ਸਾਰੇ ਸਿੰਘਾਂ ਨੂੰ ਮਹੰਤ ਦੇ ਗੁੰਡਿਆਂ ਨੇ ਸ਼ਹੀਦ ਕਰ ਦਿੱਤਾ, ਜਿਸ ਦਾ ਵਿਸਥਾਰ ਹਰ ਵਰ੍ਹੇ ਅਖਬਾਰਾਂ/ਰਸਾਲਿਆਂ ਵਿੱਚ ਛਪਦਾ ਰਹਿੰਦਾ ਹੈ।

⇒ ਬਾਕੀ ਅਗਲੇ ਅੰਕ ਵਿੱਚ

## ...ਗੁਰਮੁਖੀ ਲਿਪੀ ਦੇ ਵਿਰੋਧ ਦਾ ਸਿਧਾਂਤਕ ਵਿਸ਼ਲੇਸ਼ਣ

...ਸਫਾ 7 ਦਾ ਬਾਕੀ⇒

ਪੰਜਾਬ ਵਿੱਚ ਇਨ੍ਹਾਂ ਖੱਤਰੀ ਹਿੰਦੂਆਂ ਨੇ ਖੇਤੀ ਦੇ ਵਪਾਰੀਕਰਨ ਦਾ ਵੀ ਪੂਰਾ ਲਾਹਾ ਲਿਆ। ਪੰਜਾਬ ਦੇ ਪੇਂਡੂ ਹਿੱਸਿਆਂ ਵਿੱਚ ਕਿਸਾਨਾਂ ਨੂੰ ਸੂਦ ਉੱਤੇ ਪੈਸੇ ਦੇਣ ਵਾਲਾ ਬਾਣੀਆ ਵਰਗ ਇਸੇ ਖੱਤਰੀ ਹਿੰਦੂਆਂ ਨਾਲ ਸਬੰਧਿਤ ਸੀ।

1885 ਈ. ਵਿੱਚ ਅੰਗਰੇਜੀ ਪੰਜਾਬ ਸਰਕਾਰ ਨੇ ਕੁੱਝ ਹੇਠਲੇ ਪੱਧਰ ਦੀਆਂ ਸਰਕਾਰੀ ਨੌਕਰੀਆਂ ਲਈ ਸਥਾਨਕ ਭਾਸ਼ਾਵਾਂ ਨੂੰ ਮਾਨਤਾ ਦਿੱਤੀ ਤਾਂ ਪੰਜਾਬ ਦੇ ਹਿੰਦੂਆਂ ਅਤੇ ਮੁਸਲਮਾਨਾਂ ਵਿਚਕਾਰ ਉਰਦੂ ਤੇ ਹਿੰਦੀ ਭਾਸ਼ਾ ਦੇ ਆਧਾਰ 'ਤੇ ਵਿਰੋਧ ਪੈਦਾ ਹੋਇਆ। (8) ਪਰ ਬ੍ਰਹਮੋ ਸਮਾਜੀਆਂ, ਆਰੀਆ ਸਮਾਜੀਆਂ ਅਤੇ ਸਨਾਤਨ ਧਰਮ ਨਾਲ ਸਬੰਧਿਤ ਹਿੰਦੂ ਖੱਤਰੀਆਂ ਨੇ ਪੰਜਾਬ ਵਿੱਚ ਉਰਦੂ ਨਾਲੋਂ ਗੁਰਮੁਖੀ ਨੂੰ ਹਿੰਦੂ ਪਛਾਣ ਲਈ ਵਧੇਰੇ ਖਤਰਾ ਸਮਝਿਆ। ਇਸ ਦਾ ਕਾਰਨ ਬ੍ਰਿਟਿਸ਼ ਭਾਰਤੀ ਰਾਜ ਵਿੱਚ ਹਿੰਦੂ ਸਮਾਜਿਕ ਪ੍ਰਣਾਲੀ ਦਾ ਰੂਪ ਸੀ। ਪੰਜਾਬ ਅਤੇ ਕੁੱਝ ਹੱਦ ਤੱਕ ਬੰਗਾਲ ਨੂੰ ਛੱਡ ਕੇ ਬਾਕੀ ਭਾਰਤ ਵਿੱਚ ਹਿੰਦੂ ਸਮਾਜਿਕ ਪ੍ਰਣਾਲੀ ਦਾ ਪੂਰਨ ਰਾਜਸੀ ਅਤੇ ਧਾਰਮਿਕ ਦਾਬਾ ਸੀ। ਜੈਨ, ਪਾਰਸੀ ਅਤੇ ਮੁਸਲਮਾਨ ਵਸੋਂ ਤੋਂ ਹਿੰਦੂ ਸਮਾਜਿਕ ਪ੍ਰਣਾਲੀ ਨੂੰ ਪੱਛਮੀ ਅਤੇ ਦੱਖਣੀ ਭਾਰਤ ਵਿੱਚ ਕੋਈ ਵੱਡਾ ਖਤਰਾ ਨਹੀਂ ਸੀ। ਬ੍ਰਿਟਿਸ਼ ਭਾਰਤ ਦੇ ਜ਼ਿਆਦਾਤਰ ਹਿੱਸਿਆਂ ਵਿੱਚ ਭਾਸ਼ਾ ਲਿਪੀ ਅਤੇ ਧਰਮ ਵਿਚਕਾਰ ਸੰਬੰਧਾਂ ਦੇ ਆਧਾਰ 'ਤੇ ਕਿਸੇ ਤਾਕਤਵਰ ਕੌਮੀ ਜਾਂ ਧਾਰਮਿਕ ਪਛਾਣ ਦੀ ਹੋਂਦ ਨਹੀਂ ਸੀ, ਪਰ ਪੰਜਾਬ ਵਿੱਚ ਹਿੰਦੂ ਸਮਾਜਿਕ ਪ੍ਰਣਾਲੀ ਨੂੰ ਸਿੱਖ ਭਾਸ਼ਾ, ਲਿਪੀ ਅਤੇ ਧਰਮ ਦੇ ਆਪਸੀ ਸਬੰਧਾਂ ਉੱਤੇ ਆਧਾਰਿਤ ਧਾਰਮਿਕ ਗ੍ਰੰਥ ਦਾ ਖਤਰਾ ਮੌਜੂਦ ਸੀ। (9)

ਪੰਜਾਬ ਦੇ ਪ੍ਰਸਿੱਧ ਹਿੰਦੂ ਆਗੂ ਲਾਲਾ ਲਾਜਪਤ ਰਾਏ ਨੇ ਗੁਰਮੁਖੀ ਲਿਪੀ ਉੱਤੇ ਹਮਲਾ ਕਰਦਿਆਂ ਲਿਖਿਆ: ਜਿਹੜੇ ਲੋਕ ਪੰਜਾਬੀ (ਭਾਸ਼ਾ) ਨੂੰ ਕਿਸੇ ਵੀ ਲਿੱਪੀ ਵਿੱਚ ਲਿਖਣ 'ਤੇ ਜੋਰ ਦਿੰਦੇ ਹਨ, ਉਹ ਨਹੀਂ ਜਾਣਦੇ ਕਿ ਪੰਜਾਬੀ ਭਾਸ਼ਾ ਦਾ ਕੋਈ ਭਵਿੱਖ ਨਹੀਂ ਹੈ। ਪੰਜਾਬੀ ਵਿੱਚ ਕੋਈ ਵਧੀਆ ਸਾਹਿਤ ਨਹੀਂ ਮਿਲਦਾ, ਸਿੱਖ ਗੁਰੂਆਂ ਦੀ ਬਾਣੀ ਤੋਂ ਬਿਨਾ ਇਸ (ਭਾਸ਼ਾ ਵਿੱਚ ਲਿਖਿਆ) ਕੁੱਝ ਵੀ ਨਹੀਂ ਮਿਲਦਾ। ਗੁਰੂ ਨਾਨਕ ਦੇਵ ਅਤੇ ਗੁਰੂ ਗੋਬਿੰਦ ਸਿੰਘ ਵੱਲੋਂ ਲਿਖੀ ਬਾਣੀ ਦੀ ਭਾਸ਼ਾ ਨੂੰ ਪੰਜਾਬੀ ਆਖਣਾ ਉਵੇਂ ਹੀ ਹੈ, ਜਿਵੇਂ ਤੁਲਸੀਦਾਸ ਦੀ ਹਿੰਦੀ ਭਾਸ਼ਾ ਨੂੰ ਪੰਜਾਬੀ ਕਿਹਾ ਜਾਵੇ। (10)

ਸਿੰਘ ਸਭਾ ਲਾਹੌਰ ਦੇ ਆਗੂਆਂ ਅਤੇ ਬਾਅਦ ਵਿੱਚ ਮਾਸਟਰ ਤਾਰਾ ਸਿੰਘ ਆਦਿ ਨੇ ਹਿੰਦੂ ਆਗੂਆਂ ਦੇ ਗੁਰਮੁਖੀ ਲਿਪੀ ਉੱਤੇ ਕੀਤੇ ਹਮਲਿਆਂ ਦਾ ਵਿਰੋਧ ਕੀਤਾ। ਸਿੰਘ ਸਭਾ ਲਾਹੌਰ ਦੇ ਆਗੂਆਂ ਨੇ ਆਪਣੇ ਭਾਈਚਾਰੇ ਦੇ ਇਤਿਹਾਸਕ ਚਿੰਨ੍ਹਾਂ ਨੂੰ ਸਿੱਖ ਪਛਾਣ ਦਾ ਆਧਾਰ ਬਣਾਉਣਾ ਸ਼ੁਰੂ ਕੀਤਾ ਤਾਂ ਗੁਰਮੁਖੀ ਲਿਪੀ ਸਿੱਖ ਭਾਈਚਾਰੇ ਦੇ ਹਿੰਦੂ ਭਾਈਚਾਰੇ ਤੋਂ ਵਖਰੇਵੇਂ ਦਾ ਤਾਕਤਵਰ ਸਰੋਤ ਬਣ ਗਈ। ਇਸ ਸਬੰਧੀ 1904 ਵਿੱਚ ਲਿਖੀ ਇੱਕ ਲਿਖਤ ਅਨੁਸਾਰ, 'ਜੋ ਲੋਕ ਹਿੰਦੀ ਨੂੰ (ਪੰਜਾਬ) ਦੀ ਸਰਕਾਰੀ ਭਾਸ਼ਾ ਬਣਾਉਣ ਵਿੱਚ ਅਸਫ਼ਲ ਰਹੇ, ਉਹ ਕਹਿ ਰਹੇ ਹਨ ਕਿ ਪੰਜਾਬ ਵਿੱਚ ਪੰਜਾਬੀ ਤੋਂ ਇਲਾਵਾ ਕੋਈ ਦੂਜੀ ਭਾਸ਼ਾ ਨਹੀਂ ਹੋਣੀ ਚਾਹੀਦੀ, ਪਰ ਪੰਜਾਬੀ ਨੂੰ ਗੁਰਮੁਖੀ ਲਿਪੀ ਦੀ ਥਾਂ ਤੇ ਹਿੰਦੀ ਲਿਪੀ ਵਿੱਚ ਲਿਖਿਆ ਜਾਣਾ ਚਾਹੀਦਾ ਹੈ। (11)

ਬ੍ਰਿਟਿਸ਼ ਰਾਜ ਦੌਰਾਨ ਗੁਰਮੁਖੀ ਲਿਪੀ ਸਿੱਖ ਪਛਾਣ ਦਾ ਸਰੋਤ ਤਾਂ ਬਣ ਗਈ ਪਰ ਇਹ ਕੌਮਵਾਦੀ ਸਿੱਖ ਰਾਜਨੀਤੀ ਦੇ ਪੈਦਾ ਹੋਣ ਦਾ ਆਧਾਰ ਨਾ ਬਣ ਸਕੀ। ਇਸ ਦਾ ਵੱਡਾ ਕਾਰਨ ਸਿੱਖ ਬੌਧਿਕ ਅਤੇ ਰਾਜਨੀਤਿਕ ਇਲੀਟ ਹਿੱਸਿਆਂ ਵੱਲੋਂ ਭਾਰਤੀ ਰਾਸ਼ਟਰਵਾਦੀ ਵਿਚਾਰਧਾਰਾ ਨੂੰ ਕੌਮੀ ਹਿੱਤਾਂ ਨੂੰ ਅਣਡਿੱਠ ਕਰਕੇ ਪੂਰੀ ਤਰ੍ਹਾਂ ਅਪਣਾ ਲੈਣਾ ਸੀ। ਇਸ ਦੇ ਉਲਟ ਭਾਰਤੀ ਰਾਸ਼ਟਰਵਾਦੀ ਹਿੰਦੀ ਭਾਸ਼ਾ ਦੀ ਭਾਰਤੀ ਰਾਜ ਸਿਰਜਣ ਵਿੱਚ ਮਹੱਤਤਾ ਤੋਂ ਪੂਰੀ ਤਰ੍ਹਾਂ ਚੇਤਨ ਸਨ। ਭਾਰਤੀ ਰਾਸ਼ਟਰਵਾਦ ਦੀ ਪ੍ਰਤੀਨਿਧਤਾ ਕਰਦੀ 'ਭਾਰਤੀ ਨੈਸ਼ਨਲ ਕਾਂਗਰਸ' ਪਾਰਟੀ ਨੇ 1925 ਈ. ਦੇ ਕਰਾਚੀ ਸੈਸ਼ਨ ਵਿੱਚ ਫੈਸਲਾ ਕੀਤਾ ਕਿ ਹਿੰਦੁਸਤਾਨੀ ਭਾਸ਼ਾ, ਜੋ ਹਿੰਦੀ ਅਤੇ ਉਰਦੂ ਦਾ ਮਿਸ਼ਰਨ ਸੀ, ਭਾਰਤ ਦੀ ਬੋਲ-ਚਾਲ ਦੀ ਭਾਸ਼ਾ ਹੋਣੀ ਚਾਹੀਦੀ ਹੈ। ਇਸ ਤੋਂ ਕੁੱਝ ਸਮੇਂ ਬਾਅਦ ਵਿੱਦਿਅਕ ਖੇਤਰ ਵਿੱਚ ਸਰਗਰਮ ਭਾਰਤੀ ਰਾਸ਼ਟਰਵਾਦੀ ਬੁੱਧੀਜੀਵੀਆਂ ਦੇ ਸੰਗਠਨ 'ਹਿੰਦੀ ਸਾਹਿਤ ਸੰਮੇਲਨ' ਵੱਲੋਂ ਹਿੰਦੀ ਭਾਸ਼ਾ ਨੂੰ (ਰਾਸ਼ਟਰੀ ਭਾਸ਼ਾ) ਵਜੋਂ ਅਪਣਾਉਣ ਦਾ ਸੁਝਾਅ ਦਿੱਤਾ ਗਿਆ। ਸੰਮੇਲਨ ਦੇ ਇਸ ਸੁਝਾਅ ਨੂੰ ਇੰਦੌਰ ਸੰਮੇਲਨ ਵਿੱਚ ਪ੍ਰਵਾਨ ਕਰ ਲਿਆ ਗਿਆ ਅਤੇ ਇਸ ਕਾਰਜ ਲਈ 1918 ਈ. ਵਿੱਚ ਹਿੰਦੀ ਭਾਸ਼ਾ ਦੇ ਪ੍ਰਚਾਰ-ਪ੍ਰਸਾਰ ਲਈ 'ਹਿੰਦੀ ਪ੍ਰਚਾਰ ਸਭਾ' ਦਾ ਗਠਨ ਕੀਤਾ ਗਿਆ। (12)

ਸਿੱਖ ਵਿਦਵਾਨਾਂ ਅਤੇ ਰਾਜਨੀਤੀਵਾਨਾਂ ਨੇ ਭਵਿੱਖ ਵਿੱਚ ਬਣਨ ਵਾਲੀ ਭਾਰਤੀ ਨੇਸ਼ਨ ਸਟੇਟ ਵਿੱਚ ਸਿੱਖਾਂ ਦੀ ਭਾਸ਼ਾ ਅਤੇ ਲਿਪੀ ਦੀ ਰਾਜਨੀਤਿਕ ਹੋਣੀ ਬਾਰੇ ਕਦੇ ਵਿਚਾਰ ਨਾ ਕੀਤਾ। 1928 ਈ. ਵਿੱਚ ਭਾਰਤੀ ਰਾਸ਼ਟਰੀ ਕਾਂਗਰਸ ਵੱਲੋਂ ਅਪਣਾਏ ਗਏ 'ਨਹਿਰੂ ਸੰਵਿਧਾਨ' ਵਿੱਚ ਆਉਣ ਵਾਲੇ ਭਾਰਤੀ ਰਾਜ ਦੇ ਅਤਿ-ਕੇਂਦਰੀਕ੍ਰਿਤ ਰੂਪ ਦੀ ਝਲਕ ਦੇ ਦਿੱਤੀ ਗਈ ਸੀ, ਪਰ ਸਿੱਖ ਰਾਜਨੀਤਿਕ ਆਗੂਆਂ ਅਤੇ ਵਿਦਵਾਨਾਂ ਨੇ ਅਤਿ-ਨਮੋਸ਼ੀਜਨਕ ਪੱਧਰ ਦੀ ਭਾਰਤ ਪੱਖੀ ਨੀਤੀ ਦਾ ਪ੍ਰਗਟਾਵਾ ਕੀਤਾ। ਇਸ ਕਮੇਟੀ ਵਿੱਚ ਸਿੱਖਾਂ ਦੀ ਪ੍ਰਤੀਨਿਧਤਾ ਕਰਨ ਵਾਲੇ ਆਗੂ 'ਮੰਗਲ ਸਿੰਘ ਗਿੱਲ' ਨੇ ਨਹਿਰੂ ਸੰਵਿਧਾਨ ਨੂੰ ਬਿਨਾ ਸ਼ਰਤ ਪ੍ਰਵਾਨ ਕਰ ਲਿਆ।

ਨਹਿਰੂ ਕਮੇਟੀ ਨੇ ਮੰਗਲ ਸਿੰਘ ਗਿੱਲ ਦੇ ਇਸ ਅਤਿ ਗ਼ੈਰ-ਜ਼ਿੰਮੇਵਾਰਾਨਾ ਫੈਸਲੇ ਦੀ ਸ਼ਲਾਘਾ ਕਰਦਿਆਂ ਲਿਖਿਆ: ਮੰਗਲ ਸਿੰਘ ਗਿੱਲ ਨੇ ਦੇਸ਼ ਦੇ ਹਿੱਤ ਵਿੱਚ ਸੰਪਰਦਾਇਕ ਫਾਇਦੇ ਨੂੰ ਛੱਡ ਕੇ ਸਵੈ-ਬਲੀਦਾਨ ਦੀ ਸ਼ਲਾਘਾਯੋਗ ਭਾਵਨਾ ਦਾ ਪ੍ਰਗਟਾਵਾ ਕੀਤਾ ਹੈ। ਸਿੱਖ ਕਿਸੇ ਵੀ ਭਾਈਚਾਰੇ ਲਈ ਰਾਖਵੀਆਂ ਸੀਟਾਂ ਰੱਖਣ ਦੇ ਵਿਰੋਧ ਵਿੱਚ ਖੜੇ ਹੋਏ ਹਨ, ਭਾਵੇਂ ਕਿ ਕਮੇਟੀ ਵੱਲੋਂ ਸੁਝਾਈ ਗਈ ਸਾਂਝੀ ਚੋਣ ਪ੍ਰਣਾਲੀ ਸਿੱਖਾਂ ਲਈ ਲਾਹੇਵੰਦ ਨਹੀਂ ਹੋਵੇਗੀ। ਸਿੱਖਾਂ ਕੋਲ ਰਾਖਵੀਆਂ ਸੀਟਾਂ ਮੰਗਣ ਦਾ ਮਜਬੂਤ ਆਧਾਰ ਹੈ, ਪਰ ਹਿੰਦੂ ਘੱਟਗਿਣਤੀ ਦਾ ਤੱਥ ਵੀ ਮਹੱਤਵਪੂਰਨ ਹੈ। ਇਹ ਤੱਥ ਪੰਜਾਬ ਦੇ ਮਸਲੇ ਨੂੰ ਭਾਰਤ ਪੱਧਰ 'ਤੇ ਮਹੱਤਵਪੂਰਨ ਬਣਾ ਦਿੰਦਾ ਹੈ। ਇਨ੍ਹਾਂ ਮੁਸ਼ਕਲਾਂ ਨੂੰ ਹੱਲ ਕਰਨ ਲਈ ਅਤੇ (ਭਾਰਤੀ) ਰਾਸ਼ਟਰਵਾਦ ਦੀ ਪੂਰਨ ਕਾਮਯਾਬੀ ਲਈ ਪੰਜਾਬ ਦੇ ਰਾਜਨੀਤਕ ਸਰੀਰ ਵਿੱਚੋਂ ਸੰਪਰਦਾਇਕਤਾ ਦੇ ਵਿਸ਼ਾਣੂ ਨੂੰ ਖਤਮ ਕਰਨਾ ਜ਼ਰੂਰੀ ਹੈ। ਸਰਦਾਰ ਮੰਗਲ ਸਿੰਘ ਨੇ ਕਮੇਟੀ ਦੀ ਇਸ ਮੁਸ਼ਕਲ ਨੂੰ ਸਮਝਿਆ ਹੈ ਅਤੇ ਸਵੈ-ਇੱਛਾ ਨਾਲ (ਸਿੱਖਾਂ) ਦੇ ਸਾਰੇ ਦਾਅਵੇ ਛੱਡ ਦਿੱਤੇ ਹਨ। ਕਮੇਟੀ ਇਸ ਭਾਵਨਾ ਦੀ ਸ਼ਲਾਘਾ ਕਰਦੀ ਹੈ ਅਤੇ ਸਿੱਖਾਂ ਦੀ ਦੇਸ਼ ਭਗਤੀ ਦੀ ਤਾਕਤਵਰ ਇੱਛਾ ਦੇ ਪ੍ਰਗਟਾਵੇ ਲਈ ਮੁਬਾਰਕਬਾਦ ਦਿੰਦੀ ਹੈ। (13)

ਹੱਦ ਦਰਜੇ ਦੀ ਰਾਜਨੀਤਕ ਅਣਗਹਿਲੀ ਦਿਖਾਉਂਦਿਆਂ ਮਾਸਟਰ ਤਾਰਾ ਸਿੰਘ ਨੇ ਨਹਿਰੂ ਕਮੇਟੀ ਦਾ ਵਿਰੋਧ ਕਰਦਿਆਂ ਲਿਖਿਆ ਕਿ 'ਜੇ ਕਾਂਗਰਸ ਨੇ ਸਿੱਖਾਂ ਦੇ ਮਸਲਿਆਂ ਵੱਲ ਧਿਆਨ ਨਾ ਦਿੱਤਾ ਤਾਂ ਸਿੱਖਾਂ ਦੇ ਕੁੱਝ ਹਿੱਸੇ ਕਾਂਗਰਸ ਤੋਂ ਦੂਰ ਹੋ ਜਾਣਗੇ!' ਬਨਾਰਸ ਹਿੰਦੂ ਯੂਨੀਵਰਸਿਟੀ ਦੇ ਸਿੱਖ ਪ੍ਰੋਫੈਸਰ ਗੁਰਮੁੱਖ ਨਿਹਾਲ ਸਿੰਘ ਨੇ 'ਨਹਿਰੂ ਕਮੇਟੀ' ਦੇ ਹੱਕ ਵਿੱਚ ਖੁੱਲ੍ਹ ਕੇ ਲਿਖਿਆ। (14)

---

**References:**


1. Harold F Schiffman (Routledge: London, 1996)

2. Tomsaz Kamusella, The Politics of Language and Nationalism in Modern Central Europe (Palgrave Macmillan: London, 2009), pp 5-7.

3. Kaius Sinnemaki Et Al, Sacred Language: Reformation, Nationalism and Linguistic Culture in 'On the legacy of Lutheranism in Finland: Societal Prespective (Finish Literature Society:2019) pp 53-54.

4. Chirstopher A Baly, Indian Society and the making of British Empire (Cambridge University Press: Cambridge, 1988) pp 155.

5. Richard King, Orientalism and the Modern Myth of Hinduism, Newmen, Vol 46 No.2, p 169.

6. ਜ਼ਿਆਦਾ ਜਾਣਕਾਰੀ ਲਈ ਦੇਖੋ, Sheldon Pollock, Deep Orientalism? Notes on Sanskrit and power beyond the Raj in Carol A Breckenridge and Peter Van D Veer, Orientalism and the Post Colonial Perdicament (University of Pennsylvania Press: Philadelphia, 1993) pp 76-133.

7. Quoted in King, No 5, pp 171-172

8. K L Tuteja and O P Grewal, Emergence of Hindu Communal Ideology in Early Twentieth Century Punjab, Social Scientist, Vol 20, No 7/8, July/August 1992, pp 9-10.

9. Kenneth W Jones, Communalism in Punjab: The Arya Samaj Contribution, The Journal of Asian Studies, Vol 28, No 1, November 1968, page 40.

10. J S Grewal, Master Tara Singh in Indian History: Colonialism, Nationalism and the politics of Sikh Identity (Oxford University Press: New Delhi: 2017), p 80.

11. Kenneth W Jones, Ham Hindu Nahin: Arya-Sikh Relations, 1877-1905, The Journal of Asian Studies, Vol 33, No 3, May 1973, page 472.

12. Lakhan Gusain, The Effectiveness of Establishing Hindi as the National Language, Georgetown Journal of International Affairs, Vol 13 No 1,Winter/Spring, 2012, page 44.

13. Grewal, No 10, page 162.

14. Ibid page, 163-164.


⇒ ਬਾਕੀ ਅਗਲੇ ਅੰਕ ਵਿੱਚ

# ਨਵੀਆਂ ਰਾਹਾਂ ਦੀ ਤਲਾਸ਼ ਵੇਲੇ ਸੁਚੇਤ ਰਹਿਣ ਦੀ ਲੋੜ

**ਤਰਜ਼-ਏ-ਜ਼ਿੰਦਗੀ**

ਡਾ. ਅਰਵਿੰਦਰ ਸਿੰਘ ਭੱਲਾ*
ਫੋਨ: +91-9463062603



'ਪਰਿਵਰਤਨ ਕੁਦਰਤ ਦਾ ਨਿਯਮ' ਅਤੇ 'ਯੋਗ ਨੂੰ ਜਿਊਣ ਦਾ ਅਧਿਕਾਰ' ਦੋ ਅਜਿਹੀਆਂ ਅਟੱਲ ਸੱਚਾਈਆਂ ਹਨ, ਜਿਨ੍ਹਾਂ ਤੋਂ ਕੋਈ ਵੀ ਬਾਸ਼ਊਰ ਇਨਸਾਨ ਕਦੇ ਵੀ ਮੁਨਕਰ ਨਹੀਂ ਹੋ ਸਕਦਾ ਹੈ। ਖੜੋਤ ਅਤੇ ਅਯੋਗਤਾ ਦਰਅਸਲ ਕਿਸੇ ਵੀ ਪ੍ਰਾਣੀ ਜਾਂ ਸਮੁੱਚੀ ਮਨੁੱਖੀ ਸੱਭਿਅਤਾ ਦੇ ਵਿਨਾਸ਼ ਦਾ ਕਾਰਨ ਬਣਦੀ ਹੈ। ਗੱਲ ਭਾਵੇਂ ਕਿਸੇ ਇਨਸਾਨ, ਮੁਆਸ਼ਰੇ, ਮੁਲਕ, ਕੌਮ ਜਾਂ ਕਿਸੇ ਤਨਜ਼ੀਮ ਦੀ ਹੋਵੇ, ਜਿੱਥੇ ਕਿਤੇ ਵੀ ਕੋਈ ਵਕਤ ਦੀ ਨਬਜ਼ ਨੂੰ ਪਹਿਚਾਨਣ ਵਿੱਚ ਜਦੋਂ ਕੁਤਾਹੀ ਕਰਦਾ ਹੈ ਤਾਂ ਉਸ ਦਾ ਖਮਿਆਜ਼ਾ ਕਿਸੇ ਨਾ ਕਿਸੇ ਰੂਪ ਵਿੱਚ ਖੁਦ ਉਸ ਨੂੰ ਜਾਂ ਉਸ ਦੀਆਂ ਆਉਣ ਵਾਲੀਆਂ ਨਸਲਾਂ ਨੂੰ ਭੁਗਤਣਾ ਪੈਂਦਾ ਹੈ। ਆਪਣੀ ਤਵਾਰੀਖ਼ ਤੋਂ ਕੋਈ ਵੀ ਸਬਕ ਨਾ ਸਿੱਖਣ ਵਾਲੇ ਲੋਕ ਅਕਸਰ ਤਵਾਰੀਖ਼ ਦੇ ਪੰਨਿਆਂ ਵਿੱਚ ਇਉਂ ਦਫ਼ਨ ਹੋ ਜਾਂਦੇ ਹਨ, ਜਿਵੇਂ ਕਦੇ ਇਸ ਸੰਸਾਰ ਵਿੱਚ ਉਨ੍ਹਾਂ ਦਾ ਕੋਈ ਵਜੂਦ ਹੀ ਨਾ ਰਿਹਾ ਹੋਵੇ। ਬਹੁਤ ਅਫ਼ਸੋਸ ਹੁੰਦਾ ਹੈ ਕਿ ਜਦੋਂ ਆਪਣੇ ਗੁਜ਼ਰੇ ਕੱਲ ਨੂੰ ਯਾਦ ਕਰਕੇ ਡੀਂਗਾਂ ਮਾਰਨ ਵਾਲੇ ਲੋਕ ਆਪ ਵੀ ਕੋਈ ਅਜਿਹੀ ਮਿਸਾਲ ਕਾਇਮ ਕਰਨ ਤੋਂ ਖੁੰਝ ਜਾਂਦੇ ਹਨ, ਜਿਨ੍ਹਾਂ ਉਤੇ ਕੋਈ ਉਨ੍ਹਾਂ ਉੱਪਰ ਨਾਜ਼ ਕਰ ਸਕੇ। ਗੁਜ਼ਰੇ ਵਕ਼ਤ ਜਾਂ ਮਾਣਮੱਤੀਆਂ ਪਰੰਪਰਾਵਾਂ ਦਾ ਜ਼ਿਕਰ ਕਰਨਾ ਉਨ੍ਹਾਂ ਨੂੰ ਹੀ ਸੋਭਦਾ ਹੈ, ਜੋ ਖੁਦ ਵੀ ਆਪਣੀ ਵਿਰਾਸਤ ਦੇ ਸੱਚੇ ਵਾਰਸ ਕਹਾਉਣ ਦੇ ਯੋਗ ਹੋਣ। ਸਮਾਜ ਵਿੱਚ ਵਿਚਰਦਿਆਂ ਅਕਸਰ ਦੇਖਣ ਨੂੰ ਮਿਲਦਾ ਹੈ ਕਿ ਜੋ ਲੋਕ ਕਥਨੀ ਅਤੇ ਕਰਨੀ ਵਿੱਚ ਇੱਕ ਨਹੀਂ ਹੁੰਦੇ, ਉਹ ਵਧੇਰੇ ਕਰਕੇ ਆਮ ਲੋਕਾਂ ਵਿੱਚ ਗੁੰਮਰਾਹਕੁੰਨ ਪ੍ਰਚਾਰ ਕਰਨ ਅਤੇ ਲੋਕਾਂ ਨੂੰ ਇੱਕ ਦੂਜੇ ਤੋਂ ਬਦਗੁਮਾਨ ਕਰਨ ਵਿੱਚ ਵਧੇਰੇ ਰੁਚਿਤ ਹੁੰਦੇ ਹਨ।

ਸਾਡੇ ਸਮਾਜ ਵਿੱਚ ਅਣਗਿਣਤ ਸੰਸਥਾਵਾਂ ਵਿੱਚ ਅਜਿਹੇ ਬੇਸ਼ੁਮਾਰ ਲੋਕ ਵਿਚਰਦੇ ਹੋਏ ਦਿਖਾਈ ਦੇਣਗੇ, ਜੋ ਹਮੇਸ਼ਾ ਇਸ ਕੋਸ਼ਿਸ਼ ਵਿੱਚ ਰਹਿੰਦੇ ਹਨ ਕਿ ਉਹ ਕਿਸ ਤਰ੍ਹਾਂ ਆਪਣੇ ਹੱਥਾਂ ਦੀ ਕਾਲਖ਼ ਨੂੰ ਦੂਜਿਆਂ ਦੇ ਪਾਕ ਦਾਮਨ ਨਾਲ ਪੂੰਝਣ ਤਾਂ ਜੋ ਉਹ ਖੁਦ ਸਮਾਜ ਵਿੱਚ ਦੂਜਿਆਂ ਨਾਲੋਂ ਉਜਲੇ ਦਿਖਾਈ ਦੇਣ। ਅਜਿਹੇ ਲੋਕਾਂ ਦੀ ਤਾਦਾਦ ਦਾ ਕਿਆਸ ਲਾਉਣਾ ਵੀ ਬੇਹੱਦ ਮੁਸ਼ਕਲ ਹੁੰਦਾ ਹੈ, ਜੋ ਖੁਦ ਤਾਂ ਬੁਨਿਆਦੀ ਤੌਰ ਉੱਪਰ ਅਕ੍ਰਿਤਘਣ ਹੁੰਦੇ ਹਨ, ਲੇਕਿਨ ਉਹ ਦੂਜਿਆਂ ਤੋਂ ਹਮੇਸ਼ਾ ਇਹੀ ਉਮੀਦ ਰੱਖਦੇ ਹਨ ਕਿ ਲੋਕ ਉਨ੍ਹਾਂ ਨੂੰ ਮੋਮਿਨ ਸਮਝਣ। ਸਾਡੇ ਸਮਾਜ ਵਿੱਚ ਭਾਂਤ-ਭਾਂਤ ਦੇ ਲੋਕਾਂ ਨਾਲ ਮਿਲਦਿਆਂ-ਜੁਲਦਿਆਂ ਲੋਕਾਂ ਦਾ ਗਿਰਗਿਟ ਦੀ ਤਰ੍ਹਾਂ ਰੰਗ ਬਦਲਣਾ, ਆਪਣੇ ਮੁਫਾਦ ਲਈ ਕਿਸੇ ਵੀ ਹੱਦ ਤੱਕ ਗਿਰਨਾ ਅਤੇ ਵੱਖ-ਵੱਖ ਮਖੌਟੇ ਪਹਿਨ ਕੇ ਲੋਕਾਂ ਨੂੰ ਧੋਖਾ ਦੇਣਾ ਹੁਣ ਰੋਜ਼ਮੱਰਾ ਦਾ ਆਮ ਜਿਹਾ ਵਰਤਾਰਾ ਬਣ ਗਿਆ ਹੈ। ਅਜਿਹੇ ਮੌਕਾਪ੍ਰਸਤ ਲੋਕਾਂ ਦੀ ਸੰਕੀਰਣ ਸੋਚ ਅਤੇ ਸਤਹੀ ਪੱਧਰ ਦੇ ਸਰੋਕਾਰਾਂ ਦੇ ਕਾਰਨ ਸਾਡੇ ਸਮਾਜ ਵਿੱਚ ਨਾਇਕ ਦਾ ਸੰਕਲਪ ਹੀ ਬਦਲਦਾ ਜਾ ਰਿਹਾ ਹੈ। ਹੁਣ ਲੋਕ ਵਕਤ ਨਾਲ ਇਸ ਕਰਕੇ ਨਹੀਂ ਬਦਲਦੇ ਕਿ ਉਹ ਆਪਣੇ ਆਪ ਨੂੰ ਦਰੁਸਤ ਕਰਨ ਜਾਂ ਸਮਾਜ ਵਿੱਚ ਕੋਈ ਉਸਾਰੂ ਭੂਮਿਕਾ ਨਿਭਾਉਣ, ਬਲਕਿ ਉਹ ਇਸ ਲਈ ਬਦਲਦੇ ਹਨ ਕਿ ਕੋਈ ਉਨ੍ਹਾਂ ਦੀ ਵਾਸਤਵਿਕ ਹਕੀਕਤ ਨਾ ਜਾਣ ਲਵੇ। ਹੁਣ ਲੋਕ ਮੁਕਾਬਲੇ ਦੀ ਦੌੜ ਵਿੱਚ ਖੁਦ ਨੂੰ ਯੋਗ ਸਿੱਧ ਕਰਨ ਲਈ ਸ਼ਾਮਲ ਹੋਣ ਨੂੰ ਤਰਜੀਹ ਨਹੀਂ ਦਿੰਦੇ, ਬਲਕਿ ਉਹ ਦੂਜਿਆਂ ਲਈ ਨਿੱਤ ਨਵੀਆਂ ਅਜ਼ਮਾਇਸ਼ਾਂ ਪੈਦਾ ਕਰਕੇ ਕਿਸੇ ਨੂੰ ਅਯੋਗ ਕਰਾਰ ਦਿੰਦੇ ਹਨ।

ਜਦੋਂ ਸਮਾਜ ਵਿੱਚ ਲੋਕ ਆਪਣੇ ਆਪ ਨੂੰ ਇਖ਼ਲਾਕ ਦੇ ਪੱਧਰ ਤੋਂ ਗਿਰਾ ਕੇ ਮੁਕਾਬਲੇ ਦੀ ਦੌੜ ਵਿੱਚ ਸ਼ਾਮਿਲ ਹੋ ਕੇ ਕੋਈ ਉੱਚਾ ਮੁਕਾਮ ਹਾਸਲ ਕਰਨ ਲਈ ਤਰੱਦਦ ਕਰਦੇ ਹਨ ਤਾਂ ਉਹ ਆਪਣੀ ਸਹੂਲਤ ਅਨੁਸਾਰ ਠੀਕ-ਗਲਤ ਅਤੇ ਸੱਚ-ਝੂਠ ਦੇ ਮਾਇਨੇ ਵੀ ਬਦਲ ਲੈਂਦੇ ਹਨ। ਕੁਝ ਲੋਕਾਂ ਲਈ ਬਦਲਾਅ ਹੁਣ ਕੇਵਲ ਸਿਆਸੀ ਪੈਂਤੜਾ ਜਾਂ ਖੋਖਲਾ ਨਾਅਰਾ ਜਾਂ ਆਪਣੀ ਹਵਸ ਦੀ ਪੂਰਤੀ ਲਈ ਅਪਣਾਈ ਗਈ ਰਣਨੀਤੀ ਦਾ ਇੱਕ ਅਟੁੱਟ ਅੰਗ/ਹਿੱਸਾ ਬਣ ਗਿਆ ਹੈ। ਸੱਤਾਧਾਰੀ, ਸ਼ਕਤੀਸ਼ਾਲੀ ਅਤੇ ਪ੍ਰਭਾਵਸ਼ਾਲੀ ਬਣਨ ਦੀ ਦੌੜ ਵਿੱਚ ਇਨਸਾਨ ਬਦਲਾਅ ਦਾ ਨਾਅਰਾ ਲਗਾ ਕੇ ਆਪਣੀਆਂ ਮੁਖ਼ਾਲਿਫ਼ ਧਿਰਾਂ ਨੂੰ ਨੇਸਤੋ ਨਾਬੂਦ ਕਰਨ ਲਈ ਹਰ ਹੀਲਾ ਵਰਤਦਾ ਹੋਇਆ ਦਿਖਾਈ ਦੇ ਰਿਹਾ ਹੈ, ਜਦੋਂ ਕਿ ਅਸਲ ਵਿੱਚ ਅਜਿਹਾ ਬਦਲਾਅ ਸਿਰਫ ਇੱਕ ਖੋਖਲੇ ਨਾਅਰੇ ਤੋਂ ਵੱਧ ਕੇ ਕੁਝ ਵੀ ਨਹੀਂ ਹੁੰਦਾ ਹੈ। ਲੋਕ ਆਪਣੇ ਪੁਰਖਿਆਂ ਦੀ ਘਾਲਣਾ ਨੂੰ ਅਕਸਰ ਢਾਲ ਦੀ ਤਰ੍ਹਾਂ ਇਸਤੇਮਾਲ ਕਰਨ ਨੂੰ ਤਰਜੀਹ ਦਿੰਦੇ ਤਾਂ ਹਨ, ਪਰ ਆਪਣੇ ਪੁਰਖਿਆਂ ਦੀਆਂ ਸਿੱਖਿਆਵਾਂ ਦੀ ਪਾਲਣਾ ਅਤੇ ਉਨ੍ਹਾਂ ਦੇ ਨਕਸ਼ੇ ਕਦਮਾਂ ਉੱਤੇ ਚਲਣ ਦਾ ਹੌਸਲਾ ਨਹੀਂ ਰੱਖਦੇ ਹਨ। ਇਸ ਸਭ ਦਾ ਨਤੀਜਾ ਇਹ ਨਿਕਲਦਾ ਹੈ ਕਿ ਕੁਝ ਸ਼ਬਦਾਂ ਦੇ ਜਾਦੂਗਰ, ਕੁਝ ਸਬਜ਼ਬਾਗ਼ ਦਿਖਾਉਣ ਵਿੱਚ ਮਾਹਿਰ, ਕੁਝ ਤੱਤੇ-ਤੱਤੇ ਭਾਸ਼ਨ ਦੇਣ ਦੀ ਕਲਾ ਵਿੱਚ ਨਿਪੁੰਨ ਅਤੇ ਕੁਝ ਗੈਰ-ਹਕੀਕ ਸੁਪਨਿਆਂ ਦੇ ਸੌਦਾਗਰ ਸਧਾਰਨ ਲੋਕਾਂ ਨੂੰ ਜ਼ਿਹਨੀ ਤੌਰ ਉੱਪਰ ਵਰਗਲਾਉਣ ਵਿੱਚ ਬੜੀ ਆਸਾਨੀ ਨਾਲ ਕਾਮਯਾਬ ਹੋ ਜਾਂਦੇ ਹਨ।

ਸਾਡੇ ਸਮਾਜ ਵਿੱਚ ਜੋ ਲੋਕ ਕੇਵਲ ਦੂਜਿਆਂ ਦੇ ਬਖੀਏ ਉਧੇੜਨ ਨੂੰ ਆਪਣਾ ਸ਼ੌਕ ਜਾਂ ਕਿੱਤਾ ਬਣਾ ਲੈਂਦੇ ਹਨ, ਜੋ ਹਮੇਸ਼ਾ ਲੋਕਾਂ ਦੀ ਮਾਸੂਮੀਅਤ ਦਾ ਲਾਭ ਉਠਾਉਣ ਨੂੰ ਆਪਣਾ ਹੱਕ ਸਮਝਦੇ ਹਨ ਅਤੇ ਜੋ ਲੋਕ ਖੁਦ ਨੂੰ ਆਪਣੀਆਂ ਖ਼ਾਮੀਆਂ ਕਰਕੇ ਹਮੇਸ਼ਾ ਅਸੁਰੱਖਿਅਤ ਮਹਿਸੂਸ ਕਰਦੇ ਹਨ, ਉਹ ਹੀ ਅਕਸਰ ਦੂਸਰਿਆਂ ਦੀ ਅਜ਼ਮਤ ਨੂੰ ਤਾਰ-ਤਾਰ ਕਰਨ ਵਿੱਚ ਖੁਸ਼ੀ ਮਹਿਸੂਸ ਕਰਦੇ ਹਨ ਅਤੇ ਜੋ ਧੁਰ ਅੰਦਰੋਂ ਸ਼ਰਾਰਤੀ ਬਿਰਤੀ ਦੇ ਮਾਲਕ ਹੁੰਦੇ ਹਨ, ਉਨ੍ਹਾਂ ਦੇ ਹੱਥ ਸਭ ਤੋਂ ਪਹਿਲਾਂ ਦੂਜਿਆਂ ਦੇ ਗਿਰੇਬਾਨ ਤੱਕ ਪਹੁੰਚਦੇ ਹਨ। ਇਸ ਨੂੰ ਅਜੋਕੇ ਯੁੱਗ ਦਾ ਇੱਕ ਕੋਝਾ ਵਰਤਾਰਾ ਹੀ ਕਿਹਾ ਜਾ ਸਕਦਾ ਹੈ ਕਿ ਲੋਕ ਆਪਣੀ ਪੀੜ੍ਹੀ ਹੇਠ ਸੋਟਾ ਫੇਰਨ ਦੀ ਬਜਾਏ ਦੂਜਿਆਂ ਉਤੇ ਚਿੱਕੜ ਸੁੱਟਣ ਨੂੰ ਅਕਸਰ ਪਹਿਲ ਦਿੰਦੇ ਹਨ। ਬੇਸ਼ੱਕ ਇਸ ਸੰਸਾਰ ਵਿੱਚ ਆਪਣੇ ਖ਼ਵਾਬਾਂ ਦੇ ਮਹਿਲ ਸਿਰਜਣ ਦਾ ਸਭ ਨੂੰ ਹੱਕ ਹੁੰਦਾ ਹੈ, ਪਰ ਇਹ ਹਰਗਿਜ਼ ਮੁਨਾਸਿਬ ਨਹੀਂ ਕਿ ਉਸ ਮਹਿਲ ਦੀ ਬੁਨਿਆਦ ਕਿਸੇ ਦੀ ਬੇਹੁਰਮਤੀ ਉੱਪਰ ਆਧਾਰਿਤ ਹੋਵੇ। ਸਾਡੇ ਧਾਰਮਿਕ ਗ੍ਰੰਥਾਂ ਵਿੱਚ ਨਿੰਦਕਾਂ ਦੀ ਬਿਰਤੀ ਅਤੇ ਉਨ੍ਹਾਂ ਦੇ ਹਸ਼ਰ ਬਾਰੇ ਬਹੁਤ ਤਫ਼ਸੀਲ ਵਿੱਚ ਲਿਖਿਆ ਹੋਇਆ ਪੜ੍ਹਿਆ ਜਾ ਸਕਦਾ ਹੈ। ਇਸ ਤੋਂ ਇਲਾਵਾ ਇਹ ਵਰਤਾਰਾ ਵੀ ਬੇਹੱਦ ਅਫ਼ਸੋਸਜਨਕ ਹੈ ਕਿ ਸਾਡੇ ਮੁਆਸ਼ਰੇ ਵਿੱਚ ਤਿਕੜਮਬਾਜ਼ੀ ਨੂੰ ਬੜੀ ਇੱਜ਼ਤ ਦੀ ਨਿਗਾਹ ਨਾਲ ਦੇਖਿਆ ਜਾ ਰਿਹਾ ਹੈ। ਜੋ ਲੋਕ ਆਪਣੀ ਸਾਰੀ ਸਮਰੱਥਾ ਅਤੇ ਸਲਾਹੀਅਤ ਲੋਕਾਂ ਨੂੰ ਬਦਗੁਮਾਨ ਤੇ ਗੁੰਮਰਾਹ ਕਰਕੇ ਆਪਣੇ ਛੁਪੇ ਹੋਏ ਏਜੰਡੇ ਨੂੰ ਬੜਾਵਾ ਦੇ ਕੇ ਖੁਦ ਸ਼ਰਾਫਤ ਦਾ ਢੋਂਗ ਰਚਦੇ ਹਨ, ਲੋਕ ਉਨ੍ਹਾਂ ਨੂੰ ਬਾਰਸੂਖ਼ ਅਤੇ ਸਾਹਿਬ-ਏ-ਹੈਸੀਅਤ ਕਰਾਰ ਦੇ ਕੇ ਉਨ੍ਹਾਂ ਦਾ ਕੱਦ ਉੱਚਾ ਕਰਨ ਵਿੱਚ ਕੋਈ ਕਸਰ ਨਹੀਂ ਛੱਡਦੇ ਹਨ।

ਅਜੋਕੇ ਸਮੇਂ ਵਿੱਚ ਸਾਨੂੰ ਪਰਦੇ ਪਿੱਛੇ ਛੁਪੇ ਅਦਿੱਖ ਦ੍ਰਿਸ਼ ਨੂੰ, ਕਿਸੇ ਇਬਾਰਤ ਵਿੱਚ ਅਣਲਿਖੇ ਵਾਕਾਂ ਨੂੰ ਅਤੇ ਕਿਸੇ ਸ਼ੋਰ ਪਿਛੇ ਛੁਪੀ ਸ਼ਰਾਰਤ ਦੀ ਆਹਟ ਨੂੰ ਸੁਣਨ ਦਾ ਫ਼ਨ ਸਿਖਣਾ ਚਾਹੀਦਾ ਹੈ। ਸਾਨੂੰ ਆਪਣੇ ਨਾਇਕ ਦੇ ਸੰਕਲਪ ਦੀ ਇੱਕ ਵਾਰ ਫਿਰ ਤੋਂ ਪੜਚੋਲ ਕਰਨੀ ਚਾਹੀਦੀ ਹੈ ਅਤੇ ਕਿਸੇ ਅਜਿਹੇ ਵਿਅਕਤੀ ਨੂੰ ਆਪਣਾ ਨਾਇਕ ਬਣਾਉਣ ਤੋਂ ਗੁਰੇਜ਼ ਕਰਨਾ ਚਾਹੀਦਾ ਹੈ ਕਿ ਜੋ ਆਪਣੀਆਂ ਸਮੱਸਿਆਵਾਂ ਨੂੰ ਲੋਕਾਂ ਦੀਆਂ ਸਮੱਸਿਆਵਾਂ ਦੱਸ ਕੇ ਲੋਕਾਂ ਦੀ ਅੱਖਾਂ ਵਿੱਚ ਘੱਟਾ ਪਾਉਣ ਲਈ ਤਤਪਰ ਰਹਿੰਦਾ ਹੋਵੇ। ਸਾਨੂੰ ਅਜਿਹੇ ਲੋਕਾਂ ਤੋਂ ਵੀ ਸੁਚੇਤ ਰਹਿਣਾ ਚਾਹੀਦਾ ਹੈ, ਜੋ ਆਪਣੇ ਵਕਤੀ ਤੌਰ ਉੱਪਰ ਨਿਗੂਣੇ ਜਿਹੇ ਫਾਇਦਿਆਂ ਦੀ ਖ਼ਾਤਰ ਭੀੜ ਦਾ ਹਿੱਸਾ ਬਣ ਕੇ ਅਜਿਹੇ ਲੋਕਾਂ ਨੂੰ ਆਪਣੇ ਰਹਿਨੁਮਾਵਾਂ ਦਾ ਦਰਜਾ ਦੇ ਦਿੰਦੇ ਹਨ, ਜੋ ਕਿ ਅਸਲ ਵਿੱਚ ਉਨ੍ਹਾਂ ਨੂੰ ਇਸਤੇਮਾਲ ਕਰਨ ਦਾ ਹੁਨਰ ਜਾਣਦੇ ਹੁੰਦੇ ਹਨ। ਸੱਚ ਜਾਣਿਓ! ਸਾਨੂੰ ਤਦ ਹੀ ਕੋਈ ਵਰਗਲਾ ਸਕਦਾ ਹੈ, ਜਦੋਂ ਅਸੀਂ ਸਮੇਂ ਤੋਂ ਪਹਿਲਾਂ ਅਤੇ ਆਪਣੀ ਔਕਾਤ ਤੋਂ ਵੱਧ ਕੁਝ ਚਾਹੁੰਦੇ ਹਾਂ, ਜਦੋਂ ਅਸੀਂ ਕਿਸੇ ਦੇ ਹੱਥਾਂ ਵਿੱਚ ਖੇਡਦੇ ਹੋਏ ਖੁਦ ਨੂੰ ਸੁਰੱਖਿਅਤ ਸਮਝਣ ਦਾ ਵਹਿਮ ਪਾਲਦੇ ਹਾਂ ਅਤੇ ਜਦੋਂ ਅਸੀਂ ਬੇਜ਼ਮੀਰੇ ਲੋਕਾਂ ਨੂੰ ਆਪਣੀ ਆਬਰੂ ਦੇ ਰਾਖੇ ਸਮਝਣ ਦੀ ਭੁੱਲ ਕਰਦੇ ਹਾਂ।

---

*ਪ੍ਰਿੰਸੀਪਲ, ਗੁਜਰਾਂਵਾਲਾ ਗੁਰੂ ਨਾਨਕ ਖਾਲਸਾ ਕਾਲਜ, ਲੁਧਿਆਣਾ।*

# ਹੋਲਾ-ਮਹੱਲਾ: ਸਰੂਪ, ਸੰਕਲਪ ਤੇ ਸਮਕਾਲ

**ਵਿਰਸਾ**

ਡਾ. ਨਿਸ਼ਾਨ ਸਿੰਘ ਰਾਠੌਰ
ਫੋਨ: +91-9041498009




ਤਿਉਹਾਰਾਂ ਦਾ ਇਤਿਹਾਸ ਉਨਾ ਹੀ ਪੁਰਾਣਾ ਹੈ, ਜਿੰਨਾ ਕਿ ਮਨੁੱਖੀ ਸੱਭਿਅਤਾ ਦਾ। ਮਨੁੱਖ ਦੇ ਸਮਾਜਿਕ ਹੋਣ ਤੋਂ ਲੈ ਕੇ ਸਮਕਾਲ ਤੀਕ ਤਿੱਥ-ਤਿਉਹਾਰ, ਰਹੁ-ਰੀਤਾਂ ਅਤੇ ਉਤਸਵ ਮਨੁੱਖ ਦੇ ਨਾਲ-ਨਾਲ ਚੱਲਦੇ ਆ ਰਹੇ ਹਨ; ਪਰ ਆਦਿਕਾਲ ਤੋਂ ਲੈ ਕੇ ਸਮਕਾਲ ਤੀਕ ਇਨ੍ਹਾਂ ਦੇ ਸਰੂਪ, ਸਿਧਾਂਤ ਅਤੇ ਸੰਕਲਪ ਬਦਲਦੇ ਰਹੇ ਹਨ। ਕਿਸੇ ਖ਼ਾਸ ਉਦੇਸ਼ ਜਾਂ ਮਨੌਤ ਕਰਕੇ ਆਰੰਭ ਹੋਇਆ ਕੋਈ ਤਿੱਥ-ਤਿਉਹਾਰ ਅਜੋਕੇ ਸੰਦਰਭ 'ਚ ਕਿਸੇ ਹੋਰ ਉਦੇਸ਼ ਦੀ ਪੂਰਤੀ ਹਿੱਤ ਮਨਾਇਆ ਜਾ ਰਿਹਾ ਹੈ। ਇਹ ਬਦਲਾਓ ਲਾਜ਼ਮੀ ਅਤੇ ਕੁਦਰਤੀ ਹਨ। ਸਮਾਜਿਕ ਸਿਸਟਮ ਦੀ ਆਰੰਭਤਾ ਤੋਂ ਹੀ ਮਨੁੱਖ ਆਪਣੇ ਨਿੱਤ ਦੇ ਕਾਰ-ਵਿਹਾਰ, ਉਕੇਵੇਂ ਜਾਂ ਖ਼ਾਸ ਧਾਰਮਿਕ ਮਨੌਤਾਂ, ਪਰੰਪਰਾਵਾਂ ਦੇ ਅਧੀਨ ਤਿੱਥ-ਤਿਉਹਾਰ ਮਨਾਉਂਦਾ ਆ ਰਿਹਾ ਹੈ। ਇਹ ਤਿਉਹਾਰ ਕਦੇ ਰੁੱਤਾਂ ਦੇ ਬਦਲਣ ਮੌਕੇ ਮਨਾਏ ਜਾਂਦੇ ਹਨ, ਕਦੇ ਇਤਿਹਾਸਕ ਪਰਿਪੇਖ ਦੀ ਇਵਜ਼ ਵਿੱਚ ਅਤੇ ਕਦੇ ਸਮਾਜਿਕ ਸੰਦਰਭ ਵਿੱਚ ਮਨਾਏ ਜਾਂਦੇ ਹਨ। ਇਨ੍ਹਾਂ ਦਾ ਮੂਲ ਉਦੇਸ਼ ਮਨੁੱਖੀ ਜੀਵਨ ਦੇ ਅੰਦਰ ਖੜੋਤ ਨੂੰ ਰੋਕਣਾ ਅਤੇ ਨਵ-ਚੇਤਨਾ ਦਾ ਸੰਚਾਰ ਕਰਨਾ ਹੁੰਦਾ ਹੈ।

**ਮਨੁੱਖ ਅਤੇ ਤਿਉਹਾਰ ਦਾ ਸੰਬੰਧ:** ਮਨੁੱਖਤਾ ਦਾ ਇਤਿਹਾਸ ਸਦੀਆਂ ਪੁਰਾਣਾ ਹੈ। ਜਦੋਂ ਤੋਂ ਸ੍ਰਿਸਟੀ ਦੀ ਰਚਨਾ ਹੋਈ ਹੈ, ਉਦੋਂ ਤੋਂ ਲੈ ਕੇ ਹੁਣ ਤੱਕ ਮਨੁੱਖੀ ਜੀਵਨ ਵਿੱਚ ਬਦਲਾਓ ਹੁੰਦੇ ਆ ਰਹੇ ਹਨ। ਆਦਿਕਾਲ ਤੋਂ ਮਨੁੱਖੀ ਸੱਭਿਅਤਾ ਵਿੱਚ ਬਦਲਾਓ ਹੁੰਦੇ ਆਏ ਹਨ ਅਤੇ ਮਨੁੱਖਤਾ ਇਸ ਨੂੰ ਸਹਿਜਤਾ ਨਾਲ ਸਵੀਕਾਰ ਵੀ ਕਰਦੀ ਆਈ ਹੈ। ਸਮਾਜਕ ਬਣਤਰ ਨੂੰ ਦਰੁਸਤ ਢੰਗ ਨਾਲ ਚਲਾਉਣ ਵਾਸਤੇ ਧਰਮ ਨੇ ਜਨਮ ਲਿਆ। ਇਹ ਧਰਮ ਹੀ ਸੀ, ਜਿਸਨੇ ਮਨੁੱਖ ਨੂੰ ਉਸ ਦੀਆਂ ਜ਼ਿੰਮੇਵਾਰੀਆਂ ਦਾ ਅਹਿਸਾਸ ਕਰਵਾਇਆ। ਫੇਰ ਮਨੁੱਖ ਇਨ੍ਹਾਂ ਜ਼ਿੰਮੇਵਾਰੀਆਂ ਦੇ ਬੋਝ ਹੇਠਾਂ ਇੰਨਾ ਦੱਬ ਗਿਆ ਕਿ ਉਹ ਆਪਣੇ ਜੀਵਨ 'ਚ ਤਬਦੀਲੀਆਂ ਚਾਹੁਣ ਲੱਗਾ। ਇਸੇ ਤਬਦੀਲੀ ਦੀ ਚਾਹਤ, ਇੱਛਾ ਕਰਕੇ ਤਿੱਥਾਂ-ਤਿਉਹਾਰਾਂ ਨੇ ਜਨਮ ਲਿਆ। ਅਸਲ ਵਿੱਚ ਮਨੁੱਖ ਆਪਣੇ ਨਿੱਤ ਦੇ ਕਾਰ-ਵਿਹਾਰ ਤੋਂ ਕੁਝ ਸਮੇਂ ਲਈ ਨਿਜ਼ਾਤ ਚਾਹੁੰਦਾ ਸੀ, ਇਸ ਲਈ ਉਸਨੇ ਮਨੋਰੰਜਨ (ਕੁਝ ਹੱਦ ਤੱਕ ਸ਼ਰਧਾ ਕਰਕੇ) ਲਈ ਕਈ ਤਰ੍ਹਾਂ ਦੇ ਮੇਲੇ-ਤਿਉਹਾਰ ਮਨਾਉਣੇ ਸ਼ੁਰੂ ਕਰ ਦਿੱਤੇ। ਇਨ੍ਹਾਂ ਮੇਲਿਆਂ-ਤਿਉਹਾਰਾਂ ਨੂੰ ਰੁੱਤਾਂ, ਮੌਸਮ ਦੇ ਬਦਲਾਓ ਜਾਂ ਇਤਿਹਾਸ, ਸਮਾਜਿਕ ਪਰਿਪੇਖ ਵਿੱਚ ਮਨਾਇਆ ਜਾਣ ਲੱਗਾ। ਕੁਝ ਤਿਉਹਾਰ ਦੇਵੀ-ਦੇਵਤਿਆਂ ਨੂੰ ਪ੍ਰਸੰਨ ਕਰਨ ਹਿੱਤ ਮਨਾਏ ਜਾਂਦੇ ਸਨ। ਸੰਖੇਪ 'ਚ ਕਿਹਾ ਜਾ ਸਕਦਾ ਹੈ ਕਿ ਲੋਕ ਇਨ੍ਹਾਂ ਤਿਉਹਾਰਾਂ ਨੂੰ ਸ਼ਰਧਾ ਅਤੇ ਮਨੋਰੰਜਨ ਹਿੱਤ ਹੀ ਮਨਾਉਂਦੇ ਸਨ।

**ਖ਼ਾਲਸੇ ਦੀ ਆਮਦ ਅਤੇ ਤਿਉਹਾਰਾਂ ਦਾ ਬਦਲਦਾ ਸਰੂਪ:** ਸੰਸਾਰ ਦੇ ਨਕਸ਼ੇ 'ਤੇ ਖ਼ਾਲਸਾ ਪੰਥ ਦੀ ਆਮਦ ਨਾਲ ਜਿੱਥੇ ਰਾਜਨੀਤਕ, ਸਮਾਜਿਕ ਬਦਲਾਓ ਆਇਆ, ਉੱਥੇ ਹੀ ਮਨੁੱਖੀ ਜੀਵਨ 'ਚ ਸਿਰਫ ਮਨੋਰੰਜਨ ਅਤੇ ਸ਼ਰਧਾ ਹਿੱਤ ਮਨਾਏ ਜਾਂਦੇ ਤਿਉਹਾਰਾਂ ਦੀ ਰੂਪ-ਰੇਖਾ ਵੀ ਬਦਲ ਗਈ। ਇਨ੍ਹਾਂ ਤਿਉਹਾਰਾਂ ਵਿੱਚੋਂ ਇੱਕ ਹੈ, ਹੋਲਾ-ਮਹੱਲਾ। ਆਮ ਲੋਕਾਂ ਨੂੰ ਭੁਲੇਖਾ ਪੈਂਦਾ ਹੈ ਕਿ ਖ਼ਬਰੇ! ਇਹ ਤਿਉਹਾਰ ਹੋਲੀ ਦਾ ਸੁਧਰਿਆ ਰੂਪ ਹੈ। ਹੋਲੀ ਜਿੱਥੇ ਰੰਗਾਂ ਦਾ ਤਿਉਹਾਰ ਹੈ, ਉੱਥੇ ਹੋਲਾ-ਮਹੱਲਾ ਸ਼ਸਤਰ ਵਿੱਦਿਆ ਅਤੇ ਚੜ੍ਹਦੀ ਕਲਾ ਦਾ ਤਿਉਹਾਰ ਹੈ। ਇਹ ਖ਼ਾਲਸੇ ਦਾ ਕੌਮੀ ਜੋੜ ਮੇਲ ਹੈ। ਇਹ ਇੱਕ ਜਜ਼ਬਾ ਹੈ, ਜਿਹੜਾ ਹਰ ਵਰ੍ਹੇ ਨਵੇਂ ਸੰਕਲਪ ਪੇਸ਼ ਕਰਦਾ ਹੈ। ਇਨ੍ਹਾਂ ਸੰਕਲਪਾਂ 'ਤੇ ਪੂਰਾ ਉਤਰ ਕੇ ਅੱਜ ਦਾ ਮਨੁੱਖ ਆਪਣੇ ਜੀਵਨ ਵਿੱਚ ਖੜੋਤ ਦਾ ਸ਼ਿਕਾਰ ਹੋਣ ਤੋਂ ਬਚ ਸਕਦਾ ਹੈ ਅਤੇ ਖੁਸ਼ਹਾਲੀ ਭਰਿਆ ਜੀਵਨ ਬਤੀਤ ਕਰ ਸਕਦਾ ਹੈ।

**ਹੋਲੇ-ਮਹੱਲੇ ਦਾ ਇਤਿਹਾਸਕ ਪਰਿਪੇਖ:** ਦਸਵੇਂ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਨੇ ਚੇਤ ਵਧੀ ਇੱਕ ਸੰਮਤ 1757 ਬਿਕ੍ਰਮੀ ਵਾਲੇ ਦਿਨ, ਅਨੰਦਪੁਰ ਸਾਹਿਬ ਵਿਖੇ ਕਿਲ੍ਹਾ ਲੋਹਗੜ੍ਹ ਦੇ ਅਸਥਾਨ 'ਤੇ ਹੋਲੇ-ਮਹੱਲੇ ਦੀ ਆਰੰਭਤਾ ਕੀਤੀ। ਕਵੀ ਸੁਮੇਰ ਸਿੰਘ 'ਗੁਰ ਪਦ ਪ੍ਰੇਮ ਪ੍ਰਕਾਸ਼' ਵਿੱਚ ਲਿਖਦੇ ਹਨ: "ਔਰਨ ਕੀ ਹੋਲੀ ਮਮ ਹੋਲਾ, ਕਹਯੋ ਕ੍ਰਿਪਾਨਿਧ ਬਚਨ ਅਮੋਲਾ।"

ਦਸਮ ਪਿਤਾ ਸਿੱਖਾਂ ਅੰਦਰ ਜਿੱਤ, ਜਜ਼ਬੇ ਅਤੇ ਜੰਗ ਦੀ ਭਾਵਨਾ ਨੂੰ ਪ੍ਰਚੰਡ ਕਰਨਾ ਚਾਹੁੰਦੇ ਸਨ। ਆਮ ਲੋਕਾਂ ਦੇ ਮਨਾਂ ਅੰਦਰ ਹਕੂਮਤ ਦਾ ਡਰ ਇੰਨਾ ਜ਼ਿਆਦਾ ਘਰ ਕਰ ਚੁਕਾ ਸੀ ਕਿ ਲੋਕ ਡਰ-ਡਰ ਕੇ ਜਿਉਂਦੇ ਸਨ। ਗੁਰੂ ਸਾਹਿਬ ਆਮ ਲੋਕਾਂ ਦੇ ਮਨਾਂ 'ਚੋਂ ਇਸ ਡਰ ਨੂੰ ਮੂਲੋਂ ਹੀ ਖ਼ਤਮ ਕਰਨਾ ਚਾਹੁੰਦੇ ਸਨ। ਇਸ ਲਈ ਉਨ੍ਹਾਂ ਨੇ ਜਿੱਥੇ ਖ਼ਾਲਸਾ ਪੰਥ ਸਾਜਿਆ, ਉੱਥੇ ਹੀ ਸਮਾਜ 'ਚ ਚੱਲ ਰਹੇ ਤਿੱਥਾਂ-ਤਿਉਹਾਰਾਂ ਨੂੰ ਨਵੇਂ ਰੂਪ 'ਚ ਮਨਾਉਣ ਦੀ ਆਰੰਭਤਾ ਕੀਤੀ। ਗੁਰੂ ਸਾਹਿਬ ਇਨ੍ਹਾਂ ਤਿਉਹਾਰਾਂ ਨੂੰ ਸਿਰਫ ਮਨੋਰੰਜਨ ਜਾਂ ਸ਼ਰਧਾ ਹਿੱਤ ਮਨਾਉਣ ਦੇ ਪੱਖ ਵਿੱਚ ਨਹੀਂ ਸਨ, ਬਲਕਿ ਉਹ ਇਨ੍ਹਾਂ ਤਿਉਹਾਰਾਂ ਦੇ ਮਾਧਿਅਮ ਰਾਹੀਂ ਲੋਕ ਮਨਾਂ 'ਚ ਨਵ-ਚੇਤਨਾ ਦਾ ਸੰਚਾਰ ਕਰਨਾ ਚਾਹੁੰਦੇ ਸਨ। ਖ਼ਾਲਸਈ ਜਾਹੋ-ਜਲਾਲ ਦਾ ਪ੍ਰਤੀਤ ਹੋਲਾ-ਮਹੱਲਾ ਇਸੇ ਉਦੇਸ਼ ਦੀ ਪੂਰਤੀ ਹਿੱਤ ਨਵ-ਰੂਪ ਅਖ਼ਤਿਆਰ ਕਰ ਗਿਆ, ਜਿਹੜਾ ਅੱਜ ਵੀ ਚੜ੍ਹਦੀ ਕਲਾ ਦਾ ਪ੍ਰਤੀਕ ਮੰਨਿਆ ਜਾਂਦਾ ਹੈ।



**ਸ਼ਬਦੀ ਅਰਥ:** ਹੋਲਾ 'ਅਰਬੀ' ਭਾਸ਼ਾ ਦੇ ਸ਼ਬਦ 'ਹੂਲ' ਤੋਂ ਬਣਿਆ ਹੈ, ਜਿਸਦਾ ਅਰਥ ਹੈ- ਲੋਕਾਂ ਦੀ ਭਲਾਈ ਲਈ ਜੂਝਣਾ, ਸੀਸ ਤਲੀ 'ਤੇ ਧਰ ਕੇ ਲੜਨਾ, ਤਲਵਾਰ ਦੀ ਧਾਰ 'ਤੇ ਚੱਲਣਾ ਭਾਵ ਸਰਬੱਤ ਦੇ ਭਲੇ ਲਈ ਤੱਤਪਰ ਹੋਣਾ। ਇਹੋ ਉਦੇਸ਼ ਖ਼ਾਲਸੇ ਦਾ ਮੂਲ ਉਦੇਸ਼ ਹੈ। ਖ਼ਾਲਸਾ ਸਦਾ ਤੋਂ ਹੀ ਮਜ਼ਲੂਮਾਂ ਦੀ ਰੱਖਿਆ ਖ਼ਾਤਰ ਜੂਝਦਾ ਰਿਹਾ ਹੈ। 'ਮਹੱਲਾ' ਸ਼ਬਦ ਦਾ ਅਰਥ ਹੈ- ਉਹ ਥਾਂ ਜਿਸ ਨੂੰ ਜਿੱਤ ਕੇ, ਫਤਿਹ ਕਰਕੇ ਉੱਥੇ ਟਿਕਾਣਾ ਕੀਤਾ ਜਾਵੇ, ਪੜਾਅ ਕੀਤਾ ਜਾਵੇ, ਰੁਕਿਆ ਜਾਵੇ।

ਭਾਈ ਕਾਨ੍ਹ ਸਿੰਘ ਨਾਭਾ ਹੋਲਾ ਦੇ ਅਰਥ ਕਰਦੇ ਹਨ, "ਹਮਲਾ ਕਰਨਾ ਅਤੇ ਜਿੱਥੇ ਹਮਲਾ ਕਰਦੇ ਹਨ।" ਮਹੱਲਾ ਇਕ ਤਰ੍ਹਾਂ ਦੀ ਬਨਾਉਟੀ ਲੜਾਈ ਹੈ। ਇਸ ਲੜਾਈ ਦਾ ਮੁੱਖ ਮੰਤਵ ਸ਼ਸਤਰ-ਵਿੱਦਿਆ ਦਾ ਅਭਿਆਸ ਕਰਨਾ ਹੁੰਦਾ ਹੈ। ਮਹੱਲਾ ਇਕ ਪ੍ਰਕਾਰ ਦੀ ਮਸਨੂਈ ਭਾਵ ਬਨਾਉਟੀ ਲੜਾਈ ਹੁੰਦੀ ਹੈ। ਇਸ ਵਿੱਚ ਪੈਦਲ ਅਤੇ ਘੋੜ-ਸਵਾਰ ਸ਼ਸਤਰਧਾਰੀ ਸਿੰਘ (ਦੋ) ਦਲ ਬਣਾ ਕੇ ਨਕਲੀ ਲੜਾਈ ਰਾਹੀਂ ਕਈ ਪ੍ਰਕਾਰ ਦੀਆਂ ਜੰਗੀ ਕਰਤੱਬਾਂ ਦਾ ਅਭਿਆਸ ਕਰਦੇ ਸਨ। ਅਸਲ ਵਿੱਚ ਹੋਲਾ-ਮਹੱਲਾ ਸਿੱਖਾਂ ਅੰਦਰ ਚੜ੍ਹਦੀ ਕਲਾ ਦੇ ਸੰਕਲਪ ਨੂੰ ਰੂਪਮਾਨ ਕਰਦਾ ਹੈ।

**ਜਜ਼ਬੇ ਅਤੇ ਜੰਗਜੂ ਬਿਰਤੀ:** ਗੁਰੂ ਸਾਹਿਬ ਦਾ ਮੂਲ ਮੰਤਵ ਸਿੱਖਾਂ ਅੰਦਰ ਜੰਗਜੂ ਬਿਰਤੀ ਦੀ ਪਿਰਤ ਪਾਉਣਾ ਸੀ। ਇਹ ਇਕੱਲੇ ਹੋਲਾ-ਮਹੱਲੇ ਤੇ ਤਿਉਹਾਰ ਕਰਕੇ ਨਹੀਂ ਪੈ ਸਕਦੀ ਸੀ ਜਾਂ ਇਕੱਲੇ ਤਿੱਥਾ-ਤਿਉਹਾਰਾਂ ਦੇ ਨਵ-ਸਰੂਪਾਂ ਕਰਕੇ ਨਹੀਂ ਪੈ ਸਕਦੀ ਸੀ। ਇਸ ਲਈ ਗੁਰੂ ਸਾਹਿਬ ਨੇ ਜਿੱਥੇ ਦਸਤਾਰ ਬਖਸ਼ੀ, ਉੱਥੇ ਤਲਵਾਰ (ਕ੍ਰਿਪਾਨ) ਰੱਖਣ ਦੀ ਤਾਕੀਦ ਕੀਤੀ। ਅਸਲ ਵਿੱਚ ਦਸਤਾਰ ਮਨੁੱਖ ਨੂੰ ਬਾਦਸ਼ਾਹ ਹੋਣ ਦਾ ਅਹਿਸਾਸ ਕਰਵਾਉਂਦੀ ਹੈ। ਦਸਤਾਰ ਉਹ ਤਾਜ ਹੈ, ਜਿਹੜਾ ਰਾਜਿਆਂ- ਮਹਾਰਾਜਿਆਂ ਦੇ ਸਿਰ 'ਤੇ ਸੋਭਦਾ ਹੈ। ਤਲਵਾਰ ਰੱਖਣ ਦਾ ਹੌਸਲਾ ਉਸ ਮਨੁੱਖ ਕੋਲ ਹੁੰਦਾ ਹੈ, ਜਿਹੜਾ ਜੰਗਜੂ (ਲੜਾਕੂ) ਬਿਰਤੀ ਦਾ ਮਾਲਕ ਹੋਵੇ ਅਤੇ ਜਿਹੜਾ ਸੂਰਬੀਰ ਦੂਜੇ ਲੋਕਾਂ ਦੀ ਮਦਦ ਹਿੱਤ ਜੂਝਣ (ਲੜਨ) ਦਾ ਹੌਸਲਾ ਰੱਖਦਾ ਹੋਵੇ। ਖ਼ਾਲਸੇ ਅੰਦਰ ਇਸੇ ਸਪਿਰਟ ਹੋਲਾ-ਮਹੱਲੇ ਦੇ ਮੌਜੂਦਾ ਸਵਰੂਪ ਕਰਕੇ ਕਾਰਗਰ ਸਿੱਧ ਹੋਈ ਹੈ।

**ਹੋਲਾ-ਮਹੱਲਾ ਅਜੋਕੇ ਸੰਦਰਭ 'ਚ:** ਇਹ ਕੁਦਰਤੀ ਨਿਯਮ ਹੈ ਕਿ ਸਮਾਜਿਕ ਰਹੁ-ਰੀਤਾਂ ਵਿੱਚ ਤਬਦੀਲੀ ਅਤੇ ਗਿਰਾਵਟ ਆ ਜਾਂਦੀ ਹੈ। ਇਸਨੂੰ ਰੋਕਿਆ ਨਹੀਂ ਜਾ ਸਕਦਾ, ਕਿਉਂਕਿ ਇਹ ਕੁਦਰਤੀ ਅਤੇ ਲਾਜ਼ਮੀ ਵਰਤਾਰਾ ਹੈ। ਹਾਂ, ਇਸ ਨੂੰ ਕੁਝ ਵਕਤ ਲਈ ਟਾਲਿਆ ਜਾ ਸਕਦਾ ਹੈ, ਪਰ ਅਸਲੋਂ ਹੀ ਖ਼ਤਮ ਨਹੀਂ ਕੀਤਾ ਜਾ ਸਕਦਾ। ਇਹ ਵਰਤਾਰਾ ਆਦਿਕਾਲ ਤੋਂ ਚੱਲਦਾ ਆ ਰਿਹਾ ਹੈ ਅਤੇ ਚੱਲਦਾ ਹੀ ਰਹੇਗਾ। ਚੀਜ਼ਾਂ ਬਣਦੀਆਂ ਹਨ, ਟੁੱਟਦੀਆਂ ਹਨ ਤੇ ਫਿਰ ਬਣਦੀਆਂ ਹਨ। ਅੱਜ ਹੋਲੇ-ਮਹੱਲੇ ਦੇ ਸੰਦਰਭ 'ਚ ਗੱਲ ਕਰਦਿਆਂ ਬਹੁਤ ਹੈਰਾਨੀ ਅਤੇ ਚਿੰਤਾ ਹੁੰਦੀ ਹੈ ਕਿ ਅਜੋਕਾ ਨੌਜਵਾਨ ਤਬਕਾ ਸ਼ਸਤਰ ਵਿੱਦਿਆ ਨੂੰ ਕੇਵਲ ਨਿਹੰਗ ਸਿੰਘਾਂ ਜਾਂ ਫੌਜੀ ਦਸਤਿਆਂ ਦਾ ਕੰਮ ਸਮਝਦਾ ਹੈ। ਇਸ ਤਿਉਹਾਰ 'ਤੇ ਕਈ ਪ੍ਰਕਾਰ ਦੇ ਨਸ਼ੇ ਤੇ ਹੁਲੜਬਾਜ਼ੀ ਕੀਤੀ ਜਾਂਦੀ ਹੈ, ਜਿਹੜੀ ਕਿ ਗੁਰੂ ਸਾਹਿਬ ਦੇ ਸਿਧਾਂਤ ਦੇ ਅਸਲੋਂ ਹੀ ਉਲਟ ਹੈ। ਪਹਿਲਾਂ ਲੋਕ ਹੋਲੀ ਦੇ ਤਿਉਹਾਰ ਤੇ ਭੰਗ, ਸ਼ਰਾਬ ਪੀ ਕੇ, ਨਸ਼ੇ ਕਰਕੇ; ਰੰਗ ਇੱਕ-ਦੂਜੇ ਉੱਪਰ ਸੁੱਟਦੇ ਸਨ, ਪਰ ਅਜੋਕੇ ਵਕਤ ਖ਼ਾਲਸਾਈ ਜਾਹੋ ਜਲਾਲ ਦੇ ਪ੍ਰਤੀਤ ਤਿਉਹਾਰ ਹੋਲੇ-ਮਹੱਲੇ 'ਤੇ ਵੀ ਕੁਝ ਲੋਕ ਨਸ਼ਾ ਕਰਦੇ ਹਨ, ਹੁਲੜਬਾਜ਼ੀ ਕਰਦੇ ਹਨ।

ਇਹ ਤਿਉਹਾਰ ਸਾਡੇ ਲੋਕਾਂ ਦੇ ਮਨਾਂ 'ਚ ਨਵ-ਚੇਤਨਾ ਦਾ ਸੰਚਾਰ ਕਰਦੇ ਹਨ। ਸਾਨੂੰ ਆਪਣੇ ਇਤਿਹਾਸ, ਵਿਰਸੇ ਅਤੇ ਸੱਭਿਆਚਾਰ ਨਾਲ ਜੋੜਦੇ ਹਨ। ਇਨ੍ਹਾਂ ਤਿਉਹਾਰਾਂ ਦੇ ਮੂਲ ਉਦੇਸ਼ਾਂ ਨੂੰ ਸਮਝਣਾ ਚਾਹੀਦਾ ਹੈ ਤਾਂ ਕਿ ਸਾਡੇ ਮਨਾਂ ਅੰਦਰ ਨਵ-ਜਾਗ੍ਰਤੀ ਦਾ ਸੰਚਾਰ ਹੋ ਸਕੇ ਅਤੇ ਅਸੀਂ ਗੁਰੂ ਸਾਹਿਬ ਦੇ ਅਸਲ ਉਦੇਸ਼ ਤੇ ਸਿੱਖਿਆ ਨੂੰ ਸਮਝ ਸਕੀਏ, ਅਤੇ ਆਪਣਾ ਜੀਵਨ ਵਧੀਆ ਢੰਗ ਨਾਲ ਬਤੀਤ ਕਰ ਸਕੀਏ।

## ਜੁਗ ਜੁਗ ਜੀਓ... (25)

# ਕੈਂਸਰ ਤੋਂ ਕਿਵੇਂ ਬਚੀਏ

## ਗੱਲਾਂ ਕੈਂਸਰ ਬਾਰੇ (4)

**ਡਾ. ਹਰਬੰਸ ਕੌਰ ਦਿਓਲ**

***ਪਾਠਕ ਕੈਂਸਰ ਨਾਲ ਜੁੜੀਆਂ ਗੱਲਾਂ ਬਾਰੇ ਲੜੀਵਾਰ ਤਿੰਨ ਲੇਖ ਪੜ੍ਹ ਚੁਕੇ ਹਨ ਅਤੇ ਹਥਲੇ ਲੇਖ ਵਿੱਚ ਵੀ ਡਾ. ਹਰਬੰਸ ਕੌਰ ਦਿਓਲ ਨੇ ਨਾਮੁਰਾਦ ਬਿਮਾਰੀ ਕੈਂਸਰ ਤੋਂ ਬਚਣ ਦੇ ਉਪਾਅ ਸੁਝਾਏ ਹਨ, ਤਾਂ ਜੋ ਸਮਾਂ ਰਹਿੰਦਿਆਂ ਹੀ ਮਰਜ ਦੀ ਰੋਕਥਾਮ ਬਾਬਤ ਚਾਰਾਜੋਈਆਂ ਕੀਤੀਆਂ ਜਾ ਸਕਣ; ਕਿਉਂਕਿ ਜਦੋਂ ਕੋਈ ਬਿਮਾਰ ਪੈ ਜਾਂਦਾ ਹੈ ਤਾਂ ਉਸ ਨੂੰ ਆਪਣਾ ਆਲਾ-ਦੁਆਲਾ ਵੀ ਰੋਗ-ਗ੍ਰਸਤ ਹੋਇਆ ਮਹਿਸੂਸ ਹੋਣ ਲੱਗ ਜਾਂਦਾ ਹੈ। ਸੋ, ਇਨ੍ਹਾਂ ਲੇਖਾਂ ਦਾ ਮਕਸਦ ਭਾਈਚਾਰੇ ਨੂੰ ਰੋਗਾਂ ਸਬੰਧੀ ਜਾਣਕਾਰੀ ਦੇ ਕੇ ਲੋਕਾਂ ਨੂੰ ਜਾਗਰੂਕ ਕਰਨਾ ਹੈ ਤਾਂ ਜੋ ਉਹ ਬਿਮਾਰੀਆਂ ਤੋਂ ਬਚੇ ਰਹਿਣ ਅਤੇ ਤੰਦਰੁਸਤੀ ਵਾਲਾ ਜੀਵਨ ਜਿਊਣ...***

"ਦੀਦੀ, ਕੈਂਸਰ ਦੇ ਤਾਂ ਨਾਂ ਤੋਂ ਹੀ ਡਰ ਲੱਗਦੈ। ਹੌਲ ਜਿਹਾ ਪੈ ਜਾਂਦੈ! ਲੱਗਦੈ ਮੌਤ ਤੁਹਾਡੇ ਦਰਵਾਜ਼ੇ 'ਤੇ ਕੁੰਡੀ ਖੜਕਾ ਰਹੀ ਹੋਵੇ, ਪਤਾ ਨਹੀਂ ਕਦੋਂ ਅੰਦਰ ਲੰਘ ਆਵੇ!"

"ਨਹੀਂ ਪ੍ਰੀਤ, ਇਹ ਤਾਂ ਬਹੁਤ ਗਲਤ ਸੋਚ ਹੈ। ਇਲਾਜ ਵਿੱਚ ਬਹੁਤ ਤਰੱਕੀ ਹੋ ਚੁਕੀ ਹੈ। ਇਲਾਜ ਦੀ ਕਾਮਯਾਬੀ ਲਈ, ਇੱਕ ਤਾਂ ਇਸ ਦਾ ਸ਼ੁਰੂਆਤ ਵਿੱਚ ਹੀ ਪਤਾ ਲੱਗਣਾ (early diagnosis) ਬਹੁਤ ਜ਼ਰੂਰੀ ਹੈ। ਦੂਸਰਾ, ਸਾਡੀ ਨੁਕਸਾਨਦਾਇਕ ਜੀਵਨ ਸ਼ੈਲੀ ਨੂੰ ਬਦਲ ਕੇ ਆਪਣੇ ਆਲੇ-ਦੁਆਲੇ ਨੂੰ ਸੁਧਾਰ ਲਈਏ, ਸਾਇੰਸ ਦੀ ਤਰੱਕੀ ਨਾਲ ਨਾਲ, ਤਾਂ ਆਪਾਂ ਕੈਂਸਰ 'ਤੇ ਕਾਬੂ ਪਾਉਣ ਦੇ ਬਹੁਤ ਨਜ਼ਦੀਕ ਪਹੁੰਚ ਸਕਦੇ ਹਾਂ, ਆਪਣੇ ਸਰੀਰ ਵਿੱਚ ਵਿਗੜੇ ਸੈੱਲਾਂ (abnormal cells) ਨੂੰ ਸੁਧਾਰਨ ਦੀ ਬਹੁਤ ਸ਼ਕਤੀ ਹੈ।

ਸਿਰਫ 5-10% ਕੈਂਸਰ ਦੀ ਜਨੈਟਿਕ ਕਾਰਨਾਂ ਕਰਕੇ ਹੁੰਦੇ ਹਨ, ਬਾਕੀ ਤਾਂ ਮਨੁੱਖਤਾ ਨੇ ਆਪੇ ਹੀ ਸਹੇੜੇ ਹੋਏ ਹਨ; ਯਾਨੀ ਕਿ ਆਪਣੇ ਪੈਰੀਂ ਆਪ ਹੀ ਕੁਹਾੜਾ ਮਾਰਿਆ ਹੋਇਐ।

ਕੈਂਸਰ ਦੇ ਕੇਸ ਹਰ ਸਾਲ ਵਧੀ ਜਾਂਦੇ ਨੇ। 2025 ਵਿੱਚ ਨਵੇਂ ਕੈਂਸਰ ਦੇ ਕੇਸ 20,41910 ਦਾ ਅੰਦਾਜ਼ਾ ਲਾਇਆ ਗਿਆ ਹੈ ਅਤੇ 6,18120 ਦੀ ਕੈਂਸਰ ਨਾਲ ਮੌਤ ਹੋ ਜਾਵੇਗੀ, ਯਾਨੀ ਕਿ 1700 ਬੰਦੇ ਹਰ ਰੋਜ਼ ਆਪਣੀ ਜ਼ਿੰਦਗੀ ਤੋਂ ਹੱਥ ਧੋ ਬੈਠਣਗੇ।"

"ਕਿੰਨੀ ਦੁੱਖ ਦੀ ਗੱਲ ਹੈ!"

"ਆਪਣੇ ਸਰੀਰ ਵਿੱਚ ਮਰੇ ਅਤੇ ਪੁਰਾਣੇ ਸੈੱਲਾਂ ਨੂੰ ਬਦਲਣ ਲਈ ਹਰ ਰੋਜ਼ 330 ਬਿਲੀਅਨ ਨਵੇਂ ਸੈੱਲ ਬਣਦੇ ਨੇ, ਇਸ ਦੌਰਾਨ ਗਲਤੀਆਂ ਵੀ ਹੁੰਦੀਆਂ ਨੇ। ਰੋਜ਼ 10,000 ਤੱਕ ਨੁਕਾਸਨਦਾਇਕ ਸੈੱਲਾਂ ਨੂੰ (cell with damages genetic material, ਜੋ ਕੈਂਸਰ ਸੈੱਲ ਬਣ ਸਕਦੇ ਨੇ) ਆਪਣਾ ਸਰੀਰ ਦਰੁਸਤ (fix) ਕਰ ਦਿੰਦੈ।

ਹਾਦਸੇ ਵਿੱਚ 40-50 ਸਾਲਾਂ ਦੀ ਉਮਰ ਵਿੱਚ ਮਰਨ ਵਾਲੀਆਂ ਔਰਤਾਂ ਵਿੱਚੋਂ 40% ਵਿੱਚ ਪੋਸਟਮਾਰਟਮ (autopsy) ਕਰਨ 'ਤੇ ਕੈਂਸਰ ਦੇ ਤਿਣਕੇ (spots) ਪਾਏ ਗਏ ਸਨ, ਛਾਤੀ (breast) ਵਿੱਚ; ਅਤੇ 50-60 ਸਾਲ ਦੀ ਉਮਰ ਵਾਲੇ ਆਦਮੀਆਂ ਵਿੱਚੋਂ 50% ਵਿੱਚ ਪ੍ਰੋਸਟੇਟ ਦੇ ਕੈਂਸਰ ਦੇ ਤਿਣਕੇ ਪਾਏ ਗਏ ਸਨ।"

"ਦੀਦੀ, ਇਨ੍ਹਾਂ ਲੋਕਾਂ ਨੂੰ ਕੈਂਸਰ ਸੀ, ਪਰ ਇਸ ਦੀ ਕਿਸੇ ਨੂੰ ਸੂਹ ਤੱਕ ਨਹੀਂ ਸੀ!"

"ਹਾਂ ਪ੍ਰੀਤ, ਪਰ ਇਹ ਬਹੁਤ ਹੀ ਸ਼ੁਰੂਆਤ ਵਿੱਚ ਸਨ, ਜਿਨ੍ਹਾਂ ਦਾ ਪ੍ਰੀਖਿਆ ਕਰਨ 'ਤੇ ਹੀ ਪਤਾ ਲੱਗਿਆ। ਕੈਂਸਰ ਸੈੱਲ ਸਰੀਰ ਵਿੱਚ ਰਹਿ ਸਕਦੇ ਨੇ ਅਤੇ ਵਧਣਾ ਉਦੋਂ ਹੀ ਸ਼ੁਰੂ ਕਰਦੇ ਨੇ, ਜਦੋਂ ਉਨ੍ਹਾਂ ਨੂੰ ਖੂਨ ਦੀਆਂ ਨਾੜੀਆਂ ਖੁਰਾਕ ਲਿਆਉਣ ਲੱਗ ਜਾਣ ਅਤੇ ਸਰੀਰ ਦੀ ਸੁਰੱਖਿਆ ਪ੍ਰਣਾਲੀ ਕਮਜ਼ੋਰ ਹੋ ਗਈ ਹੋਵੇ।"

"ਦੱਸੋ, ਆਪਾਂ ਇਸ ਤੋਂ ਬਚਣ ਲਈ ਕੀ ਕਰ ਸਕਦੇ ਹਾਂ?"

"ਬਹੁਤ ਜ਼ਰੂਰੀ ਹੈ, ਸਿਹਤ ਉਪਚਾਰ (medical treatment) ਲਈ:

**1.** ਸਭ ਦੀ ਪਹੁੰਚ ਹੋਵੇ

**2.** ਦੂਸਰਾ, ਲੋਕਾਂ ਨੂੰ ਇਸ ਬਾਰੇ ਜਾਣਕਾਰੀ (public education) ਦੀ ਸਖਤ ਜ਼ਰੂਰਤ ਹੈ:

-ਕੈਂਸਰ ਹੋਣ ਦੇ ਕਾਰਨਾਂ ਬਾਰੇ

-ਚਿਤਾਵਨੀ ਨਿਸ਼ਾਨੀਆਂ ਦੀ ਜਾਣਕਾਰੀ ਬਾਰੇ

-ਡਾਕਟਰ ਨਾਲ ਸ਼ੁਰੂ ਵਿੱਚ ਹੀ ਸੰਪਰਕ ਕਰਨ ਦੀ ਮਹੱਤਤਾ ਬਾਰੇ; ਇਹ ਸੋਚਣ ਦੀ ਬਜਾਏ ਕਿ ਆਪੇ ਠੀਕ ਹੋ ਜਾਵੇਗਾ।

-ਹਰ ਇੱਕ ਨੂੰ ਆਪਣੀ ਸਿਹਤ ਦੀ ਆਪ ਜ਼ਿੰਮੇਵਾਰੀ ਲੈਣ ਦੀ ਜ਼ਰੂਰਤ ਹੈ

**3.** ਜਿਹੜੇ ਕਾਰਨ ਕੈਂਸਰ ਹੋਣ ਦੇ (contributing factors) ਆਪਾਂ ਨੇ ਪ ਪਹਿਲੀ ਕੈਂਸਰ ਵਾਲੀ ਮੁਲਾਕਾਤ ਵੇਲੇ ਵਿਚਾਰੇ ਸਨ, ਉਨ੍ਹਾਂ ਤੋਂ ਛੁਟਕਾਰਾ ਪਾਉਣਾ ਦੀ ਸਖਤ ਜ਼ਰੂਰਤ ਹੈ। ਮਾੜੀ ਖੁਰਾਕ ਨੂੰ ਸੁਧਾਰਨ ਦੀ ਵੀ ਬਹੁਤ ਅਹਿਮੀਅਤ ਹੈ।

-ਸਾਲਾਨਾ ਜਾਂਚ (annual physical) ਤੋਂ ਜਾਣੂ ਕਰਵਾ ਕੇ ਉਸ ਦੀ ਮਹੱਤਤਾ ਤੋਂ ਜਾਣੂ ਕੀਤਾ ਜਾਵੇ

-ਸਾਲਾਨਾ ਸਰੀਰਕ ਜਾਂਚ ਲਈ ਜਾਣ ਵੇਲੇ ਆਪਣੀਆਂ ਦਵਾਈਆਂ, ਜੋ ਪ੍ਰਿਸਕ੍ਰਿਪਸਨ (prescription) ਵਾਲੀਆਂ ਅਤੇ ਓਵਰ ਦਾ ਕਾਊਂਟਰ (over the counter), ਆਪਣੀਆਂ ਤਕਲੀਫਾਂ ਦੇ ਸਵਾਲਾਂ ਦੀ ਇੱਕ ਲਿਸਟ ਬਣਾ ਕੇ ਜਾਵੋ। ਆਪਣੇ ਡਾਕਟਰ ਨੂੰ ਪਰਿਵਾਰਕ ਬਿਮਾਰੀ, ਕੈਂਸਰ ਦੀ ਸ਼ਿਕਾਇਤ ਤੋਂ ਜਾਣੂ ਕਰੋ। ਤੁਹਾਡੀ ਵਿਜ਼ਿਟ ਲਈ ਡਾਕਟਰ ਕੋਲ ਸੀਮਤ ਸਮਾਂ ਹੁੰਦੈ, ਉਸ ਦਾ ਪੂਰਾ ਫਾਇਦਾ ਉਠਾਉਣ ਲਈ ਆਪਣੀਆਂ ਸਾਰੀਆਂ ਸਮੱਸਿਆਵਾਂ/ਚਿੰਤਾਵਾਂ (concern) ਦੱਸੋ ਅਤੇ ਇੱਧਰ-ਉਧਰ ਦੀਆਂ ਗੱਲਾਂ ਵਿੱਚ ਸਮਾਂ ਬਰਬਾਦ ਨਾ ਕਰੋ। ਜੇ ਖੂਨ ਦੀ ਜਾਂਚ ਹੋਣੀ ਹੋਵੇ, ਪਹਿਲਾਂ ਹੀ ਪੁੱਛ ਲਵੋ ਜੇ ਵਰਤ (fasting) ਦੀ ਜ਼ਰੂਰਤ ਹੈ।

-ਤੁਹਾਡੀਆਂ ਤਕਲੀਫਾਂ, ਪਰਿਵਾਰ ਦੇ ਇਤਿਹਾਸ ਅਤੇ ਤੁਹਾਡੀ ਉਮਰ ਦੇ ਮੁਤਾਬਕ ਜਾਂਚ ਕੀਤੀ ਜਾਂਦੀ ਏ, ਜਿਸ ਵਿੱਚ ਆ ਜਾਂਦੇ ਨੇ:

-ਸਰੀਰਕ ਜਾਂਚ (physical exam)

-ਖੂਨ ਦੀ ਜਾਂਚ

-ਮੈਮੋਗਰਾਮ (ਔਰਤਾਂ ਲਈ), ਜੋ ਛਾਤੀ ਦੇ ਕੈਂਸਰ ਦਾ ਟੈਸਟ ਹੁੰਦੈ। ਜੇ ਟਿਸ਼ੂ (tissue) ਸੰਘਣਾ ਹੋਵੇ ਤਾਂ MRI ਅਤੇ ਅਲਟਰਾਸਾਊਂਡ ਵੀ ਕਰਵਾਉਣ ਲਈ ਕਿਹਾ ਜਾਵੇਗਾ।

-ਪੈਪ ਟੈਸਟ ਅਤੇ HPV- ਜਨਾਨੀਆਂ ਲਈ। ਇਹ ਬੱਚੇਦਾਨੀ ਦੇ ਕੈਂਸਰ ਦਾ ਟੈਸਟ ਹੈ।

-PSA test, ਆਦਮੀਆਂ ਲਈ ਪ੍ਰੋਸਟੇਟ ਦੇ ਕੈਂਸਰ ਦਾ ਟੈਸਟ।

-LDCT, ਫੇਫੜਿਆਂ ਦੇ ਕੈਂਸਰ ਦਾ ਟੈਸਟ। ਉਨ੍ਹਾਂ ਲੋਕਾਂ ਲਈ ਜਿਨ੍ਹਾਂ ਨੂੰ ਇਸ ਤਰ੍ਹਾਂ ਦੇ ਕੈਂਸਰ ਹੋ ਜਾਣ ਦਾ ਜ਼ਿਆਦਾ ਖਤਰਾ ਹੈ।

-ਮਲ (stool) ਅਤੇ ਕਲੌਨੋਸਕੋਪੀ ਟੈਸਟ, ਖੁਰਾਕ ਪ੍ਰਣਾਲੀ ਦੇ ਅਖੀਰਲੇ ਹਿੱਸੇ ਦੇ ਕੈਂਸਰ ਦਾ ਟੈਸਟ।

ਇਨ੍ਹਾਂ ਬਾਰੇ ਆਪਾਂ ਨੇ ਪਿਛਲੀ ਮੁਲਾਕਾਤ ਵਿੱਚ ਵਿਸਥਾਰ ਨਾਲ ਗੱਲਾਂ ਕੀਤੀਆਂ ਸਨ।

ਇੱਕ ਨਵੀਂ ਪ੍ਰੀਖਿਆ ਵਿਧੀ ਤੇ ਜਾਂਚ ਹੋ ਰਹੀ ਹੈ, ਜਿਸ ਨੂੰ MCED (multiple cancer early detection) ਕਹਿੰਦੇ ਨੇ, ਇਸ ਨਾਲ ਇੱਕ ਤੋਂ ਜ਼ਿਆਦਾ ਕੈਂਸਰ ਲੱਭ ਸਕਦੇ ਨੇ, ਇੱਕੋ ਟੈਸਟ ਨਾਲ। ਇਹਦੀ ਅਜੇ FDA ਨੇ ਮਨਜ਼ੂਰੀ ਨਹੀਂ ਦਿੱਤੀ, ਨਾ ਹੀ ਬੀਮਾ ਕੰਪਨੀਆਂ ਇਸ ਦਾ ਖਰਚਾ ਚੁੱਕਦੀਆਂ ਨੇ।

ਹਰ ਇੱਕ ਨੂੰ ਆਪਣੀ

**4.** ਪ੍ਰੀਤ, ਚੌਥਾ ਉਪਾਓ ਹੈ, ਆਪਣੇ ਸਰੀਰ ਦੇ ਹਥਿਆਰਾਂ (defenses) ਨੂੰ ਤਾਕਤਵਰ ਬਣਾਉਣਾ। ਆਪਣੇ ਸਰੀਰ ਵਿੱਚ ਪੰਜ ਬਹੁਤ ਨਿਪੁੰਨ ਢਾਲਾਂ ਜਾਂ ਹਥਿਆਰ ਹਨ, ਉਨ੍ਹਾਂ ਨੂੰ ਬਰਕਰਾਰ ਰੱਖਣਾ ਚਾਹੀਦੈ ਕੈਂਸਰ ਤੋਂ ਬਚਣ ਲਈ ਅਤੇ ਕਾਬੂ ਪਾਉਣ ਲਈ। ਬਿਹਤਰ ਹੈ, ਇਨ੍ਹਾਂ ਨੂੰ ਹੋਰ ਵੀ ਮਜਬੂਤ ਬਣਾਇਆ/ (reboot) ਕੀਤਾ ਜਾਵੇ। ਇਹ ਹਨ:

***ਸੁਰੱਖਿਆ ਪ੍ਰਣਾਲੀ:** ਇਹ ਵਿਗੜੇ ਤੇ ਬੇਕਾਬੂ ਸੈੱਲਾਂ ਅਤੇ ਵਿਦੇਸ਼ੀ ਹਮਲਾਵਰਾਂ (ਜਰਮ, ਵਾਇਰਸ ਵਗੈਰਾ ਬਿਮਾਰੀ ਕਰਨ ਵਾਲੇ) ਨੂੰ ਪਛਾਣ ਕੇ ਆਪਣੇ ਚੌਕੀਦਾਰ, ਨੈਚਰਲ ਕਿਲਰ ਸੈੱਲਾਂ ਰਾਹੀਂ ਖਤਮ ਕਰ ਦਿੰਦੀ ਹੈ। ਇੱਕ ਦਿਨ ਵਿੱਚ 100,000 ਤੱਕ। ਇਸ ਤਰ੍ਹਾਂ ਦੇ ਸੈੱਲਾਂ ਤੋਂ ਖਲਾਸੀ ਕਰਵਾਉਣ ਦੀ ਸਮਰੱਥਾ ਆਪਣੇ ਸਰੀਰ ਵਿੱਚ ਹੈ।

ਕਈ ਵਾਰੀ ਕੈਂਸਰ ਸੈੱਲ ਚਲਾਕੀ ਮਾਰ ਕੇ (ਆਪਣੀ ਜਨੈਟਿਕ ਤਬਦੀਲੀ ਕਰ ਕੇ) ਜਾਂ ਸੁਰੱਖਿਆ ਪ੍ਰਣਾਲੀ ਦੀ ਕਮਜ਼ੋਰੀ ਕਰਕੇ ਬਚ ਜਾਂਦੇ ਨੇ ਅਤੇ ਕੈਂਸਰ ਦੀ ਸ਼ੁਰੂਆਤ ਹੋ ਸਕਦੀ ਹੈ। ਵਰਤ ਰੱਖਣ ਨਾਲ NKC (natural killer cell) ਰੀਪ੍ਰੋਗਰਾਮ ਹੋ ਕੇ ਜ਼ਿਆਦਾ ਤਾਕਤਵਰ ਹੋ ਜਾਂਦੇ ਨੇ, ਕੈਂਸਰ ਸੈੱਲ ਨਾਲ ਜੱਫਾ ਲਾਉਣ ਲਈ। ਠੀਕ ਤਰ੍ਹਾਂ ਦੀ ਖੁਰਾਕ ਖਾਣੀ ਅਤੇ ਮੀਲ ਮਿਸ ਕਰਨਾ ਬਹੁਤ ਲਾਭਦਾਇਕ ਸਾਬਤ ਹੋਇਆ ਹੈ।

*ਦੂਸਰਾ ਹੈ, ਸਰੀਰ ਦਾ ਨਵੀਂਆਂ ਖੂਨ ਦੀਆਂ ਨਾੜੀਆਂ ਬਣਾਉਣਾ ਅਤੇ ਉਨ੍ਹਾਂ 'ਤੇ ਕਾਬੂ ਰੱਖਣਾ। ਜਿੰਨੀ ਦੇਰ ਕੈਂਸਰ ਦੇ ਤਿਣਕੇ ਨੂੰ ਖੂਨ ਦੀਆਂ ਨਾੜੀਆਂ ਰਾਹੀਂ ਖੁਰਾਕ ਨਹੀਂ ਮਿਲਦੀ, ਇਸ ਦਾ ਵਾਧਾ ਨਹੀਂ ਹੁੰਦਾ। ਸਾਇੰਸਦਾਨਾਂ ਨੇ ਕਈ ਤਰ੍ਹਾਂ ਦੀਆਂ ਦਵਾਈਆਂ ਅਤੇ ਖੁਰਾਕਾਂ ਲੱਭ ਲਈਆਂ ਹਨ, ਜਿਹੜੀਆਂ ਖੂਨ ਦੀਆਂ ਨਾੜੀਆਂ 'ਤੇ ਕੰਮ ਕਰਕੇ ਕੈਂਸਰ ਦੀ ਖੂਨ ਦੀ ਸਪਲਾਈ ਯਾਨੀ ਕਿ ਖੁਰਾਕ ਬੰਦ ਕਰ ਸਕਦੀਆਂ ਹਨ।

*ਤੀਜਾ ਹਥਿਆਰ ਹੈ, ਖਰਾਬ ਹੋਏ DNA ਦੀ ਮੁਰੰਮਤ ਕਰਨ ਦੀ ਸਮਰੱਥਾ। ਇਸ ਤਰ੍ਹਾਂ ਡੈਮੇਜ DNA ਵਾਲੇ ਸੈੱਲ, ਕੈਂਸਰ ਸੈੱਲ ਵਿੱਚ ਬਦਲਣ ਤੋਂ ਬਚਾਏ ਜਾਂਦੇ ਹਨ।

*ਚੌਥਾ ਹਥਿਆਰ ਹੈ, ਮਨੁੱਖੀ ਸਰੀਰ ਵਿੱਚ 50 ਹਜ਼ਾਰ ਤੋਂ ਦੋ ਲੱਖ ਸਟੈਮ ਸੈੱਲ (stem cell) ਦਾ ਹੋਣਾ। ਇਹ ਸਟੈਮ ਸੈੱਲ, ਪੁਰਾਣੇ ਅਤੇ ਖਰਾਬ ਸੈੱਲਾਂ ਦੀ ਥਾਂ 'ਤੇ ਨੌਂ-ਬਰ-ਨੌਂ ਨਵੇਂ ਸੈੱਲ ਬਣਾ ਦਿੰਦੇ ਨੇ। ਇਨ੍ਹਾਂ ਚਮਤਕਾਰ ਕਰਨ ਵਾਲੇ ਸੈੱਲਾਂ ਦੀ ਗਿਣਤੀ ਅਤੇ ਸਮਰੱਥਾ ਖੁਰਾਕ ਨਾਲ ਵਧਾਈ ਜਾ ਸਕਦੀ ਹੈ।

*ਪੰਜਵਾਂ ਹਥਿਆਰ ਹੈ, ਖੁਰਾਕ ਪ੍ਰਣਾਲੀ ਦੇ ਦੋਸਤ ਜਰਮ (gut microbiome) ਜੋ ਸੁਰੱਖਿਆ ਪ੍ਰਣਾਲੀ ਦੇ 70% ਹਿੱਸੇ ਦੇ ਜ਼ਿੰਮੇਵਾਰ ਹਨ ਅਤੇ ਉਨ੍ਹਾਂ ਦੀ ਪੂਰੀ ਦੀ ਪੂਰੀ ਤਾਕਤ, ਖੁਰਾਕ 'ਤੇ ਨਿਰਭਰ ਹੈ।"

"ਦੀਦੀ, ਇਸ ਸਰੀਰ ਬਣਾਉਣ ਵਾਲੇ ਨੇ ਵੀ ਕਮਾਲ ਈ ਕਰ ਦਿੱਤੀ। ਕਿੰਨੀ ਹੈਰਾਨ ਕਰਨ ਵਾਲੀ ਮਸ਼ੀਨਰੀ ਬਣਾਈ ਏ। ਇਹ ਪੰਜੇ ਹਥਿਆਰ ਕਿਸੇ ਕਿਸਮ ਦੇ ਹਮਲਾਵਰ ਨੂੰ ਕਾਬੂ ਕਰਨ ਦੀ ਸਮਰੱਥਾ ਰੱਖਦੇ ਨੇ, ਭਾਵੇਂ ਕੈਂਸਰ ਜਾਂ ਕੋਈ ਬਿਮਾਰੀ ਦਾ ਜਰਮ ਹੋਵੇ; ਪਰ ਜੇ ਇਹ ਕਿਸੇ ਕਾਰਨ ਕਮਜ਼ੋਰ ਹੋ ਜਾਣ (ਮਾੜੀ ਖੁਰਾਕ, ਕੋਈ ਬਿਮਾਰੀ, ਤਣਾਅ, ਨੀਂਦ ਦੀ ਘਾਟ, ਕਸਰਤ ਦੀ ਘਾਟ, ਕੈਮੀਕਲਜ਼ ਅਤੇ pollutions ਵਗੈਰਾ ਕਰ ਕੇ) ਤਾਂ ਇਹ ਹਮਲਾਵਰ ਦਾ ਸਾਹਮਣਾ ਨਹੀਂ ਕਰ ਸਕਦੇ। ਇਨ੍ਹਾਂ ਨੂੰ ਤਾਕਤਵਰ ਕਿਵੇਂ ਬਣਾਇਆ ਜਾਵੇ ਅਤੇ ਕੈਂਸਰ 'ਤੇ ਕਿਵੇਂ ਕਾਬੂ ਪਾਇਆ ਜਾਵੇ?"

"ਕੈਂਸਰ ਸੈੱਲ ਆਪਣੇ ਵਾਧੇ ਲਈ ਸ਼ੂਗਰ ਅਤੇ ਗਲੂਟਾਮੀਨ ਦਾ ਇਸਤੇਮਾਲ ਕਰਦੇ ਨੇ, ਪਰ ਫੈਟ ਦਾ ਇਸਤੇਮਾਲ ਕਰਨ ਦੇ ਅਸਮਰੱਥ ਹਨ। ਜੇ ਖਾਣ ਦਾ ਵਕਤ ਦਿਨ ਵਿੱਚ ਘਟਾ ਕੇ 8 ਘੰਟੇ ਦਾ ਸਮਾਂ ਨਿਯਤ ਕਰ ਦੇਈਏ, ਇੱਕ ਦਿਨ ਦਾ ਵਰਤ ਰੱਖੀਏ, ਇਸ ਨਾਲ ਕੈਂਸਰ ਸੈੱਲਾਂ ਨੂੰ ਵਰਤ ਰੱਖਣ ਵੇਲੇ ਸ਼ੂਗਰ ਨਹੀਂ ਮਿਲਦੀ, ਇਹ ਕੈਂਸਰ ਸੈੱਲਾਂ ਨੂੰ ਕਾਬੂ ਕਰਨ ਵਿੱਚ ਬਹੁਤ ਮਦਦਗਾਰ ਸਾਬਤ ਹੁੰਦੀ ਹੈ। ਇਸ ਤੋਂ ਬਿਨਾ ਵਰਤ ਰੱਖਣ ਦੇ ਹੋਰ ਵੀ ਬਹੁਤ ਫਾਇਦੇ ਹਨ, ਜਿਵੇਂ:

-ਨਵੇਂ ਸਟੈਮ ਸੈੱਲ ਸਰੀਰ ਦੀ ਮੁਰੰਮਤ ਕਰਨ ਲਈ ਖੂਨ ਵਿੱਚ ਆ ਜਾਂਦੇ ਨੇ

-ਖੁਰਾਕ ਪ੍ਰਣਾਲੀ ਦੇ ਦੋਸਤ ਜਰਮ (gut microbiome) ਵੀ ਜ਼ਿਆਦਾ ਤਾਕਤਵਰ ਬਣ ਜਾਂਦੇ ਨੇ

-Damaged DNA ਵੀ ਠੀਕ ਹੋ ਜਾਂਦੈ

ਮਤਲਬ, ਸਰੀਰ ਦੇ ਸਾਰੇ ਹਥਿਆਰ ਊਰਜਾਵਾਨ ਹੋ ਜਾਂਦੇ ਨੇ।

**4.** ਚੌਥਾ ਉਪਾਓ ਹੈ ਕੈਂਸਰ ਕਰਨ ਵਾਲੇ ਕਾਰਨਾਂ ਬਾਰੇ, ਜਿਹੜੇ ਆਪਾਂ ਕੈਂਸਰ ਦੇ ਪਹਿਲੇ ਭਾਗ ਵਿੱਚ ਗੱਲਾਂ ਕੀਤੀਆਂ ਸਨ, ਉਨ੍ਹਾਂ ਨੂੰ ਆਪਣੀ ਜ਼ਿੰਦਗੀ ਵਿੱਚੋਂ ਕੱਢਣ ਦੀ ਕੋਸ਼ਿਸ਼ ਕਰਨੀ ਚਾਹੀਦੀ ਐ (ਖੁਰਾਕ ਸੁਧਾਰਨ, ਆਲੇ-ਦੁਆਲੇ ਵਿੱਚ ਤਬਦੀਲੀ, ਕੈਮੀਕਲ ਅਤੇ ਹਾਰਮੋਨਜ਼ ਤੋਂ ਛਟਕਾਰਾ, ਬਲੂ ਲਾਈਟ, uv rays, ਰੇਡਾਨ ਗੈਸ ਤੋਂ ਛੁਟਕਾਰਾ ਅਤੇ ਜੀਵਨ ਸ਼ੈਲੀ ਵਿੱਚ ਤਬਦੀਲੀਆਂ) ਜੇ ਪ੍ਰੀਤ, ਤੈਨੂੰ ਯਾਦ ਨਹੀਂ ਤਾਂ ਉਸ ਨੂੰ ਫਿਰ ਨਜ਼ਰਸਾਨ ਕਰ ਲਈਂ।"

"ਜ਼ਰੂਰ ਦੀਦੀ! ਹੈਰਾਨੀ ਦੀ ਗੱਲ ਤਾਂ ਇਹ ਹੈ ਕਿ ਖੁਰਾਕ ਈ ਕੈਂਸਰ ਕਰਨ ਵਿੱਚ ਅਤੇ ਖੁਰਾਕ ਈ ਇਸ ਤੋਂ ਬਚਾਉਣ ਦਾ ਕੰਮ ਕਰ ਸਕਦੀ ਏ।"

"ਕਈ ਸਾਇੰਸਦਾਨਾਂ ਦੀ ਰੀਸਰਚ ਮੁਤਾਬਕ ਕੁਝ ਖੁਰਾਕਾਂ ਦੇ ਇੰਨਾ ਫਾਇਦੇਮੰਦ ਹੋਣ ਕਾਰਨ ਉਨ੍ਹਾਂ ਨੂੰ ਐਂਟੀ-ਕੈਂਸਰ ਦਾ ਦਰਜਾ ਦਿੱਤਾ ਗਿਐ। ਇਹ ਲਿਸਟ ਕਾਫੀ ਲੰਮੀ ਅਤੇ ਭਿੰਨਤਾ ਵਾਲੀ, ਵੰਨ-ਸੁਵੰਨੀ ਹੈ। ਇਹ 10-11 ਕਿਸਮਾਂ ਵਿੱਚ ਆ ਜਾਂਦੀਆਂ ਨੇ। ਅਸੀਂ ਇਸ ਖੁਰਾਕ ਵਿੱਚੋਂ ਆਪਣੀ ਪਸੰਦ ਦੀ ਖੁਰਾਕ ਚੁਣ ਕੇ ਕੁਦਰਤ ਦੇ ਇਸ ਅਣਮੁੱਲੇ ਨੈਚਰਲ ਇਲਾਜ ਦਾ ਅਨੰਦ ਮਾਣ ਸਕਦੇ ਹਾਂ- ਸੁਆਦ ਦਾ ਸੁਆਦ ਅਤੇ ਕੋਈ ਸਾਈਡ ਇਫੈਕਟਸ ਨਹੀਂ। ਮੇਰਾ ਇਹ ਕਹਿਣਾ ਨਹੀਂ ਕਿ ਤੁਸੀਂ ਡਾਕਟਰ ਦਾ ਇਲਾਜ ਬੰਦ ਕਰੋ, ਇਹ ਤਾਂ ਉਸ ਦੇ ਨਾਲ ਨਾਲ ਆਪਣੇ ਸਰੀਰ ਨੂੰ ਕੈਂਸਰ ਦਾ ਅਤੇ ਦਵਾਈਆਂ ਦਾ ਸਾਹਮਣਾ ਕਰਨ ਲਈ ਮਜਬੂਤ ਬਣਾਉਣ ਲਈ ਤੇ ਇਲਾਜ ਦੀ ਕਾਮਯਾਬੀ ਵਧਾਉਣ ਲਈ ਹੈ।

**1.ਫਲ** (fruits) **ਆਰਗੈਨਿਕ**

***ਸੇਬ:** ਇਸ ਵਿੱਚ ਪੌਲੀਫੀਨੌਲਜ ਅਤੇ ਕਲੋਰੋਜੈਨਿਕ ਐਸਿਡ ਕਾਰਨ, ਕੈਂਸਰ ਨਾਲ ਮੱਥਾ ਲਾਉਣ ਦੀ ਕਾਫੀ ਸ਼ਕਤੀ ਹੈ।

***ਨਾਸ਼ਪਾਤੀ:** ਇਸ ਵਿੱਚ ਫਲੇਵੋਨੁਆਇਡਜ਼ (flavonoids) ਹੋਣ ਕਰ ਕੇ, ਇਹ ਸੋਜ਼ ਘਟਾਉਂਦੇ ਨੇ ਅਤੇ ਕੈਂਸਰ ਦੀ ਖੂਨ ਸਪਲਾਈ ਨੂੰ ਵੀ ਘਟਾਉਂਦੇ ਨੇ।

***ਸਿਟਰਸ ਫਲ:** ਜਿਵੇਂ ਸੰਤਰੇ, ਗਰੇਪ ਫਰੂਟ, ਨਿੰਬੂ- ਇਹ ਵਿਟਾਮਿਨ 'C', ਫੋਲੇਟ ਅਤੇ ਫਲੇਵੋਨਆਇਡ ਵਿੱਚ ਭਰਪੂਰ ਹਨ। ਇਹ ਸੋਜ ਅਤੇ ਕੈਂਸਰ ਦੇ ਵਿਰੁੱਧ ਅਸਰ ਕਦੇ ਨੇ।

***ਕੀਵੀ ਅਤੇ ਬੈਰੀਜ਼ (ਸਟਰਾਬੈਰੀਜ਼, ਬਲੈਕਬੈਰੀਜ਼):** ਇਹ ਕੈਂਸਰ ਤੇ ਸੋਜ ਘਟਾਉਂਦੀਆਂ ਨੇ।

*ਅਨਾਰ, ਅੰਗੂਰ, ਅਵਾਕਾਡੋ, ਟਮਾਟਰ- ਖਾਸ ਕਰ ਕੇ ਪਕਾਇਆ ਹੋਇਆ

ਓਲਿਵਜ਼ ਅਤੇ ਐਕਸਟਰਾ ਵਰਜਿਨ ਓਲਿਵ ਆਇਲ- ਸਾਰੇ ਹੀ ਬਹੁਤ ਲਾਭਦਾਇਕ ਹਨ ਕੈਂਸਰ ਦੇ ਵਿਰੁੱਧ।

**2. ਸਬਜ਼ੀਆਂ (ਆਰਗੈਨਿਕ)**

***ਹਰੀਆਂ ਪੱਤੇਦਾਰ**, ਇਨ੍ਹਾਂ ਦਾ ਅਸਰ ਹੁੰਦਾ ਐਂਟੀਔਕਸੀਡੈਂਟ ਦੀ ਜ਼ਿਆਦਾ ਮਾਤਰਾ ਕਰਕੇ।

***ਕਰੂਸੀਫੈਰਿਸ** (cruciferous)- ਜਿਵੇਂ ਬਰੌਕਲੀ, ਕੇਲ, ਗੋਭੀ ਖਾਸ ਕਰ ਕੇ ਤਿੰਨ ਦਿਨ ਪੁਰਾਣੀ ਬਰੌਕਲੀ ਸਪਰਾਊਟਜ਼। ਇਨ੍ਹਾਂ ਵਿੱਚ ਕੈਂਸਰ ਨੂੰ ਫਾਈਟ ਕਰਨ ਵਾਲੇ compound ਹਨ ਅਤੇ ਕਾਫੀ ਧਾਤਾਂ ਵਿਟਾਮਨ ਵੀ।

***ਖੁੰਭਾਂ ਯਾਨਿ ਮਸ਼ਰੂਮ** (Mushrooms)- ਇਨ੍ਹਾਂ ਵਿੱਚ ਬੇਟਾ ਡੀ ਗੁਲੂਕੈਨ ਹੁੰਦੈ। ਇਹ ਕੈਂਸਰ ਦੀ ਖੂਨ ਸਪਲਾਈ ਘੱਟ ਕਰਦੇ ਨੇ। ਵਿਟਾਮਨ 'ਡੀ' ਦਾ ਅੱਛਾ ਸਰੋਤ ਵੀ ਹਨ। ਰੀਸ਼ੀ (reishi), ਟਰਕੀ ਟੇਲ, ਸ਼ਿਟਾਕੀ, ਆਈਟਾਕੀ ਮਸ਼ਰੂਮਜ਼ ਅਤੇ Lionmane ਬਹੁਤ ਲਾਭਦਾਇਕ ਹਨ।

***ਐਲੀਸਿਨ ਸਬਜ਼ੀਆਂ**- ਜਿਵੇਂ ਪਿਆਜ, ਲਸਣ, ਲੀਕਲ ਅਤੇ ਚਾਈਵਜ਼। ਇਹ ਬਹੁਤ ਲਾਭਦਾਇਕ ਹਨ ਐਂਟੀ ਕੈਂਸਰ, ਐਂਟੀਓਕਸੀਡੈਂਟ ਅਤੇ ਸੋਜ ਘਟਾਉਣ ਲਈ।

*ਅਸਪਰੈਰੇਗਸ (asparagus) ਬੱਚੇਦਾਨੀ, ਛਾਤੀ, ਪ੍ਰੋਸਟੇਟ, ਖੁਰਾਕ ਪ੍ਰਣਾਲੀ ਅਤੇ ਪੈਨਕੀਆਜ਼ ਦੇ ਕੈਂਸਰ 'ਤੇ ਅਸਰ ਕਰਦਾ ਹੈ।

**3. ਗਰੀਨ ਟੀ**

ਇਸ ਵਿੱਚ ਪੌਲੀਫੀਨੌਲਜ਼ ਅਤੇ ਕੈਟਕਿਨਜ਼ ਹੁੰਦੇ ਹਨ। ਇਹ ਭਰਪੂਰ ਐਂਟੀਓਕਸੀਡੈਂਟ ਹਨ। ਕੈਂਸਰ ਸੈੱਲਾਂ ਦੀ ਮੌਤ ਦਰ ਵਧਾਉਂਦੇ ਹਨ ਅਤੇ ਕੈਂਸਰ ਸੈੱਲਾਂ ਦੇ ਵਾਧੇ ਨੂੰ ਘਟਾਉਂਦੇ ਹਨ।

*ਕੌਫੀ ਤੇ ਡਾਰਕ ਚੌਕਲੇਟ ਵੀ ਕਾਫੀ ਫਾਇਦੇਮੰਦ ਹਨ।

**4. ਸੀ ਫੂਡ** (sea food)

ਸੈਮਨ, ਸਾਰਡੀਨਜ਼ ਵਗੈਰਾ- ਇਨ੍ਹਾਂ ਵਿੱਚ ਉਮੇਗਾ-3, ਸਲੇਨੀਅਮ ਅਤੇ ਐਂਟੀਓਕਸੀਡੈਂਟਜ਼ ਹੁੰਦੇ ਨੇ।

**5. ਸਪਾਈਸਜ਼ (ਮਸਾਲੇ)**

ਹਲਦੀ (curcumin), ਧਨੀਆ, ਪਾਰਸਲੇ, ਰੋਜ਼ਮਰੀ, ਓਰੇਗਨੋ, ਬੇਸਿਲ ਵਗੈਰਾ ਕਾਫੀ ਲਾਭਦਾਇਕ ਹਨ।

**6. ਨਟਜ਼ (ਗਿਰੀਆਂ)**

ਅਖਰੋਟ, ਬਦਾਮ, ਪਿਸਤਾ, ਮੈਕਡੇਨੀਆ ਅਤੇ ਚੈਸਟ ਨਟਜ਼- ਇਨ੍ਹਾਂ ਵਿੱਚ ਉਮੇਗਾ-3, ਫਾਈਬਰ ਹੋਣ ਕਰਕੇ ਲਾਭਦਾਇਕ ਹਨ।

**7. ਫਰਮੈਂਟਡ ਫੂਡ** (fermented foods)

ਇਹ ਗਟ ਮਾਈਕਰੋਬਾਇਓਮ ਰਾਹੀਂ ਬਹੁਤ ਹੀ ਜ਼ਰੂਰੀ ਹਨ- ਸੁਰੱਖਿਆ ਪ੍ਰਣਾਲੀ ਨੂੰ ਤਾਕਤਵਰ ਬਣਾਉਣ ਲਈ। ਇਨ੍ਹਾਂ ਵਿੱਚ ਆ ਜਾਂਦੇ ਨੇ- ਦਹੀਂ, ਕਿਮਚੀ, ਕੌਮਬੂਚਾ, ਮੀਜ਼ੋ, ਟੈਮਪੇ, ਸਾਵਰ ਕਰਾਉਟ, ਨੇਟੋ ਅਤੇ ਕੀਫਰ।

**8. ਕਈ ਤਰ੍ਹਾਂ ਦੀ ਖੁਰਾਕ ਹੈ,** ਜੋ ਕੈਂਸਰ ਦੇ ਸਟੈਮ ਸੈੱਲਾਂ (ਇਹ ਸੈੱਲ ਨਵੇਂ ਕੈਂਸਰ ਸੈੱਲ ਬਣਾਉਂਦੇ ਹਨ) 'ਤੇ ਮਾਰੂ ਅਸਰ ਕਰਦੀ ਹੈ।

*ਜਾਮਨੀ ਆਲੂ- ਅਪੀਰ ਦੀ ਖੁਰਾਕ ਪ੍ਰਣਾਲੀ (colon + rectum) ਕੈਂਸਰ ਦੇ ਸਟੈਮ ਸੈੱਲਾਂ 'ਤੇ

*ਥਾਈਮ- ਪ੍ਰੋਸਟੇਟ ਦੇ ਕੈਂਸਰ ਦੇ ਸਟੈਮ ਸੈੱਲਾਂ 'ਤੇ

*ਕਕਾਓ- ਛਾਤੀ ਦੇ ਕੈਂਸਰ ਦੇ ਸਟੈਮ ਸੈੱਲਾਂ 'ਤੇ

*ਗਰੀਨ ਟੀ- ਖੁਰਾਕ ਪ੍ਰਣਾਲੀ ਅਤੇ ਛਾਤੀ ਦੇ ਕੈਂਸਰ ਦੇ ਸਟੈਮ ਸੈੱਲਾਂ 'ਤੇ ਅਸਰ ਕਰਦੇ ਨੇ, ਕੈਂਸਰ ਦਾ ਖਾਤਮਾ ਕਰਨ ਲਈ।

**9. ਕੁਝ ਵਿਟਾਮਨ ਹਨ**, ਜਿਨ੍ਹਾਂ ਦਾ ਕੈਂਸਰ ਦੇ ਇਲਾਜ ਵਿੱਚ ਅਹਿਮ ਰੋਲ ਹੈ:

*ਵਿਟਾਮਨ $K_2$- ਇਹ ਆਪਣੀ ਖੁਰਾਕ ਪ੍ਰਣਾਲੀ ਵੀ ਬਣਾਉਂਦੀ ਹੈ, ਇਹ ਕੈਂਸਰ ਦੀ ਖੂਨ ਸਪਲਾਈ ਨੂੰ ਘਟਾਉਂਦਾ ਏ।

*ਵਿਟਾਮਨ 'C'- ਇਹ ਕੀਵੀ, ਸੰਤਰਾ, ਸਟਰਾਬੈਰੀ ਅਤੇ ਬਰੌਕਲੀ ਵਿੱਚ ਮਿਲਦੈ।

*ਵਿਟਾਮਨ 'D'- ਇਹ ਇਮਿਊਨਿਟੀ ਬਣਾਉਂਦੈ ਅਤੇ ਸੋਜ ਘਟਾਉਂਦੈ।

ਹੋਰ: ਕੈਂਸਰ ਦੇ ਇਲਾਜ ਦੀ ਕਾਮਯਾਬੀ ਲਈ ਬਹੁਤ ਮਹੱਤਵਪੂਰਨ ਗੱਲਾਂ ਹਨ-

*ਨੀਂਦ, ਅੱਛੀ ਕੁਆਲਿਟੀ ਦੀ ਅਤੇ 8-9 ਘੰਟੇ ਲਈ; ਨੀਂਦ ਸਿਹਤ ਲਈ ਬਹੁਤ ਜ਼ਰੂਰੀ ਹੈ। ਇਸ ਨਾਲ ਸੋਜ ਘਟ ਅਤੇ ਤਾਕਤ ਵਧਦੀ ਹੈ, ਸੁਰੱਖਿਆ ਪ੍ਰਣਾਲੀ ਨੂੰ ਤਾਕਤਵਰ ਬਣਾਉਂਦੀ ਹੈ ਅਤੇ ਇਹ ਬਾਕੀ ਦੇ ਇਲਾਜ ਦੇ ਅਸਰ ਨੂੰ ਵਧਾਉਂਦੀ ਹੈ।

*ਤਣਾਅ ਨੂੰ ਘਟਾਉਣਾ ਜ਼ਰੂਰੀ ਹੈ, ਕਿਉਂਕਿ ਇਸ ਨਾਲ ਸੁਰੱਖਿਆ ਪ੍ਰਣਾਲੀ ਕਮਜ਼ੋਰ ਹੋ ਜਾਂਦੀ ਹੈ। ਹਾਰਮੋਨ ਤਬਦੀਲੀਆਂ ਕਰਕੇ ਕੈਂਸਰ ਸੈੱਲਾਂ ਦੀ ਮੌਤ ਦਰ ਘਟ ਜਾਂਦੀ ਹੈ ਅਤੇ ਕੈਂਸਰ ਦਾ ਵਾਧਾ ਹੋ ਸਕਦੈ।

*ਕਸਰਤ ਨਾਲ ਸਰੀਰ ਦਾ ਇਮਿਊਨ ਫੰਕਸ਼ਨ ਵਿੱਚ ਹੁੰਦੈ, ਸੋਜ ਘਟਦੀ ਹੈ, ਕੈਂਸਰ ਦਾ ਖਤਰਾ ਘਟਦੈ ਤੇ ਤਣਾਅ ਵੀ ਘਟਦਾ ਏ।


ਸਾਇੰਸਦਾਨਾਂ ਨੇ ਇਨ੍ਹਾਂ ਸਭ ਦੇ ਹੈਰਾਨੀਜਨਕ ਨਤੀਜੇ ਦੇਖੇ ਨੇ। ਆਪਣੇ ਡਾਕਟਰ ਦੀ ਸਲਾਹ ਨਾਲ ਚੱਲੋ। ਇਲਾਜ ਨਾਲ ਕਦੇ ਵੀ ਕੁਝ ਬਦਲਣ ਜਾਂ ਐਡ ਕਰਨ ਤੋਂ ਪਹਿਲਾਂ ਆਪਣੇ ਡਾਕਟਰ ਨਾਲ ਮਸ਼ਵਰਾ ਕਰਨਾ ਅਤਿਅੰਤ ਜ਼ਰੂਰੀ ਹੈ।

ਪ੍ਰੀਤ, ਅਗਲੀ ਵਾਰੀ ਕਿਸੇ ਹੋਰ ਵਿਸ਼ੇ 'ਤੇ ਗੱਲਾਂ ਕਰਾਂਗੇ। ਬਹੁਤ ਹੋ ਗਿਐ ਕੈਂਸਰ ਬਾਰੇ!"

# ਉਸ 'ਗੁਨਾਹ' ਦਾ ਅਹਿਸਾਸ ਕਿਉਂ ਨਹੀਂ ਮਰਦਾ!

***ਜਿਨ੍ਹਾਂ ਨੇ ਸੰਨ ਸੰਤਾਲੀ ਦੇ ਬਟਵਾਰੇ ਦੇ ਦੁੱਖ ਪਿੰਡੇ ਜਾਂ ਮਨ 'ਤੇ ਹੰਢਾਏ ਹਨ, ਉਸ ਨਾਲ ਜੁੜੀਆਂ ਯਾਦਾਂ ਅਤੇ ਯਾਦਾਂ ਵਿੱਚੋਂ ਉਠਦੀਆਂ ਚੀਸਾਂ ਦਾ ਦਰਦ ਉਹ ਹੀ ਕਿਆਸ ਸਕਦੇ ਹਨ। ਸਾਂਝੇ ਪੰਜਾਬ ਦੇ ਪੰਜਾਬੀਆਂ ਨੂੰ ਹਾਲੇ ਵੀ ਵਿਛੋੜੇ ਦਾ ਹੇਰਵਾ ਹੈ; ਹਾਲੇ ਵੀ ਉਨ੍ਹਾਂ ਦੇ ਧੁਰ ਅੰਦਰ ਮਜ਼ਹਬੀ ਸਾਂਝਾਂ, ਇਤਫਾਕ ਤੇ ਭਲੇ ਵੇਲਿਆਂ ਦੀ ਪੂਣੀ ਕੱਤ ਹੁੰਦੀ ਹੈ ਅਤੇ ਫਿਰ ਬਦਲਦੀਆਂ ਤਰਜੀਹਾਂ ਤੇ ਸਿਆਸੀ/ਧਾਰਮਿਕ ਲੋੜਾਂ ਵਿੱਚੋਂ ਉਪਜੀ ਬੇਇਤਫਾਕੀ ਦੀ ਲਹਿਰ ਵੀ ਫਿਰਦੀ ਹੈ, ਜੋ ਉਨ੍ਹਾਂ ਨੂੰ ਪਰੁੰਨ ਸੁੱਟਦੀ ਹੈ। ਅਜਿਹੀਆਂ ਹੀ ਮਿੱਠੀਆਂ-ਖੱਟੀਆਂ, ਅਸਹਿ-ਅਕਹਿ ਗੱਲਾਂ ਦੀ ਗੰਢ ਨਾਮੀ ਕਲਮਕਾਰ ਸਾਂਵਲ ਧਾਮੀ ਨੇ ਕੁਝ ਇਸ ਲਹਿਜ਼ੇ 'ਚ ਖੋਲ੍ਹੀ ਹੈ ਕਿ ਉਮੀਦ ਕੀਤੀ ਜਾ ਸਕਦੀ ਹੈ, ਪਾਠਕ ਇਨ੍ਹਾਂ ਨੂੰ ਪਰੁੱਚ ਕੇ ਪੜ੍ਹਨਗੇ... ਪ੍ਰਬੰਧਕੀ ਸੰਪਾਦਕ***

## ਦੁੱਖੜੇ ਬਟਵਾਰੇ ਦੇ



**ਸਾਂਵਲ ਧਾਮੀ**
**ਫੋਨ:+91-9781843444**

ਹੁਸ਼ਿਆਰਪੁਰ-ਦਸੂਹਾ ਰੋਡ 'ਤੇ ਭੀਖੋਵਾਲ ਤੋਂ ਚੜਦੇ ਪਾਸੇ ਘੁੱਗ ਵੱਸਦਾ ਪਿੰਡ ਹੈ ਕਾਂਟੀਆਂ। ਹੋਰ ਨਜ਼ਦੀਕੀ ਪਿੰਡ ਹਨ- ਬਾਗਪੁਰ, ਬਸੀ ਮਾਰੂਫ਼, ਰੌਲ਼ ਤਲ਼ਾਈ, ਖੁੰਡੇ ਤੇ ਬਸੀ ਕਾਸੋ। ਚਵੀ ਸੌ ਕਿੱਲੇ ਦੇ ਕਰੀਬ ਰਕਬਾ ਹੈ ਇਸ ਪਿੰਡ ਦਾ। ਅੱਜ ਇਹ ਪਿੰਡ ਇੱਕੋ ਥਾਂ ਵੱਸਦਾ ਹੈ, ਪਰ ਸੰਤਾਲ਼ੀ ਤੋਂ ਪਹਿਲਾਂ ਇਸਦੀਆਂ ਦੋ ਆਬਾਦੀਆਂ ਸਨ। ਦੱਖਣ ਦਿਸ਼ਾ ਵਾਲ਼ੀ ਆਬਾਦੀ 'ਚ ਨਿਰੋਲ ਮੁਸਲਿਮ ਗੁੱਜਰ ਵੱਸਦੇ ਸਨ ਤੇ ਉੱਤਰ ਦੀ ਗੁੱਠੇ ਗੁੱਜਰ ਤੇ ਆਦਿ-ਧਰਮੀ। ਨਿਹਾਲਾ ਤੇ ਖੈਰਦੀਨ ਲੰਬੜ ਇਸ ਪਿੰਡ ਦੇ ਚੌਧਰੀ ਬੰਦੇ ਸਨ।

ਸੰਤਾਲ਼ੀ ਦੇ ਆਰ-ਪਾਰ ਦੀਆਂ ਗੱਲਾਂ ਸੁਣਨ ਲਈ ਮੈਂ ਨੱਬੇ ਵਰ੍ਹਿਆਂ ਦੇ ਬਜ਼ੁਰਗ ਬਾਬੇ ਹਜ਼ਾਰੇ ਨੂੰ ਮਿਲਿਆ। ਉਸਨੇ ਇਉਂ ਬੋਲਣਾ ਸ਼ੁਰੂ ਕਰ ਦਿੱਤਾ, ਜਿਉਂ ਸਭ ਕੁਝ ਲਿਖ ਕੇ ਯਾਦ ਕਰਦਾ ਰਿਹਾ ਹੋਵੇ। ਆਪਣੇ ਹਾਣੀ ਗੁਲਾਬ ਨਬੀ ਤੇ ਬੂਟੇ ਨੂੰ ਯਾਦ ਕਰਦਿਆਂ ਉਸਦੀਆਂ ਅੱਖਾਂ ਭਰ ਆਈਆਂ। ਉਹ ਫਜ਼ਲੇ, ਬੂਰੇ, ਦੌਲੇ, ਗੁਲਾਮ ਨਬੀ, ਬੂਟੇ, ਲਾਡੋ ਤੇ ਜੈਨਾ ਹੁਰਾਂ ਦੀਆਂ ਗੱਲਾਂ ਕਰਦਾ ਰਿਹਾ। ਇਨ੍ਹਾਂ ਕੁੜੀਆਂ ਤੇ ਮੁੰਡਿਆਂ ਨਾ਼ਲ ਕਦੇ ਉਹ ਮੱਝਾਂ ਚਾਰਦਾ ਹੁੰਦਾ ਸੀ। ਫਿਰ ਉਸਨੂੰ ਵਿਛੋੜੇ ਦਾ ਉਹ ਮੰਜ਼ਰ ਯਾਦ ਆ ਗਿਆ, ਜਦੋਂ ਬੂਟਾ, ਹਾਕੋ, ਸਰਦਾਰ, ਨਿਆਜ਼ ਖੜ੍ਹੇ ਕੂਕਾਂ ਮਾਰ ਰਹੇ ਸਨ।

ਉਨ੍ਹਾਂ ਦੇ ਪਰਿਵਾਰ ਦੀ 'ਸਾਂਝ' ਦੂੱਲੇ ਗੁੱਜਰ ਨਾ਼ਲ ਸੀ।

"ਆਹ ਮੰਜਾ ਦੂੱਲੇ ਚਾਚੇ ਨੇ ਐਸਾਂ ਭੈਣ ਦੇ ਦਾਜ ਲਈ ਬਣਵਾਇਆ ਸੀ...।" ਜਿਸ ਮੰਜੇ 'ਤੇ ਬੈਠਾ ਉਹ ਗੱਲਾਂ ਕਰ ਰਿਹਾ ਸੀ, ਉਸ ਦੇ ਪਾਵੇ 'ਤੇ ਉਸਨੇ ਇਉਂ ਹੱਥ ਫੇਰਿਆ ਸੀ, ਜਿਉਂ ਪਾਲਤੂ ਖ਼ਰਗੋਸ਼ ਦਾ ਸਿਰ ਪਲੋਸ ਰਿਹਾ ਹੋਵੇ।

"ਬੜੀ ਅਜਬ ਕਹਾਣੀ ਹੈ ਇਸ ਮੰਜੇ ਦੀ। ਅਲਮਾਰੀ ਤੇ ਇਹ ਮੰਜਾ ਦੂੱਲੇ ਚਾਚੇ ਨੇ ਭੂੰਗੇ ਤੋਂ ਬਣਵਾਏ ਸੀ। ਅਸੀਂ ਖੁਦ ਗੱਡੇ 'ਤੇ ਲੱਦ ਕੇ ਲਿਆਏ ਸਾਂ। ਥੋੜ੍ਹੇ ਦਿਨਾਂ ਤੱਕ ਐਸਾਂ ਭੈਣ ਦਾ ਨਿਕਾਹ ਸੀ। ਫਿਰ ਚੰਦਰਾ ਸੰਤਾ਼ਲੀ ਆ ਗਿਆ। ਉਹ ਲੋਕ ਉੱਜੜ ਗਏ। ਮੱਝਾਂ, ਗਾਈਆਂ ਤੇ ਬੱਕਰੀਆਂ ਬਾਹਰਲੇ ਪਿੰਡਾਂ ਵਾ਼ਲੇ ਲੈ ਗਏ। ਮੈਂ ਇਹ ਮੰਜਾ ਚੁੱਕ ਲਿਆਂਦਾ। ਨਿੱਕਾ-ਨਿੱਕਾ ਹੋਰ ਵੀ ਬੜਾ ਸਮਾਨ ਚੁੱਕਿਆ ਸੀ ਮੈਂ। ਉਹ ਮੈਂ ਪੁਲਿਸ ਦੇ ਡਰ ਤੋਂ ਮਿੱਟੀ 'ਚ ਦੱਬ ਦਿੱਤਾ ਸੀ। ਓਥੋਂ ਕੋਈ ਹੋਰ ਕੱਢ ਕੇ ਲੈ ਗਿਆ। ਚੋਰਾਂ ਨੂੰ ਮੋਰ ਪੈ ਗਏ।" ਗੱਲ ਮੁਕਾ ਉਹ ਹੱਸਣ ਦੀ ਅਸਫ਼ਲ ਕੋਸ਼ਿਸ਼ ਕਰਦਾ ਹੈ।

ਕਾਂਟੀਆਂ ਦੀ ਬਹੁਤੀ ਜ਼ਮੀਨ ਰੇਤਲੀ ਸੀ। ਸਰਕੜਿਆਂ ਨਾ਼ਲ ਭਰੀ ਹੋਈ। ਜ਼ਮੀਨਾਂ ਵਾ਼ਲੇ ਬਹੁਤੇ ਗੁੱਜਰ ਵੀ ਲਕੜੀਆਂ ਵੇਚ ਕੇ ਗੁਜ਼ਾਰਾ ਕਰਦੇ ਸਨ। ਮੀਂਹ ਦੀ ਆਸ 'ਤੇ ਥੋੜ੍ਹਾ-ਥੋੜ੍ਹਾ ਥਾਂ ਬੀਜ ਲੈਂਦੇ। ਬਲਦ ਵੀ ਵਿਰਲੇ-ਟਾਂਵੇਂ ਗੁੱਜਰ ਕੋ਼ਲ ਹੁੰਦੇ ਸਨ।

ਗੁਲਾਮ ਮੁਹੰਮਦ ਦੇ ਅਮੀਰ ਹੋਣ ਦੀ ਕਹਾਣੀ ਵੀ ਬਹੁਤ ਅਨੋਖੀ ਏ। ਚਾਰ ਭਰਾ ਸਨ ਉਹ। ਹੋਰਾਂ ਵਾਂਗ ਗ਼ਰੀਬੀ ਦੇ ਝੰਬੇ ਹੋਏ। ਉਨ੍ਹਾਂ ਊਠਣੀ ਰੱਖੀ ਹੋਈ ਸੀ। ਕਾਨੇ ਤੋੜ ਕੇ ਵੇਚਦੇ ਹੁੰਦੇ ਸਨ ਉਹ। ਗੁਲਾਮ ਪਿੰਡੋਂ ਉਹ ਹੱਜ 'ਤੇ ਗਿਆ ਸੀ। ਵਾਟੇ ਕਿਸੇ ਸ਼ਹਿਰ 'ਚ ਉੱਨ ਦੀ ਬੋਲੀ ਹੁੰਦੀ ਪਈ ਸੀ। ਉਹਨੇ ਵੀ ਬੋਲੀ ਦੇ ਦਿੱਤੀ। ਬੋਲੀ ਉਹਦੇ ਨਾਂ ਟੁੱਟ ਗਈ। ਉਸੀ ਵਕਤ ਉੱਨ ਨੂੰ ਖਰੀਦਣ ਲਈ ਵਪਾਰੀ ਆ ਗਿਆ। ਖੜੇ-ਖੜੋਤੇ ਨੂੰ ਹਜ਼ਾਰਾਂ ਰੁਪਏ ਮਿਲ ਗਏ ਸੀ। ਵਾਪਸ ਮੁੜਿਆ ਤਾਂ ਉਹ ਗਰੀਬਾਂ 'ਚ ਵੰਡਣ ਲਈ ਕੰਬਲ ਲੈ ਕੇ ਆਇਆ। ਤਿੰਨ-ਚਾਰ ਦਿਨ ਨਿਆਜ਼ਾਂ ਦਿੰਦਾ ਰਿਹਾ। ਫਿਰ ਉਸਨੇ ਖੇਮਕਰਨ ਵਿਖੇ ਉੱਨ ਦਾ ਕਾਰਖਾਨਾ ਖਰੀਦ ਲਿਆ ਤੇ ਗਰੀਬ ਗੁੱਜਰਾਂ ਦੇ ਕਈ ਮੁੰਡੇ ਕੰਮ 'ਤੇ ਲਗਾ ਲਏ।

ਸੰਤਾ਼ਲੀ 'ਚ ਗੁਲਾਮ ਮੁਹੰਮਦ ਤੇ ਉਸਦੇ ਭਰਾ ਆਪਣੇ ਟੱਬਰਾਂ ਦੀ ਹਿਫ਼ਾਜ਼ਤ ਲਈ, ਰਫ਼ਲਾਂ ਲੈ ਕੇ ਖੇਮਕਰਨ ਤੋਂ ਆਏ। ਪਿੰਡੋਂ ਉੱਜੜ ਕੇ ਇਹ ਲੋਕ ਨੇੜਲੇ ਕਸਬੇ ਹਰਿਆਣੇ ਦੇ ਕੈਂਪ 'ਚ ਪਹੁੰਚ ਗਏ। ਰਾਸ਼ਣ-ਪਾਣੀ ਲਈ ਉਹ ਵਿੱਚ-ਵਿਚਾਲੇ ਪਿੰਡ ਵੱਲ ਗੇੜਾ ਮਾਰ ਲੈਂਦੇ। ਇੱਕ ਸ਼ਾਮ ਨੇੜਲੇ ਪਿੰਡਾਂ ਦੇ ਲੋਕ ਕਾਂਟੀਆਂ ਨੂੰ ਲੁੱਟ ਰਹੇ ਸਨ। ਗੁਲਾਮ ਮੁਹੰਮਦ ਹੁਰਾਂ ਗੋ਼ਲੀ ਚਲਾ ਦਿੱਤੀ। ਡਡਿਆਣੇ ਪਿੰਡ ਦੇ ਦੋ ਬੰਦੇ ਇਸ ਪਿੰਡ 'ਚ ਬੰਦੇ ਮਾਰੇ ਗਏ।

ਮੁਸਲਮਾਨ ਗਏ ਤਾਂ ਅੰਬਰ ਕਈ ਦਿਨ ਰੋਂਦਾ ਰਿਹਾ। ਪਹਾੜਾਂ ਵੱਲੋਂ ਪਾਣੀ ਚੜ੍ਹ ਆਇਆ। ਮੁਸਲਮਾਨਾਂ ਦੇ ਘਰ ਚੜ੍ਹਦੇ ਪਾਸੇ ਸਨ। ਵਿਚਕਾਰ ਬਰੇਤਾ ਪੈ ਗਿਆ। ਘਰ ਬਹਿਣ ਲੱਗੇ। ਸੱਤਵੇਂ ਦਿਨ ਮੀਂਹ ਮੱਠਾ ਪਿਆ ਤਾਂ ਨੌਜਵਾਨਾਂ ਨੇ ਲੰਬੇ-ਲੰਬੇ ਸੋਟੇ ਲਏ ਤੇ ਪਾਣੀ ਟੋਹ-ਟੋਹ ਕੇ ਬਜ਼ੁਰਗਾਂ ਨੂੰ ਲੰਘਾਇਆ। ਦਰਅਸਲ ਸੰਨ ਸੰਤਾ਼ਲੀ ਨੇ ਆਦਿ-ਧਰਮੀਆਂ ਨੂੰ ਵੀ ਉਜਾੜ ਦਿੱਤਾ ਸੀ ਤੇ ਉਹ ਹਮੇਸ਼ਾ ਲਈ ਦੱਖਣ ਦਿਸ਼ਾ ਵਾ਼ਲੀ ਆਬਾਦੀ 'ਚ ਆਣ ਵਸੇ ਸਨ।

ਲੀਕੋਂ ਪਾਰ ਗਏ ਗੁਲਾਮ ਮੁਹੰਮਦ ਨੇ ਪਿੰਡ ਵਾਸੀਆਂ ਨੂੰ ਕਈ ਚਿੱਠੀਆਂ ਪਾਈਆਂ। ਮੁੜ-ਮੁੜ ਇੱਕੋ ਗੱਲ ਲਿਖਦਾ ਕਿ ਮਨ ਬਣਾਓ, ਅਸੀਂ ਇੱਕ ਦਿਨ 'ਚ ਹੀ ਸਾਰਾ ਪਿੰਡ ਲੈ ਜਾਵਾਂਗੇ। ਲਹਿੰਦੇ ਪੰਜਾਬ 'ਚ ਇਸ ਟੱਬਰ ਨੇ ਆਪਣਾ ਕਾਰੋਬਾਰ ਹੋਰ ਵੀ ਵਧਾ ਲਿਆ ਸੀ।

ਗੁੱਜਰਾਂ ਵਾ਼ਲੀ ਜ਼ਮੀਨ ਸਿਆਲਕੋਟੀਆਂ ਨੂੰ ਅਲਾਟ ਹੋਈ ਸੀ। ਉਹ ਬਹੁਤੀ ਦੇਰ ਪਿੰਡ 'ਚ ਟਿਕ ਨਾ ਸਕੇ। ਰੇਤੀਲੀ ਜ਼ਮੀਨ ਤੇ ਸਰਕੜਿਆਂ ਦੇ ਜੰਗਲ ਕੋ਼ਲੋ ਡਰ ਗਏ। ਜ਼ਮੀਨਾਂ ਵੇਚ ਅਗਾਂਹ ਚਲੇ ਗਏ। ਓਧਰ ਪਾਕਿਸਤਾਨ 'ਚ ਕਾਂਟੀਆਂ ਦੀ ਜ਼ਮੀਨ 'ਵੈਰਾਨੀ' ਮਿੱਥੀ ਗਈ। ਕੋਈ ਅੱਠ-ਦਸ ਵਰ੍ਹੇ ਇੱਥੋਂ ਦੇ ਗੁੱਜਰ ਜ਼ਮੀਨ ਤੋਂ ਵਿਰਵੇ ਰਹੇ। ਨਿਹਾਲ ਦਾ ਮੁੰਡਾ ਇਕਬਾਲ ਪਟਵਾਰੀ ਸੀ। ਉਹਦੀ ਕੋਸ਼ਿਸ਼ ਨਾ਼ਲ ਕਾਂਟੀਆਂ ਵਾ਼ਲਿਆਂ ਨੂੰ ਜ਼ਮੀਨ ਮਿਲੀ।

ਕੱਚੇ ਵੱਢੇ ਕਾਨੇ ਦੀ ਅਖ਼ੀਰਲੀ ਨਾ਼ਲੀ ਨੂੰ ਨਾਕੂ ਕਿਹਾ ਜਾਂਦਾ। ਇਹ ਸੂਈ ਵਰਗਾ ਤਿੱਖਾ ਹੁੰਦਾ ਹੈ ਤੇ ਚਮੜੇ ਤੇ ਧੌੜੀਆਂ ਰੰਗਣ ਵੇਲੇ ਨਾ਼ਲ ਸੀਤਾ ਜਾਂਦਾ ਹੈ। ਜਦੋਂ ਚਮੜਾ ਪੱਕ ਜਾਂਦਾ ਹੈ ਤਾਂ ਨਾਕੂਆਂ ਨੂੰ ਵਿੱਚੇ ਹੀ ਵੱਢ ਦਿੱਤਾ ਜਾਂਦਾ ਹੈ। ਨਾ਼ਲੀਆਂ ਦਾ ਫੂਸ ਉਵੇਂ ਚਮੜੇ ਵਿੱਚ ਫਸਿਆ ਰਹਿ ਜਾਂਦਾ। ਰੰਗੀਆਂ ਹੋਈਆਂ ਉਹ ਧੌੜੀਆਂ ਬਹੁਤ ਮਹਿੰਗੇ ਭਾਅ ਵਿਕਦੀਆਂ ਨੇ। ਧੌੜੀਆਂ ਨਾ਼ਲ ਨਾਕੂ ਵੀ ਜੋਖੇ ਜਾਂਦੇ ਨੇ। ਸੋ ਇਹ ਨਾ਼ਲੀਆਂ ਵੀ ਧੌੜੀ ਦੇ ਭਾਅ ਵਿਕ ਜਾਂਦੀਆਂ ਨੇ।

ਕਿਧਰੋਂ ਇਕਬਾਲ ਦੇ ਹੱਥ ਇਹ ਨਾ਼ਲੀਆਂ ਆ ਗਈਆਂ ਸਨ। ਨਾ਼ਲੀਆਂ ਲੈ ਕੇ ਉਹ ਅਦਾਲਤ ਵਿੱਚ ਪੇਸ਼ ਹੋ ਗਿਆ ਸੀ। ਉਸਨੇ ਜੱਜ ਨੂੰ ਕਿਹਾ ਕਿ ਸਾਡੇ ਪਿੰਡ ਕਾਂਟੀਆਂ ਦੇ ਖੇਤ ਬੰਜਰ ਨਹੀਂ ਸਨ। ਉਨ੍ਹਾਂ ਵਿੱਚ ਆਹ ਚੀਜ਼ ਉੱਗਦੀ ਤੇ ਤਿਆਰ ਹੁੰਦੀ ਸੀ। ਬੱਸ ਇੱਕ ਇਹੋ ਸਬੂਤ ਕਾਂਟੀਆਂ ਦੇ ਮੁਸਲਮਾਨਾਂ ਲਈ ਵਧੀਆ ਜ਼ਮੀਨ ਦਾ ਜ਼ਰੀਆ ਬਣ ਗਿਆ। ਭੁੱਖੇ ਮਰਦੇ-ਮਰਦੇ ਉਹ ਲੋਕ ਮੁਰੱਬਿਆਂ ਦੇ ਮਾਲਕ ਹੋ ਗਏ। ਹੁਣ ਉਹ ਕਾਂਟੀਆਂ ਵਾ਼ਲਿਆਂ ਨੂੰ ਚਿੱਠੀਆਂ ਲਿਖਦੇ ਤਾਂ ਨਹਿਰੀ ਪਾਣੀਆਂ, ਲਹਿ-ਲਹਾਉਂਦੀਆਂ ਫਸਲਾਂ ਤੇ ਜ਼ਿੰਦਗੀ 'ਚ ਆਏ ਖ਼ੁਸ਼ੀਆਂ-ਖੇੜਿਆਂ ਦਾ ਜ਼ਿਕਰ ਜ਼ਰੂਰ ਕਰਦੇ। ਭਾਵੇਂ ਕਿ ਕਾਂਟੀਆਂ ਬੰਜਰ ਸੀ, ਬੇਸ਼ੱਕ ਇਸ ਪਿੰਡ ਨੇ ਉਨ੍ਹਾਂ ਨੂੰ ਕਦੇ ਵੀ ਰੱਜਵੀਂ ਰੋਟੀ ਨਹੀਂ ਸੀ ਬਖ਼ਸ਼ੀ, ਪਰ ਉਨ੍ਹਾਂ ਦੀਆਂ ਚਿੱਠੀਆਂ 'ਤੇ ਹੰਝੂਆਂ ਦੇ ਨਿਸ਼ਾਨ ਜ਼ਰੂਰ ਹੁੰਦੇ ਸਨ।

ਫਿਰ ਕੋਈ ਪੰਜਾਹ ਵਰ੍ਹਿਆਂ ਬਾਅਦ ਆਪਣਾ ਪਿੰਡ ਵੇਖਣ ਆਇਆ। ਉਹ ਹੈਰਾਨ ਹੋ ਗਿਆ। ਕਾਂਟੀਆਂ ਦੇ ਖੇਤਾਂ 'ਚ ਸਰਕੜੇ ਦੀ ਥਾਂ ਕਿੰਨੂ ਤੇ ਕਮਾਦ ਲਹਿਲਹਾ ਰਹੇ ਸਨ। ਉਹ ਪਿੰਡ ਵਾਸੀਆਂ ਨੂੰ ਵਿਖਾਉਣ ਲਈ ਸਬੂਤ ਵਜੋਂ ਆਪਣੇ ਨਾ਼ਲ ਕੁਝ ਗੰਨੇ ਲੈ ਗਿਆ ਸੀ।

ਗੱਲਬਾਤ ਦੇ ਅਖ਼ੀਰ 'ਚ ਬਾਬਾ ਹਜ਼ਾਰਾ ਮੇਰੇ ਕੋ਼ਲ ਹੁੰਦਿਆਂ ਬੋਲਿਆ, "ਪੁੱਤਰਾ! ਸੰਤਾ਼ਲੀ 'ਚ ਪਾਪੀਆਂ ਲੱਖਾਂ ਬੇਗੁਨਾਹ ਮਾਰੇ। ਘਰ ਉਜਾੜੇ। ਲੁੱਟਾਂ-ਖੋਹਾਂ ਕੀਤੀਆਂ। ਧੀਆਂ-ਭੈਣਾਂ ਦੀ ਬੇਪਤੀ ਵੀ ਕੀਤੀ। ਮੈਥੋਂ ਵੀ ਗਲਤੀ ਹੋ ਗਈ ਇੱਕ। ਮੈਂ ਆਹ ਮੰਜਾ ਚੁੱਕ ਲਿਆਇਆਂ। ਉਹ ਵੀ ਭੈਣ ਐਸਾਂ ਦੇ ਦਾਜ ਦਾ। ਮੈਂ ਕਈ ਚਿੱਠੀਆਂ ਵੀ ਲਿਖਵਾਈਆਂ। ਖੌਰੇ ਦੂੱਲੇ ਚਾਚੇ ਨੂੰ ਮਿਲੀਆਂ ਈ ਨਹੀਂ। ਕਾਸ਼ ਕਿਸੇ ਤਰ੍ਹਾਂ ਇਹ ਮੰਜਾ ਮੈਂ ਪਾਕਿਸਤਾਨ ਪਹੁੰਚਾ ਸਕਦਾ!"

"ਲੈ! ਰੋਂਦਾ ਮੰਜੇ ਨੂੰ, ਤੇਰੀ ਐਸਾਂ ਤਾਂ ਕਦੋਂ ਦੀ ਮਰ ਗਈ ਹੋਣੀ ਏ!" ਕੋ਼ਲ ਬੈਠੀ ਉਸਦੀ ਪਤਨੀ ਗੁੱਸੇ-ਭਰੇ ਮਜ਼ਾਕ 'ਚ ਬੋਲੀ ਹੈ।

"ਉਹ ਤਾਂ ਠੀਕ ਹੈ, ਪਰ ਮੈਂ ਕੀ ਕਰਾਂ? ਉਸ ਗੁਨਾਹ ਦਾ ਅਹਿਸਾਸ ਕਿਉਂ ਨਹੀਂ ਮਰਦਾ!" ਇਹ ਆਖਦਿਆਂ ਬਾਬੇ ਹਜ਼ਾਰੇ ਨੇ ਬੁੱਢੀਆਂ ਅੱਖਾਂ ਨੂੰ, ਝੁਰੜਾਏ ਹੱਥਾਂ 'ਚ ਲੁਕੋ ਲਿਆ ਸੀ।

## ਪਿੰਡ ਵਸਿਆ (23)



**ਵਿਜੈ ਬੰਬੇਲੀ**
**ਫੋਨ: +91-9463439075**

# ਗਾਥਾ ਨਵਾਂ ਸ਼ਹਿਰ

***ਪਾਠਕਾਂ ਦੀ ਜਾਣਕਾਰੀ ਲਈ ਅਸੀਂ ਕਾਲਮ 'ਪਿੰਡ ਵਸਿਆ' ਸ਼ੁਰੂ ਕੀਤਾ ਹੈ, ਜਿਸ ਵਿੱਚ ਸਿਰਫ ਪਿੰਡ ਵੱਸਣ ਦੀ ਹੀ ਬਾਤ ਪਾਈ ਹੁੰਦੀ ਹੈ। ਪਿੰਡ ਦਾ ਇਤਿਹਾਸ ਲਿਖਣ ਦੀ ਵੱਡੀ ਕਠਿਨਾਈ ਇਹ ਹੈ ਕਿ ਇਹ ਕਿਸੇ ਵੀ ਰੂਪ 'ਚ ਲਿਖਤੀ ਨਹੀਂ ਮਿਲਦਾ। ਕਿਸੇ-ਕਿਸੇ ਪਿੰਡ ਦੇ ਵੱਸਣ-ਰਸਣ ਦੀ, ਉਹ ਵੀ ਨਾ-ਮਾਤਰ, ਗਜ਼ਟੀਅਰ'ਜ਼, ਮਾਲ ਰਿਕਾਰਡ ਜਾਂ ਕਿਸੇ ਦਸਤਾਵੇਜ਼ ਵਿੱਚ ਸਤਹੀ ਜਿਹਾ ਵਰਨਣ ਜਾਂ ਕਨਸੋਅ ਮਿਲਦੀ ਸੀ/ਹੈ, ਜਿਹੜਾ ਸਥਾਨਕ ਇਤਿਹਾਸ ਦੀ ਮਹੱਤਤਾ ਨਾ ਬੁੱਝਣ ਕਾਰਨ ਸਾਂਭਿਆ ਨਹੀਂ ਗਿਆ। ਪੇਸ਼ ਹੈ, ਨਵਾਂ ਸ਼ਹਿਰ ਦੀ ਗਾਥਾ...***



■ ਨਵਾਂ ਸ਼ਹਿਰ ਦੋਆਬ ਦੇ ਰੇਲਵੇ ਸਟੇਸ਼ਨ ਦੀ ਇੱਕ ਝਲਕ

ਪ੍ਰਚੀਨ ਦਸਤਾਵੇਜਾਂ (ਮਾਲ) ਅਨੁਸਾਰ, "ਪਿੰਡ ਨਵਾਂਸ਼ਹਿਰ ਮਸ਼ੀਰ ਖਾਨ ਨੇ ਆਬਾਦ ਕੀਤਾ। ਜ਼ਮੀਨ ਦਾ ਮਾਲਕ ਅਜ਼ੀ ਬਖਸ਼ ਕੌਮ ਰਾਜਪੂਤ ਘੌੜੇਬਾਹ ਪਿੰਡ ਹੀਮਾਂ ਤਹਿਸੀਲ ਸਮਰਾਲਾ (?) ਤੋਂ ਵਕਤ ਦੇ ਹਾਕਮ ਦੇ ਹੁਕਮ ਨਾਲ ਕਾਬਜ਼ ਹੋਆ। ਪਿੱਛੋਂ ਮਸੱਮੀਆਂ-ਲੱਧਾ-ਨਿਹਾਲ-ਸਲਾਨੀ-ਬੋਡਾ-ਪੀਰੂ ਬਾਕੀ ਗੋਰਚੀ ਵਗੈਰਾ ਵੀ ਸਮੇਂ ਦੇ ਹਾਕਮਾਂ ਦੀ ਪ੍ਰਵਾਨਗੀ ਲੈ ਕੇ ਆਪੋ-ਆਪਣੇ ਅਸਬਾਬ ਨਾਲ ਆ ਕਾਬਜ਼ ਹੋਏ, ਜ਼ਰਾਇਤ (ਖੇਤੀ) ਕਰਨ ਲੱਗੇ ਵ ਆਹਲਾ ਮਾਲਕ ਬਣੇ। ਪਿੱਛੋਂ ਸਵਾ ਪੰਜਤਾਲੀ ਵਿੱਘੇ ਹਲ ਮੁਕੱਰਰ ਹੋਆ। ਕੌਮ ਰਾਜਪੂਤ ਬਾਰਾਂ ਹਲ, ਅਰਾਂਈਆਂ (ਅਰਾਂਈ ਹਲਵਾਹਕ) ਸਵਾ ਵੀਹੀ ਹਲ, ਜੱਟ ਗਿਆਰਾਂ ਹਲ, ਕੈਮ ਕਰਕੇ ਤਿੰਨ ਪੱਤੀਆਂ ਰਾਜਪੂਤਾਂ, ਜੱਟਾਂ ਅਤੇ ਮੁਆਫੀ ਕਾਇਮ ਹੋਈਆਂ।"

ਇੱਕ ਹੋਰ ਵਿਸ਼ਵਾਸ ਅਨੁਸਾਰ, "ਪਿੰਡ ਨਵਾਂਸ਼ਹਿਰ ਦਾ ਇਤਿਹਾਸ 14ਵੀਂ ਸਦੀ ਨਾਲ ਜਾ ਖਹਿੰਦਾ ਹੈ। ਕਿਹਾ ਜਾਂਦਾ ਹੈ ਕਿ ਇੱਕ ਧੜਵੈਲ ਅਫਗਾਨ ਗੁਰੀਲੇ ਨੌ-ਸ਼ੇਰ-ਖਾਨ ਨੇ ਅਲਾਓਦੀਨ ਖਿਲਜ਼ੀ (1295-1316) ਸਮੇਂ, ਇੱਕ ਝੀਲ ਕਿਨਾਰੇ ਇਸ ਦੀ ਮੌੜ੍ਹੀ ਗੱਡੀ। ਪਹਿਲ-ਪਲੱਕੜਿਆਂ ਵਿਚ ਇਸ ਨੂੰ ਨੌ-ਸ਼ੇਰ ਕਿਹਾ ਜਾਂਦਾ ਰਿਹਾ। ਸਮਾਂ ਪਾ ਕੇ ਇਹ ਵਿਗੜਦਾ/ਸੰਵਰਦਾ 'ਨਵਾਂ ਸ਼ਹਿਰ' ਵਜੋਂ ਸਥਾਪਿਤ ਹੋ ਗਿਆ। ਨੌ-ਸ਼ੇਰ-ਖਾਨ ਨੇ ਪੰਜ ਕਿਲੇ (ਗੜ੍ਹੀਆਂ), ਜਿਹੜੇ ਕਿ ਹਵੇਲੀ ਨੁਮਾਂ ਸਨ, ਬਣਵਾਏ ਜਿਨ੍ਹਾਂ ਦੇ ਖੰਡਰ ਅੱਜ ਵੀ ਕਿਸੇ ਨਾ ਕਿਸੇ ਰੂਪ 'ਚ ਮੌਜੂਦ ਹਨ।"

ਇੱਕ ਹੋਰ ਮਿੱਥ ਅਨੁਸਾਰ, "ਕਈ ਲੋਕ, ਦਰਿਆ ਸਤਲੁਜ ਦੇ ਵਾਰ-ਵਾਰ ਭੰਨਿਓ-ਗੋਥਲਿਓ, ਰਾਹੋਂ ਲਾਗਲੇ ਖਿੱਤੇ ਤੋਂ ਇੱਥੇ ਆ ਬੈਠੇ। ਪ੍ਰਾਚੀਨ 'ਰਾਹੋਂ ਸ਼ਹਿਰ' ਦੀ ਤਰਜ਼ 'ਤੇ ਉਨ੍ਹਾਂ ਇਸ ਮੁਕਾਮ ਦਾ ਨਾਂ 'ਨਵਾਂ ਸ਼ਹਿਰ' ਰੱਖ ਦਿੱਤਾ।"

ਇੱਕ ਹੋਰ ਦੰਦ ਕਥਾ ਅਨੁਸਾਰ, "ਰਾਹੋਂ ਉੱਚੇ ਥੇਹ 'ਤੇ ਬਿਰਾਜਮਾਨ ਹੈ ਅਤੇ ਇਹ ਉਸਤੋਂ ਕਿਤੇ ਨੀਵੀਂ ਥਾਂ। 'ਨੀਵੀਂ ਵਸੇਬ' ਨੂੰ ਪਹਿਲਾਂ 'ਨੀਵਾਂ ਸ਼ਹਿਰ' ਕਿਹਾ ਜਾਣ ਲੱਗ ਪਿਆ, ਜਿਹੜਾ ਮਗਰੋਂ, ਸਮਾਂ ਪਾ 'ਨਵਾਂ ਸ਼ਹਿਰ' ਵਜੋਂ ਸੁ-ਪ੍ਰਸਿੱਧ ਹੋ ਗਿਆਂ।"

'ਦਾ ਇੰਪੀਰੀਅਲ ਗਜ਼ਟੀਅਰ ਆਫ ਇੰਡੀਆ' (ਜਿਲਦ-18, ਸਫਾ-429) ਅਨੁਸਾਰ, "ਨਵਾਂ ਸ਼ਹਿਰ ਕਿਸੇ ਸਮੇਂ ਸ਼ਕਤੀਸ਼ਾਲੀ ਸਿੱਖ ਯੋਧੇ ਤਾਰਾ ਸਿੰਘ ਘੇਬਾ ਦੀ ਸੂਹੀ ਮਲਕੀਅਤ ਸੀ, ਜਿਹੜੀ ਉਸਦੀ ਮੌਤ ਉਪਰੰਤ ਰਣਜੀਤ ਸਿੰਘ ਨੇ ਹਥਿਆ ਲਈ।" ਦਰ-ਹਕੀਕਤ; ਜਦ ਸਿੱਖ ਮਿਸਲਾਂ ਦਾ ਪ੍ਰਤਾਪ ਵਧਣਾ ਸ਼ੁਰੂ ਹੋ ਗਿਆ, ਤਦ 1760 'ਚ ਸਿਲਦਾਰ ਤਾਰਾ ਸਿੰਘ ਘੇਬਾ ਮਾਛੀਵਾੜਾ ਬੰਨਿਓਂ ਦਰਿਆ ਸਤਲੁਜ ਪਾਰ ਕਰਕੇ ਪਹਲਾਂ 'ਰਾਹੋਂ' ਅਤੇ ਫਿਰ 'ਕਾਠਗੜ੍ਹ' ਖਿੱਤੇ 'ਤੇ ਆਣ ਕਾਬਜ਼ ਹੋਇਆ। ਫਿਰ ਉਸ 'ਨਵਾਂ ਸਹਿਰ' ਅਤੇ 'ਬੰਗਾ' ਵੀ ਦੱਬ ਲਿਆ। ਸਰਦਾਰ ਘੇਬਾ ਜਦ ਤਾਂਈਂ 100 ਵਰਸੀਆ, ਗੂੜ੍ਹਾ ਬੁੱਢਾ ਹੋਇਆ, ਤਦ ਤਾਂਈਂ ਮਹਾਰਾਜਾ ਰਣਜੀਤ ਸਿੰਘ ਦਾ ਤੇਜ਼ ਬੁਲੰਦ ਹੋ ਚੁਕਾ ਸੀ। ਇਸ ਤੇਜ਼-ਪ੍ਰਤਾਪ ਵਿਚ ਸ. ਘੇਬਾ ਦਾ ਵੀ 'ਯੋਗਦਾਨ' ਸੀ; ਪਰ ਸਤਾ ਦੀ ਲਾਲਸਾ 'ਯੋਗਦਾਨ' ਨਹੀਂ, 'ਹਿੱਤ' ਵੇਖਦੀ ਹੈ। ਸ. ਘੇਬਾ ਦੇ ਅੱਖਾਂ ਮੀਟਦਿਆਂ ਹੀ ਆਨੀਂ-ਬਹਾਨੀਂ ਅਤੇ ਮਿਸਲ ਘੇਬਾ ਦੇ ਮੱਕਾਰਾਂ ਬਦੌਲਤ ਇੱਥੇ ਆਣ ਕਾਬਜ਼ ਹੋਇਆ। ਉਪਰੰਤ ਮਹਾਰਾਜਾ ਰਣਜੀਤ ਸਿੰਘ ਨੇ ਜਲੰਧਰ ਦੁਆਬ, ਪਹਿਲੇ ਖੇਤਰਾਂ ਸਣੇ, ਰਾਹੋਂ-ਨਵਾਂ ਸ਼ਹਿਰ ਸਮੇਤ ਆਪਣੇ ਭਰੋਸੇਮੰਦ ਦੀਵਾਨ ਮੋਹਕਮ ਚੰਦ ਨੂੰ ਸਮੁੱਚੇ ਜਲੰਧਰ ਦੁਆਬ ਦਾ ਆਹਲਾ ਮੁਨਸੱਬ ਮੁਕੱਰਰ ਕਰਕੇ, ਆਹਲਾ ਸਿੱਖ ਸਿਪਾਹ ਸਾਲਾਰ ਖੁਸ਼ਹਾਲ ਸਿੰਘ ਨੂੰ ਨਵਾਂ ਸ਼ਹਿਰ ਦਾ ਜ਼ਮਾਂਦਾਰ ਥਾਪ ਦਿੱਤਾ।

ਇਸ ਨਗਰ ਦਾ ਇਤਿਹਾਸ ਬਾਬਾ ਬੰਦਾ ਬਹਾਦੁਰ ਸਿੰਘ ਜੀ ਨਾਲ ਵੀ ਅੰਤਰ-ਸਬੰਧਿਤ ਹੈ। ਇਹਿਤਾਸ ਮੁਤਾਬਕ, "ਜਲੰਧਰ ਦੁਆਬ ਦੇ ਸਿੱਖਾਂ ਨੇ ਮੁਸਲਿਮ ਦਾਬੇ ਤੋਂ ਮੁਕਤ ਹੋਣ ਦੇ ਯਤਨਾਂ ਵਜੋਂ ਦੁਆਬੇ ਦੇ ਫੌਜਦਾਰ ਸਮਸ਼ਖਾਨ ਨੂੰ ਕੁਝ ਸੁਧਾਰ ਕਰਨ ਲਈ ਕਿਹਾ। ਸੁਧਾਰ ਦੀ ਜਗਾਹ, ਉਸ ਉਲਟਾ ਦਮਨ ਚੱਕਰ ਤੇਜ਼ ਕਰ ਦਿੱਤਾ। ਬਾਬਾ ਬੰਦਾ ਬਹਾਦੁਰ ਦੀ ਚੜ੍ਹਤ ਦੀ ਕਨਸੌਅ ਪਾ ਸਿੱਖਾਂ ਨੇ ਪੁਰਾਣੇ ਸ਼ਹਿਰ ਰਾਹੋਂ ਉੱਤੇ ਗੁਰੀਲਾ ਹਮਲੇ ਤਹਿਤ ਅੰਸ਼ਕ ਕਬਜ਼ਾ ਕਰ ਲਿਆ। ਸਿੱਟੇ ਵਜੋਂ 'ਬਾਗ ਯਕੂਬ ਖਾਂ' ਕੋਲ ਘਮਸਾਨ ਦਾ ਯੁੱਧ ਹੋਇਆ, ਸਿੱਖਾਂ ਨੂੰ ਪਿੱਛੇ ਹਟਣਾ ਪਿਆ। ਮਗਰੋਂ ਹਲਾਤਾਂ ਵੱਸ ਸ਼ਮਸ ਖਾਨ ਦੇ ਦੁਆਬ ਛੱਡਦਿਆਂ ਹੀ ਹੇਠਲੀਆਂ ਸ਼ਿਵਾਲਕ ਪਹਾੜੀਆਂ (ਕਟਾਰ ਧਾਰ) 'ਚ, ਸਤਲੁਜ ਗਿਰਦ, ਸਰਗਰਮ ਬਾਬਾ ਬੰਦਾ ਬਹਾਦੁਰ ਦੇ ਕੁਮਕ ਇਸ ਖਿੱਤੇ 'ਤੇ ਆ ਕਾਬਜ਼ ਹੋਏ।"

ਰਾਹੋਂ ਉੱਤੇ ਬੱਝਵਾਂ ਹਮਲਾ ਕਰਨ ਅਤੇ ਦਰਿਆ ਪਾਰਲੀ ਸ਼ਾਹੀ ਫੌਜ ਤੋਂ ਬਚਾਅ ਹਿੱਤ ਪੱਕੇ ਪੈਰੀਂ ਹੋਣ ਲਈ ਉਸ ਨੇ ਕਟਾੜ ਧਾਰ 'ਚ ਗੁਫਾ ਨੁਮਾ ਸਥਾਨਾਂ 'ਚ ਜੰਗੀ ਪਿਕਟਾਂ ਸਥਾਪਿਤ ਕੀਤੀਆਂ ਸਨ। ਅਜਿਹੀ ਹੀ ਇੱਕ ਮਜਬੂਤ ਪਨਾਹ-ਮੋਰਚਾ 'ਰੇਲ ਮਾਜਰਾ' ਦੀਆਂ ਪਹਾੜੀ-ਬਰੂਹਾਂ ਵਿੱਚ ਸਤਲੁਜ ਦੇ ਮੈਦਾਨੀ ਕਿੱਤੇ ਦੇ ਪ੍ਰਵੇਸ਼ ਦੁਆਰ ਲਾਗੇ ਘਣੇ ਪਹਾੜੀ ਜੰਗਲ ਦੇ ਗੁਫਾ ਨੁਮਾ ਸਥਾਨ 'ਚ ਸੀ। ਸਮੇਂ ਦੀ ਮਾਰ ਅਤੇ ਅਜਿਹੇ ਸਥਾਨਾਂ ਪ੍ਰਤੀ ਮਨੁੱਖੀ ਉਦਾਸੀਨਤਾ ਤਹਿਤ ਹੁਣ ਸਭ ਕੁਝ ਢਹਿ-ਢੇਰੀ ਅਤੇ ਰੁੰਡ-ਮਰੁੰਡ ਹੋ ਚੁਕਾ ਹੈ। ਸਾਡੇ ਸਮਿਆਂ 'ਚ ਸੱਭਿਅਤਾਵਾਂ ਅਤੇ ਤਵਾਰੀਖੀ ਸਥਾਨਾਂ ਦੀ ਹੋਣੀ ਦਾ ਇੱਕ ਹੋਰ ਕਰੂਰ ਦਸਤੂਰ-ਸੰਤਾਪ ਹੈ, ਇਹ।

# ਧਰਤੀ ’ਤੇ ਜ਼ਹਿਰ ਘੋਲ ਰਹੇ ‘ਮਹੀਨ ਪਲਾਸਟਿਕ ਕਣ’

ਜਾਣਕਾਰੀ



**ਅਸ਼ਵਨੀ ਚਤਰਥ**
**ਫੋਨ:+91-6284220595**

ਇੱਕ ਕੌਮਾਂਤਰੀ ਪ੍ਰੋਗਰਾਮ ਵਿੱਚ ਬੋਲਦਿਆਂ ‘ਸੰਯੁਕਤ ਰਾਸ਼ਟਰ ਸੰਘ’ ਦੇ ਸਕੱਤਰ ਜਨਰਲ ਐਨਟੋਨੀਓ ਗੁਟਰੇਸ ਨੇ ਆਲਮੀ ਭਾਈਚਾਰੇ ਨੂੰ ਚੇਤੰਨ ਕਰਦਿਆਂ ਕਿਹਾ ਸੀ ਕਿ ਮਨੁੱਖ ਕੋਲ ਹਾਲੇ ਵੀ ਸਮਾਂ ਹੈ ਕਿ ਉਹ ਬਿਨਾ ਦੇਰ ਕੀਤਿਆਂ ਪਲਾਸਟਿਕ ਪਦਾਰਥਾਂ ਦੇ ਕੂੜੇ ਨੂੰ ਘੱਟ ਕਰੇ ਅਤੇ ਇਸ ਤੋਂ ਵਾਤਾਵਰਨ ਨੂੰ ਹੋਣ ਵਾਲੇ ਗੰਭੀਰ ਨੁਕਸਾਨ ਤੋਂ ਬਚਾਏ। ਉਨ੍ਹਾਂ ਅੱਗੇ ਕਿਹਾ ਸੀ ਕਿ ਜੇਕਰ ਕੁੰਭਕਰਨ ਦੀ ਨੀਂਦੇ ਸੁੱਤਾ ਮਨੁੱਖ ਹਾਲੇ ਵੀ ਨਾ ਜਾਗਿਆ ਤਾਂ ਚੌਗਿਰਦੇ ਨੂੰ ਹੋਣ ਵਾਲੇ ਨੁਕਸਾਨ ਨੂੰ ਮੁੜ ਸੁਧਾਰਨਾ ਮੁਸ਼ਕਲ ਹੀ ਨਹੀਂ, ਸਗੋਂ ਅਸੰਭਵ ਹੋਵੇਗਾ। ਜ਼ਿਕਰਯੋਗ ਹੈ ਕਿ ਸਮੁੱਚੀ ਦੁਨੀਆਂ ਉੱਤੇ ਹਰ ਸਾਲ 400 ਮਿਲੀਅਨ ਟਨ ਤੋਂ ਵੱਧ ਪਲਾਸਟਿਕ ਪੈਦਾ ਕੀਤਾ ਜਾਂਦਾ ਹੈ, ਜਿਸ ਵਿੱਚੋਂ ਇੱਕ ਤਿਹਾਈ ਹਿੱਸਾ ਤਾਂ ਸਿਰਫ਼ ਇੱਕ ਵਾਰ ਹੀ ਵਰਤਣਯੋਗ ਹੁੰਦਾ ਹੈ, ਜਿਸਦੇ ਸਿੱਟੇ ਵਜੋਂ ਹਰ ਸਾਲ ਪਲਾਸਟਿਕ ਕੂੜੇ ਦੇ 2000 ਦੇ ਕਰੀਬ ਟਰੱਕ ਵੱਖ-ਵੱਖ ਜਲ ਸਰੋਤਾਂ ਜਿਵੇਂ ਸਮੁੰਦਰਾਂ, ਦਰਿਆਵਾਂ, ਨਹਿਰਾਂ, ਛੱਪੜਾਂ ਅਤੇ ਤਲਾਬਾਂ ਵਿੱਚ ਸੁੱਟ ਦਿੱਤੇ ਜਾਂਦੇ ਹਨ। ਜਿਹੜੇ ਪਲਾਸਟਿਕ ਕੂੜੇ ਦੇ ਢੇਰ ਪਿੰਡਾਂ ਅਤੇ ਸ਼ਹਿਰਾਂ ਵਿੱਚ ਹਰ ਵੇਲੇ ਲੱਗੇ ਰਹਿੰਦੇ ਹਨ, ਉਹ ਉਕਤ ਕੂੜੇ ਤੋਂ ਵੱਖਰੇ ਹਨ। ਇਨ੍ਹਾਂ ਢੇਰਾਂ ਨੂੰ ਸਮਾਜ ਦੇ ਕੁਝ ਨਾਸਮਝ ਅਤੇ ਗੈਰ-ਜ਼ਿੰਮੇਵਾਰ ਲੋਕਾਂ ਵੱਲੋਂ ਅੱਗ ਲਗਾ ਕੇ ਤੇ ਜ਼ਹਿਰੀਲੀਆਂ ਗੈਸਾਂ ਛੱਡ ਕੇ ਹਵਾ ਨੂੰ ਗੰਧਲਾ ਕਰਨ ਦਾ ਕੰਮ ਕੀਤਾ ਜਾਂਦਾ ਹੈ, ਜੋ ਕਿ ਬੇਹੱਦ ਸ਼ਰਮਨਾਕ ਵਰਤਾਰਾ ਹੈ।

ਪਲਾਸਟਿਕ ਕੂੜੇ ਦਾ ਸਭ ਤੋਂ ਖ਼ਤਰਨਾਕ ਰੂਪ ਇਸ ਕੂੜੇ ਤੋਂ ਬਣਦੇ ਪਲਾਸਟਿਕ ਦੇ ਸੂਖਮ ਕਣ ਹਨ, ਜਿਨ੍ਹਾਂ ਨੂੰ ‘ਪਲਾਸਟਿਕ ਦੇ ਮਹੀਨ ਕਣ’ ਕਹਿੰਦੇ ਹਨ। ਇਹ ‘ਪਲਾਸਟਿਕ ਸੂਖਮ ਕਣ’ ਸਾਡੇ ਆਲੇ-ਦੁਆਲੇ ਭਾਵ ਸਾਡੀ ਮਿੱਟੀ, ਪਾਣੀ ਅਤੇ ਹਵਾ ਵਿੱਚ ਮੌਜੂਦ ਅਜਿਹੇ ਕਣ ਹਨ, ਜਿਨ੍ਹਾਂ ਦਾ ਆਕਾਰ 5 ਮਿਲੀਮੀਟਰ ਤੋਂ ਘੱਟ ਹੁੰਦਾ ਹੈ। ਮਨੁੱਖੀ ਕਿਰਿਆਵਾਂ ਨਾਲ ਇਨ੍ਹਾਂ ਕਣਾਂ ਦੀ ਮਾਤਰਾ ਵਿੱਚ ਹੋ ਰਹੇ ਲਗਾਤਾਰ ਵਾਧੇ ਤੋਂ ਸਮੂਹ ਸੰਸਾਰ ਦੇ ਵਿਗਿਆਨੀ ਬੇਹੱਦ ਚਿੰਤਿਤ ਹਨ ਅਤੇ ਉਨ੍ਹਾਂ ਦੀ ਚਿੰਤਾ ਜਾਇਜ਼ ਵੀ ਹੈ, ਕਿਉਂਕਿ ਇਹ ਸੂਖਮ ਕਣ ਮਨੁੱਖ ਤੋਂ ਇਲਾਵਾ ਬਾਕੀ ਜੀਵ-ਜੰਤੂਆਂ ਅਤੇ ਪੌਦਿਆਂ ਵਿੱਚ ਭਿਆਨਕ ਬਿਮਾਰੀਆਂ ਦਾ ਕਾਰਨ ਬਣ ਰਹੇ ਹਨ। ਇਨ੍ਹਾਂ ਕਣਾਂ ਦੇ ਪੈਦਾ ਹੋਣ ਦੇ ਕਾਰਨਾਂ ਦਾ ਪਤਾ ਲਗਾਉਣ ਤੋਂ ਜਾਹਰ ਹੋਇਆ ਹੈ ਕਿ ਧਰਤੀ ਦੇ ਸਮੂਹ ਜੀਵਾਂ ਲਈ ਘਾਤਕ ਇਹ ਕਣ ਟਾਇਰਾਂ ਦੇ ਰਗੜਨ, ਪਿੰਡਾਂ ਅਤੇ ਸ਼ਹਿਰਾਂ ਵਿੱਚ ਲੱਗੇ ਕੂੜੇ ਦੇ ਢੇਰਾਂ ਉੱਤੇ ਗਰਮੀ ਤੇ ਵਰਖਾ ਦੇ ਪ੍ਰਭਾਵ ਕਾਰਨ, ਪਲਾਸਟਿਕ ਦੇ ਲਿਫਾਫੇ ਤੇ ਬੋਤਲਾਂ ਦੇ ਟੁੱਟਣ-ਭੱਜਣ, ਸਿਗਰਟਾਂ ਦੇ ਫ਼ਿਲਟਰਾਂ, ਭੋਜਨ ਅਤੇ ਹੋਰ ਵਸਤਾਂ ਨੂੰ ਪੈਕਿੰਗ ਕਰਨ ਲਈ ਵਰਤਿਆ ਜਾਂਦਾ ਪਲਾਸਟਿਕ, ਕੂੜੇ ਦੇ ਢੇਰਾਂ ਤੋਂ ਉੱਡਦੀ ਧੂੜ, ਪਲਾਸਟਿਕ ਦੀਆਂ ਘਰੇਲੂ ਵਸਤਾਂ ਦੀ ਟੁੱਟ-ਭੱਜ ਅਤੇ ਪੋਲਿਸਟਰ ਦੇ ਕੱਪੜਿਆਂ ਤੋਂ ਪੈਦਾ ਹੁੰਦੇ ਹਨ। ਇਨ੍ਹਾਂ ‘ਜ਼ਹਿਰੀਲੇ ਪਲਾਸਟਿਕ ਕਣਾਂ’ ਦੀ ਸਭ ਤੋਂ ਮਾੜੀ ਗੱਲ ਇਹ ਹੈ ਕਿ ਇਹ ਹਜ਼ਾਰਾਂ ਸਾਲਾਂ ਬਾਅਦ ਵੀ ਖ਼ਤਮ ਨਹੀਂ ਹੁੰਦੇ ਹਨ- ਭਾਵ ਇਨ੍ਹਾਂ ਵੱਲੋਂ ਇੱਕ ਵਾਰ ਪੈਦਾ ਕੀਤਾ ਗਿਆ ਪ੍ਰਦੂਸ਼ਣ ਆਉਣ ਵਾਲੀਆਂ ਅਣਗਿਣਤ ਪੀੜ੍ਹੀਆਂ ਲਈ ਸਿਰਦਰਦ ਬਣਿਆ ਰਹੇਗਾ ਅਤੇ ਉਨ੍ਹਾਂ ਪੀੜ੍ਹੀਆਂ ਕੋਲ ਆਪਣੇ ਦਾਦੇ-ਪੜਦਾਦਿਆਂ ਨੂੰ ਕੋਸਣ ਤੋਂ ਇਲਾਵਾ ਕੋਈ ਹੋਰ ਚਾਰਾ ਨਹੀਂ ਹੋਵੇਗਾ।

ਪਾਣੀ ਦੇ ਵੱਖ-ਵੱਖ ਸ੍ਰੋਤਾਂ ਵਿੱਚੋਂ ਹੁੰਦਾ ਹੋਇਆ ਇਸ ਪਲਾਸਟਿਕ ਕੂੜੇ ਦਾ ਜ਼ਿਆਦਾਤਰ ਹਿੱਸਾ ਸਮੁੰਦਰਾਂ ਵਿੱਚ ਚਲਾ ਜਾਂਦਾ ਹੈ, ਜਿੱਥੋਂ ਦੇ ਸਮੁੰਦਰੀ ਜੀਵ ਇਸ ਨੂੰ ਖਾ ਜਾਂਦੇ ਹਨ। ਮਾਸਾਹਾਰੀ ਲੋਕ ਸਮੁੰਦਰੀ ਜੀਵਾਂ ਨੂੰ ਬੜੇ ਸ਼ੌਕ ਨਾਲ ਭੋਜਨ ਦੇ ਤੌਰ ‘ਤੇ ਖਾਂਦੇ ਹਨ। ਇਸ ਤਰ੍ਹਾਂ ਪਲਾਸਟਿਕ ਕੂੜਾ ਇਨ੍ਹਾਂ ਲੋਕਾਂ ਅੰਦਰ ਲਗਾਤਾਰ ਜਮ੍ਹਾਂ ਹੁੰਦਾ ਰਹਿੰਦਾ ਹੈ। ਜੋ ਲੋਕ ਸਮੁੰਦਰੀ ਭੋਜਨ ਨਹੀਂ ਵੀ ਖਾਂਦੇ ਹਨ, ਉਨ੍ਹਾਂ ਅੰਦਰ ਪਲਾਸਟਿਕ ਦੇ ਇਹ ਮਹੀਨ ਕਣ ਹਵਾ ਅਤੇ ਪਾਣੀ ਰਾਹੀਂ ਦਾਖ਼ਲ ਹੋ ਜਾਂਦੇ ਹਨ। ‘ਇਨਵਾਇਰਨਮੈਂਟਲ ਸਾਇੰਸ ਅਤੇ ਤਕਨਾਲੋਜੀ ਜਨਰਲ’ ਨਾਂ ਦੀ ਇੱਕ ਸੰਸਥਾ ਵੱਲੋਂ ਕਰਵਾਏ ਗਏ ਇੱਕ ਸਰਵੇ ਵਿੱਚ ਦੱਸਿਆ ਗਿਆ ਹੈ ਕਿ ਧਰਤੀ ਦਾ ਤਕਰੀਬਨ ਹਰ ਜੀਵ ਹਰ ਸਾਲ ਔਸਤਨ 52,000 ਦੇ ਕਰੀਬ ਇਨ੍ਹਾਂ ਕਣਾਂ ਨੂੰ ਆਪਣੇ ਅੰਦਰ ਬੇਧਿਆਨੇ ਹੀ ਨਿਗਲ ਜਾਂਦਾ ਹੈ।

ਪਲਾਸਟਿਕ ਕਣਾਂ ਦਾ ਜ਼ਹਿਰੀਲਾਪਣ ਇਨ੍ਹਾਂ ਪਦਾਰਥਾਂ ਵਿੱਚ ਮੌਜੂਦ ਭਿਆਨਕ ਕਿਸਮ ਦੇ ਰਸਾਇਣਾਂ ਕਾਰਨ ਹੁੰਦਾ ਹੈ। ਅਸਲ ਵਿੱਚ ਪਲਾਸਟਿਕ ਪਦਾਰਥਾਂ ਨੂੰ ਬਣਾਉਣ ਲਈ ਸੈਂਕੜੇ ਕਿਸਮ ਦੇ ਰਸਾਇਣਾਂ ਦੀ ਵਰਤੋਂ ਕੀਤੀ ਜਾਂਦੀ ਹੈ। ਅਜਿਹਾ ਕਰਨਾ ਇਨ੍ਹਾਂ ਵਿੱਚ ਲਚਕੀਲਾਪਣ ਅਤੇ ਮਜ਼ਬੂਤੀ ਜਿਹੇ ਗੁਣ ਪੈਦਾ ਕਰਨ ਲਈ ਜ਼ਰੂਰੀ ਹੁੰਦਾ ਹੈ। ਇਹੋ ਰਸਾਇਣ ਹੀ ਪਲਾਸਟਿਕ ਕਣਾਂ ਨੂੰ ਲੰਮੇ ਸਮੇਂ ਤੱਕ ਗੈਰ-ਵਿਘਟਣਸ਼ੀਲ ਬਣਾਉਂਦੇ ਹਨ ਅਤੇ ਪਲਾਸਟਿਕ ਵਿੱਚ ਜ਼ਹਿਰੀਲਾਪਣ ਵੀ ਇਹ ਰਸਾਇਣ ਹੀ ਪੈਦਾ ਕਰਦੇ ਹਨ।

ਹੁਣ ਸੁਆਲ ਹੈ ਕਿ ਪਲਾਸਟਿਕ ਦੇ ਇਹ ਮਹੀਨ ਕਣ ਇੰਨੇ ਬੁਰੇ ਕਿਉਂ ਸਮਝੇ ਜਾਂਦੇ ਹਨ? ਇਸਦੇ ਕਈ ਕਾਰਨ ਹਨ। ਇੱਕ ਕਾਰਨ ਇਹ ਹੈ ਕਿ ਧਰਤੀ ਦੇ ਅਨੇਕਾਂ ਜਲੀ ਅਤੇ ਥਲੀ ਜੀਵ ਇਨ੍ਹਾਂ ਨੂੰ ਆਪਣਾ ਭੋਜਨ ਸਮਝ ਕੇ ਅੰਦਰ ਨਿਗਲ ਜਾਂਦੇ ਹਨ, ਜਿਸ ਨਾਲ ਇਹ ਉਨ੍ਹਾਂ ਦੀ ਮੌਤ ਦਾ ਕਾਰਨ ਵੀ ਬਣ ਸਕਦੇ ਹਨ। ਮਨੁੱਖਾਂ ਨੂੰ ਵੀ ਇਨ੍ਹਾਂ ਕਣਾਂ ਨੇ ਅਨੇਕਾਂ ਤਰੀਕਿਆਂ ਨਾਲ ਨੁਕਸਾਨ ਪਹੁੰਚਾਇਆ ਹੈ। ਮਨੁੱਖੀ ਸਰੀਰ ਦੇ ਵੱਖ-ਵੱਖ ਅੰਗਾਂ ਉੱਤੇ ਕੀਤੇ ਗਏ ਅਧਿਐਨਾਂ ਤੋਂ ਪਤਾ ਲੱਗਾ ਹੈ ਕਿ ਪਲਾਸਟਿਕ ਦੇ ਇਹ ਮਹੀਨ ਤੇ ਜ਼ਹਿਰੀਲੇ ਕਣ ਮਨੁੱਖਾਂ ਦੀਆਂ ਅੰਤੜੀਆਂ, ਫੇਫੜਿਆਂ, ਗੁਰਦਿਆਂ, ਦਿਲ ਅਤੇ ਖ਼ੂਨ ਤੋਂ ਇਲਾਵਾ ਗਰਭਵਤੀਆਂ ਦੇ ਪੇਟ ਅੰਦਰ ਪਲ ਰਹੇ ਬੱਚਿਆਂ ਵਿੱਚ ਅਤੇ ਨਵਜਾਤ ਬੱਚਿਆਂ ਨੂੰ ਮਾਂ ਵੱਲੋਂ ਪਿਆਏ ਜਾਂਦੇ ਦੁੱਧ ਵਿੱਚ ਵੀ ਮੌਜੂਦ ਹੁੰਦੇ ਹਨ। ਸਰੀਰ ਅੰਦਰ ਇਨ੍ਹਾਂ ਦਾ ਹੋਣਾ ਇਸ ਲਈ ਖ਼ਤਰਨਾਕ ਹੁੰਦਾ ਹੈ, ਕਿਉਂਕਿ ਮਨੁੱਖ ਨੂੰ ਭਿਆਨਕ ਰੋਗਾਂ ਜਿਵੇਂ ਕੈਂਸਰ, ਸ਼ੂਗਰ, ਅੰਤੜੀਆਂ ਦੀ ਸੋਜ਼ਿਸ਼, ਦਿਲ ਦੀਆਂ ਬਿਮਾਰੀਆਂ, ਜੋੜਾਂ ਦੇ ਦਰਦ, ਜਿਗਰ ਅਤੇ ਗੁਰਦਿਆਂ ਦਾ ਖ਼ਰਾਬ ਹੋਣਾ, ਫ਼ੇਫੜਿਆਂ ਅੰਦਰ ਇਕੱਠੇ ਹੋ ਕੇ ਦਮਾ ਅਤੇ ਸਾਹ ਦੇ ਹੋਰ ਰੋਗਾਂ ਦਾ ਪੈਦਾ ਕਰਨਾ ਆਦਿ ਲਈ ਜ਼ਿੰਮੇਵਾਰ ਹਨ। ਇਨ੍ਹਾਂ ਨਾਲ ਸਰੀਰ ਦੀ ਰੋਗ ਰੋਕੂ ਸਮਰੱਥਾ ਵੀ ਘੱਟ ਜਾਂਦੀ ਹੈ, ਜਿਸ ਨਾਲ ਸਾਡਾ ਸਰੀਰ ਆਸਾਨੀ ਨਾਲ ਬਿਮਾਰੀਆਂ ਦਾ ਸ਼ਿਕਾਰ ਹੋ ਜਾਂਦਾ ਹੈ। ਇਸ ਤੋਂ ਇਲਾਵਾ ਇਹ ਕਣ ਅਜਿਹੀਆਂ ਅਨੇਕਾਂ ਬਿਮਾਰੀਆਂ ਲਈ ਜ਼ਿੰਮੇਵਾਰ ਹਨ, ਜਿਨ੍ਹਾਂ ਦਾ ਸਬੰਧ ਸਾਡੀ ਆਧੁਨਿਕ ਜੀਵਨ ਸ਼ੈਲੀ ਨਾਲ ਹੈ ਅਤੇ ਸੰਸਾਰ ਦੇ ਵੱਖ-ਵੱਖ ਭਾਗਾਂ ਵਿੱਚ ਚੱਲ ਰਹੀਆਂ ਖੋਜਾਂ ਹਾਲੇ ਹੋਰ ਇਹ ਦੱਸਣਗੀਆਂ ਕਿ ਮਨੁੱਖ ਵੱਲੋਂ ਆਪਣੀ ਜ਼ਿੰਦਗੀ ਨੂੰ ਸੁਖਾਲਾ ਬਣਾਉਣ ਲਈ ਤਿਆਰ ਕੀਤੇ ਗਏ ਇਸ ਪਲਾਸਟਿਕ ਨੇ ਸਾਨੂੰ ਕਿੰਨਾ ਕੁ ਸੁੱਖ ਦਿੱਤਾ ਜਾਂ ਫਿਰ ਕਿੰਨੀਆਂ ਪ੍ਰੇਸ਼ਾਨੀਆਂ ਸਾਡੇ ਗਲ਼ ਪਾਈਆਂ ਹਨ। ਸਿਹਤ ਸੇਵਾਵਾਂ ਨਾਲ ਜੁੜੇ ਮਾਹਿਰਾਂ ਵੱਲੋਂ ਤਾਂ ਬਾਂਝਪਣ ਅਤੇ ਨਾਮਰਦਗੀ ਜਿਹੇ ਭਿਆਨਕ ਰੋਗਾਂ ਲਈ ਵੀ ‘ਮਹੀਨ ਪਲਾਸਟਿਕ ਕਣਾਂ’ ਨੂੰ ਹੀ ਜ਼ਿੰਮੇਵਾਰ ਦੱਸਿਆ ਗਿਆ ਹੈ।



ਮਨੁੱਖੀ ਜੀਵਨ ਦਾ ਇੱਕ ਹੋਰ ਅਹਿਮ ਹਿੱਸਾ ਖੇਤੀਬਾੜੀ ਦਾ ਖੇਤਰ ਵੀ ਇਸ ਬਣਾਉਟੀ ਜ਼ਹਿਰ ਤੋਂ ਅਛੂਤਾ ਨਹੀਂ ਬਚਿਆ ਹੈ- ਭਾਵ ਜ਼ਰਖੇਜ਼ ਜ਼ਮੀਨ, ਬੀਜ, ਪਾਣੀ ਅਤੇ ਪੈਦਾ ਹੋਈਆਂ ਫਸਲਾਂ ਵੀ ‘ਪਲਾਸਟਿਕ ਰੂਪੀ ਜ਼ਹਿਰ’ ਦੇ ਚੱਕਰ ਵਿੱਚ ਫਸ ਚੁੱਕੀਆਂ ਹਨ। ਪਲਾਸਟਿਕ ਦਾ ਇੱਕ ਹੋਰ ਤੇ ਅਤਿ ਬਰੀਕ ਰੂਪ ਨੈਨੋਪਲਾਸਟਿਕ ਹੈ, ਜੋ ਹਵਾ, ਪਾਣੀ ਅਤੇ ਜ਼ਮੀਨ ਵਿੱਚੋਂ ਹੁੰਦਾ ਹੋਇਆ ਅਨਾਜ ਵਿੱਚ ਦਾਖ਼ਲ ਹੋ ਚੁੱਕਾ ਹੈ। ਇਸ ਲਈ ਜੋ ਵੀ ਅਨਾਜ ਅਸੀਂ ਖਾਂਦੇ ਹਾਂ, ਉਸ ਵਿੱਚ ਪਲਾਸਟਿਕ ਕਿਸੇ ਨਾ ਕਿਸੇ ਰੂਪ ਵਿੱਚ ਜ਼ਰੂਰ ਸ਼ਾਮਲ ਹੁੰਦਾ ਹੈ।

ਹੁਣ ਮੁੱਖ ਮੁੱਦਾ ਇਹ ਹੈ ਕਿ ਅਸੀਂ ਇਸ ਜ਼ਹਿਰ ਤੋਂ ਬਚ ਕਿਵੇਂ ਸਕਦੇ ਹਾਂ? ਉਸਦਾ ਜਵਾਬ ਇਹ ਹੈ ਕਿ ਹੁਣ ਤੱਕ ਜੋ ਪਲਾਸਟਿਕ ਸਾਡੇ ਸਮੁੱਚੇ ਵਾਤਾਵਰਨ ਵਿੱਚ ਦਾਖ਼ਲ ਹੋ ਚੁੱਕਾ ਹੈ, ਉਸ ਤੋਂ ਅਸੀਂ ਨਹੀਂ ਬਚ ਸਕਦੇ- ਭਾਵ ਉਹ ਕਿਸੇ ਨਾ ਕਿਸੇ ਰੂਪ ਵਿੱਚ ਸਾਡੇ ਅੰਦਰ ਆਏਗਾ ਹੀ ਆਏਗਾ। ਹਾਂ, ਅੱਗੋਂ ਜੇ ਅਸੀਂ ਇਸ ਜ਼ਹਿਰ ਤੋਂ ਬਚਣਾ ਚਾਹੁੰਦੇ ਹਾਂ ਤਾਂ ਸਾਨੂੰ ਪਲਾਸਟਿਕ ਦੇ ਲਿਫ਼ਾਫ਼ਿਆਂ, ਕੋਲਡ ਡ੍ਰਿੰਕਸ ਦੀਆਂ ਬੋਤਲਾਂ, ਡੱਬਾ ਬੰਦ ਭੋਜਨਾਂ, ਪਾਣੀ ਲਈ ਪਲਾਸਟਿਕ ਦੀਆਂ ਬੋਤਲਾਂ, ਪਲਾਸਟਿਕ ਦੇ ਗਿਲਾਸ, ਕੱਪ, ਮਿਠਿਆਈ ਦੇ ਡੱਬੇ, ਪਲਾਸਟਿਕ ਦੀਆਂ ਜੁੱਤੀਆਂ, ਪੋਲਿਸਟਰ ਦੇ ਕੱਪੜੇ, ਸਿਗਰਟਾਂ ਅਤੇ ਪਲਾਸਟਿਕ ਦੀਆਂ ਬੋਰੀਆਂ ਅਤੇ ਬਾਲਟੀਆਂ ਦੀ ਵਰਤੋਂ ਬੰਦ ਕਰਨੀ ਪਏਗੀ।

# ਘਾਹ ਫੁੱਲੇ ਤੇ ਮੀਂਹ ਭੁੱਲੇ



**ਸ਼ਬਦੋ ਵਣਜਾਰਿਓ**



**ਪਰਮਜੀਤ ਢੀਂਗਰਾ**
**ਫੋਨ:+91-9417358120**

ਕੁਦਰਤ ਨੇ ਸੁੰਦਰਤਾ ਲਈ ਮਨੁੱਖ ਨੂੰ ਨਾਯਾਬ ਤੋਹਫੇ ਦਿੱਤੇ ਹਨ, ਇਨ੍ਹਾਂ ਵਿੱਚੋਂ ਘਾਹ ਪ੍ਰਮੁੱਖ ਹੈ। ਲੋਕ ਹਰਿਆਵਲ ਦੇਖਣ ਲਈ ਕਸ਼ਮੀਰ, ਖਜਿਆਰ ਤੇ ਕਈ ਹੋਰ ਪਹਾੜਾਂ ‘ਤੇ ਜਾਂਦੇ ਹਨ। ਜਰਾ ਸੋਚ ਕੇ ਦੇਖੋ ਜੇ ਘਾਹ ਨਾ ਹੋਵੇ, ਤਾਂ ਸਾਰਾ ਆਲਾ-ਦੁਆਲਾ ਨੀਰਸ ਤੇ ਬੇਰੰਗ ਹੋ ਜਾਵੇਗਾ। ਜਿਵੇਂ ਪਾਣੀਆਂ ਦਾ ਰੰਗ ਨੀਲਾ ਹੈ, ਇਵੇਂ ਕੁਦਰਤ ਦਾ ਰੰਗ ਹਰਾ ਮੰਨਿਆ ਗਿਆ ਹੈ। ਪਸ਼ੂ ਆਹਾਰ ਦੇ ਰੂਪ ਵਿੱਚ ਘਾਹ ਦਾ ਖਾਸ ਮਹੱਤਵ ਹੈ। ਲੱਖਾਂ ਜਾਨਵਰ, ਪੰਛੀ, ਕੀਟ-ਪਤੰਗੇ ਕੁਦਰਤ ਦੇ ਇਸ ਅਨਮੋਲ ਤੋਹਫੇ ‘ਤੇ ਪਲਦੇ ਹਨ। ਕੁਦਰਤ ਦਾ ਸਾਰਾ ਲੈਂਡਸਕੇਪ ਇਸ ਘਾਹ ਕਰਕੇ ਹੀ ਖ਼ੂਬਸੂਰਤ ਨਜ਼ਰ ਆਉਂਦਾ ਹੈ। ਘਾਹ ਲਈ ਅੰਗਰੇਜ਼ੀ ਸ਼ਬਦ ‘Grass’ ਮਿਲਦਾ ਹੈ, ਜੋ ਮੂਲ ਰੂਪ ਵਿਚ ਪਰੋਟੋ ਇੰਡੋ-ਯੂਰਪੀ ਭਾਸ਼ਾ ਪਰਿਵਾਰ ਦੀ ਧਾਤੂ /ghre/ ਤੋਂ ਨਿਰਮਤ ਹੋਇਆ ਹੈ। ਇਸ ਧਾਤੂ ਵਿਚ ਵਧਣ ਦਾ ਭਾਵ ਹੈ। ਇਸੇ ਕਰਕੇ ਘਾਹ ਦੀਆਂ ਸਾਰੀਆਂ ਪ੍ਰਜਾਤੀਆਂ ਬੜੀ ਤੇਜ਼ੀ ਨਾਲ ਵਧਦੀਆਂ ਹਨ। ਇਹ ਕਿਸੇ ਵੀ ਤਰ੍ਹਾਂ ਦੀ ਜ਼ਮੀਨ ਵਿੱਚ ਵਧ ਫੁੱਲ ਸਕਣ ਵਾਲੀ ਬਨਸਪਤੀ ਵਜੋਂ ਜਾਣਿਆ ਜਾਂਦਾ ਹੈ।

ਅੰਗਰੇਜ਼ੀ ਵਿੱਚ ਇਸ ਧਾਤੂ ਤੋਂ ਗਰੋਅ (Grow) ਕਿਰਿਆ ਬਣੀ ਹੈ, ਜਿਸ ਵਿੱਚ ਵਧਣ ਦੇ ਅਰਥ ਪਏ ਹਨ। ਗ੍ਰੋਥ (Growth), ਗ੍ਰਾਸਕੋਰਟ (Grass court), ਗ੍ਰਾਸਰੂਟ (Grass root), ਗ੍ਰਾਸਹੂਪਰ (Grasshopper), ਘਾਹੀ (Grassy) ਵਰਗੇ ਸ਼ਬਦ ਇਸ ਤੋਂ ਬਣੇ ਹਨ। ਖੁਸ਼ਹਾਲੀ ਦੇ ਰੰਗ ਦੀ ਪਛਾਣ ਘਾਹ ਦੇ ਹਰੇਪਣ ਤੋਂ ਕੀਤੀ ਜਾਂਦੀ ਹੈ। ਇਸ ਰੰਗ ਨੂੰ ਵਿਕਾਸ ਤੇ ਉਨਤੀ ਦਾ ਪ੍ਰਤੀਕ ਮੰਨਿਆ ਜਾਂਦਾ ਹੈ। ਤਬੀਅਤ ਹਰੀ-ਭਰੀ ਹੋਣੀ ਇਸ ਦੀ ਗਵਾਹੀ ਹੈ। ਹਰੇ ਰੰਗ ਲਈ ਅੰਗਰੇਜ਼ੀ ਸ਼ਬਦ ‘Green’ ਮਿਲਦਾ ਹੈ। ਕੁਦਰਤ ਵਿੱਚ ਮਨੁੱਖ ਦਾ ਸਭ ਤੋਂ ਪਹਿਲਾ ਟਾਕਰਾ ਇਸੇ ਬਨਸਪਤੀ ਨਾਲ ਹੋਇਆ, ਜਦੋਂ ਅਜੇ ਉਹਨੇ ਫਸਲਾਂ ਉਗਾਉਣ ਦੇ ਤਰੀਕੇ ਨਹੀਂ ਸਨ ਲੱਭੇ। ਕੁਦਰਤ ਵਿੱਚ ਬਨਸਪਤੀ, ਪੌਦੇ, ਰੁੱਖ ਬੜੀ ਤੇਜ਼ੀ ਨਾਲ ਵਧਦੇ ਹਨ। ਇਸਨੂੰ ਕੁਦਰਤ ਦੀ ਸਮਰਿਧੀ ਜਾਂ ਖਜ਼ਾਨਾ ਕਿਹਾ ਜਾ ਸਕਦਾ ਹੈ। ਸਮਰਿਧੀ=ਸਮ+ਵ੍ਰਿਧੀ ਭਾਵ ਵਾਧਾ।

ਇੰਡੋ-ਇਰਾਨੀ ਪਰਿਵਾਰ ਵਿੱਚ ਘਾਹ ਦੇ ਮਿਲਦੇ-ਜੁਲਦੇ ਕਈ ਸ਼ਬਦ ਪ੍ਰਚਲਿਤ ਹਨ। ਭਾਰਤੀ ਭਾਸ਼ਾਵਾਂ ਵਿੱਚ ਘਾਹ ਬਣਿਆ ਹੈ ਸੰਸਕ੍ਰਿਤ ਦੀ ਧਾਤੂ /ਘਸ੍/ ਤੋਂ ਜਿਸਦਾ ਅਰਥ ਹੈ-ਖਾਣਾ, ਨਿਗਲਣਾ। ਖਾਸ ਗੱਲ ਇਹ ਹੈ ਕਿ ਭਰੋਪੀ ਧਾਤੂ /ghre/ ਦਾ ਵਾਧੇ ਜਾਂ ਵਿਕਾਸ ਵਾਲਾ ਭਾਵ ਇੰਡੋ-ਇਰਾਨੀ ਪਰਿਵਾਰ ਵਿੱਚ ਅਰਥ ਬਦਲ ਰਿਹਾ ਹੈ। /ghre/ ਨਾਲ ਮਿਲਦੀ ਜੁਲਦੀ ਸੰਸਕ੍ਰਿਤ ਦੀ ਧਾਤੂ /ਗ੍ਰਸ੍/ ਹੈ, ਜਿਸਦਾ ਅਰਥ ਹੈ- ਨਿਗਲਣਾ। ਘਸ੍ ਇਹਦਾ ਅਗਲਾ ਰੂਪ ਹੈ, ਜਿਸਦਾ ਅਰਥ ਖਾਣਾ, ਨਿਗਲਣਾ ਕੀਤਾ ਜਾਂਦਾ ਹੈ, ਜਿਸਤੋਂ ਬਣੇ ਘਾਹ ਸ਼ਬਦ ਦਾ ਅਰਥ ਹੈ- ਆਹਾਰ, ਚਾਰਾ, ਚਰਨਾ, ਨਿਗਲਣਾ ਆਦਿ। ਘਸ੍ ਜਾਂ ਗ੍ਰਸ੍ ਧਾਤੂ ਦੀ ਅਰਥਸੱਤਾ ਹੋ ਸਕਦੈ ਉਦੋਂ ਸਥਾਪਤ ਹੋਈ ਹੋਵੇ, ਜਦੋਂ ਪਸ਼ੂ ਪਾਲਕਾਂ ਨੇ ਲਗਾਤਾਰ ਵਧ ਰਹੇ ਘਾਹ-ਬੂਟ ਨੂੰ ਦੇਖਿਆ-ਪਰਖਿਆ ਤੇ ਆਹਾਰ ਦੇ ਰੂਪ ਵਿੱਚ ਲਿਆ ਹੋਵੇਗਾ। ਗ੍ਰਾਹੀ ਜਾਂ ਬੁਰਕੀ ਸ਼ਬਦ ਇਸੇ ਗ੍ਰਾਸ ਦੀ ਦੇਣ ਹੈ। ਪ੍ਰਾਕਿਰਤ, ਖਰੋਸ਼ਟੀ ਤੇ ਅਵੇਸਤਾ ਵਿੱਚ ਇਹਦੇ ਇਹੀ ਰੂਪ ਮਿਲਦੇ ਹਨ। ਆਰਮੀਨੀਆਈ ਵਿੱਚ ਇਹਦਾ /ਖਸ੍/ ਰੂਪ ਪ੍ਰਚਲਿਤ ਹੈ। ਇਸਤੋਂ ਇਲਾਵਾ ਗਾਸ, ਗਸ੍, ਗੱਸਾ ਵਰਗੇ ਰੂਪ ਵੀ ਮਿਲਦੇ ਹਨ। ਪੰਜਾਬੀ ਕੋਸ਼ਾਂ ਅਨੁਸਾਰ ਘਾਹ ਫਾਰਸੀ ਗਯਾਹ, ਕਾਹ, ਘਾਸ, ਕੱਖ, ਪੱਠਾ। ਘਾਹ ਕਰਨਾ-ਖੁਰਪੇ ਨਾਲ ਘਾਹ ਖੋਦਣਾ, ਘਾਹ ਦਾ ਘੋੜਾ-ਘਾਹੀ ਟਿੱਡਾ, ਘਾਹ ਪੱਠਾ, ਘਾਹ ਮਾਰਨਾ-ਘਾਹ ਖੋਦਣਾ, ਘਾਹੀ, ਘਾਹਣ (ਇਸਤਰੀ ਲਿੰਗ) ਇਸ ਨਾਲ ਜੁੜੇ ਸ਼ਬਦ ਹਨ। ਇਸ ਨਾਲ ਜੁੜੇ ਕਈ ਅਖਾਣ ਤੇ ਮੁਹਾਵਰੇ ਵੀ ਮਿਲਦੇ ਹਨ- ਘਾਹ ਖੋਦਣਾ-ਫਜ਼ੂਲ ਕੰਮ ਕਰਨਾ, ਘਾਹ ਫੁੱਲੇ ਤੇ ਮੀਂਹ ਭੁੱਲੇ, ਘਾਹ ਵੱਢਣਾ-ਕੰਮ ਖਰਾਬ ਕਰਨਾ ਜਾਂ ਫਾਹਿਆ ਵੱਢਣਾ, ਘਾਹੀਆਂ ਘਾਹ ਹੀ ਖੋਤਣਾ, ਘਾਹੀਆਂ ਦੇ ਘਰ ਘਾਹੀ ਆਏ, ਉਹ ਵੀ ਘਾਹ ਕਰੇਂਦੇ ਆਏ, ਘਾਹੀਆਂ ਦੇ ਪੁੱਤਾਂ ਨੇ ਘਾਹ ਹੀ ਖੋਤਨੇ ਨੇ।

ਨਵੇਂ ਮਹਾਨ ਕੋਸ਼ ਵਿੱਚ ਵੀ ਇਸਦੇ ਕਈ ਅਰਥ ਕੀਤੇ ਮਿਲਦੇ ਹਨ- ਘਾਸ, ਘਾਹ, ਤ੍ਰਿਣ, ਕੱਖ, ਜਾਨਵਰਾਂ ਦਾ ਆਹਾਰ, ਕੌਰ, ਗਰਾਹੀ, ਭੋਜਨ, ਘਰਸਣ, ਘਸਣ, ਰਗੜ ਆਦਿ ਨਾਲ ਪਿਆ ਨਿਸ਼ਾਨ, ਅੱਟਣ, ਚਾਰਾ, ਚਰਾਂਦ, ਚਰਾਗਾਹ, ਗੋਚਰ, ਗਊਆਂ ਆਦਿ। ਘਾਸੀ-ਘਾਸ ਰਗੜ, ਘਸਿਆਰਾ, ਘਾਹ ਖੋਦਣ ਵਾਲਾ- ‘ਜੇ ਰਾਜਿ ਬਹਾਲੇ ਤਾ ਹਰਿ ਗੁਲਾਮੁ, ਘਾਸੀ ਕਉ ਹਰਿਨਾਮੁ ਕਢਾਈ।’ ਪਰੰਪਰਾ, ਰੀਤ, ਲਹਿੰਦੀ ਘਾਸੀ-ਦਿਲ ’ਤੇ ਪਿਆ ਅਸਰ, ਘਾਸੁ ਸੰਸਕ੍ਰਿਤ-ਘਾਸਹ਼, ‘ਜਲਿ ਗਇਓ ਘਾਸੁ, ਰਲਿ ਗਇਓ ਮਾਟੀ।’ ‘ਕਬੀਰ ਹਾਡ ਜਰੇ ਜਿਉ ਲਾਕਰੀ, ਕੇਸ ਜਰੇ ਜਿਉ ਘਾਸੁ। ਆਜੁ ਕਲ੍ਹਿ ਭੁਇ ਲੇਟਣਾ, ਊਪਰਿ ਜਾਮੈ ਘਾਸੁ।’ ‘ਘਾਹ/ਘਾਹੁ-ਸੀਹਾ ਬਾਜਾ ਚਰਗਾ ਕੁਹੀਆ, ਏਨਾ ਖਵਾਲੇ ਘਾਹ।’ ‘ਨਦਰਿ ਉਪਠੀ ਜੇ ਕਰੇ, ਸੁਲਤਾਨਾ ਘਾਹੁ ਕਰਾਇਦਾ।’

ਘਾਹ ਉਗਾਉਣ ਲਈ ਮਨੁੱਖ ਨੂੰ ਮਿਹਨਤ ਨਹੀਂ ਕਰਨੀ ਪੈਂਦੀ, ਸ਼ਾਇਦ ਇਸੇ ਲਈ ਇਹਨੂੰ ਨਿਮਨ ਸ਼੍ਰੇਣੀ ਦਾ ਮੰਨਿਆ ਜਾਂਦਾ ਹੈ। ਘਾਹ ਵੱਢਣ ਵਾਲੇ ਨੂੰ ਘਸਿਆਰਾ ਕਿਹਾ ਜਾਂਦਾ ਹੈ। ਇਹ ਘਾਹ+ਕਾਰਕ: ਤੋਂ ਬਣਿਆ ਹੈ। ਘਸਿਆਰੇ ਦਾ ਕ੍ਰਮ ਹੈ- ਘਾਸਕਾਰਕ>ਘੱਸਆਰਕ> ਘਸਿਆਰਾ। ਦੁਨੀਆ ਭਰ ਵਿੱਚ ਅੱਜ ਘਾਹ ਦੀਆਂ ਹਜ਼ਾਰਾਂ ਕਿਸਮਾਂ ਹਨ। ਕਾਰਪੈਟ ਘਾਹ, ਦੱਬ, ਕੁਸ਼ਾ ਪ੍ਰਚਲਿਤ ਕਿਸਮਾਂ ਹਨ। ਹਿੰਦੂ ਅਨੁਸ਼ਠਾਨਾਂ ਵਿੱਚ ਦੂਬ, ਜਿਸਨੂੰ ਦੂਰਵਾ ਜਾਂ ਦਰਭ ਵੀ ਕਹਿੰਦੇ ਹਨ, ਦਾ ਖਾਸ ਮਹੱਤਵ ਹੈ। ਘਾਹ ਦੀਆਂ ਕਈ ਕਿਸਮਾਂ ਹਾਨੀਕਾਰਕ ਵੀ ਹੁੰਦੀਆਂ ਹਨ, ਜਿਵੇਂ ਖਤਪਤਵਾਰ, ਕਾਂਗਰਸ ਗਰਾਸ ਜੋ ਅਮਰੀਕਾ ਤੋਂ ਆਈ ਮੈਕਸੀਕਨ ਕਣਕ ਨਾਲ ਆਇਆ ਸੀ, ਅੱਜ ਸਮੱਸਿਆ ਬਣ ਗਿਆ ਹੈ। ਇਸਨੂੰ ਗਾਜਰ ਬੂਟੀ ਵੀ ਕਹਿੰਦੇ ਹਨ। ਦੱਬ ਦਾ ਵੀ ਵਿਸ਼ੇਸ਼ ਮਹੱਤਵ ਹੈ। ਦਭ/ਦਭੁ (ਪ੍ਰਾਕਿਰਤ, ਪਾਲੀ, ਅਪਭ੍ਰੰਸ਼ ਦਬ੍ਭ, ਸੰਸਕ੍ਰਿਤ ਦਰਭ੍) ਇੱਕ ਕਿਸਮ ਦਾ ਘਾਹ, ਕੁਸ਼ਾ- ‘ਫਰੀਦਾ ਥੀਉ ਪਵਾਹੀ ਦਭੁ।’ ਚੌੜੇ ਤੇ ਤਿੱਖੇ ਪੱਤਿਆਂ ਵਾਲਾ ਘਾਹ ਜੋ ਖਲੋਤੇ ਪਾਣੀਆਂ ਵਿਚ ਉੱਗ ਕੇ ਵਧਦਾ-ਫੁਲਦਾ ਹੈ। ਸੰਸਕ੍ਰਿਤ ਕੋਸ਼ ਅਨੁਸਾਰ- ਪਵਿੱਤਰ ਘਾਹ, ਜੋ ਪਾਠ ਪੂਜਾ ਸਮੇਂ ਵਰਤਿਆ ਜਾਂਦਾ ਹੈ। ਇਸ ਤਰ੍ਹਾਂ ਘਾਹ ਵਰਗੀ ਬਨਸਪਤੀ ਦਾ ਵੀ ਭਾਸ਼ਾ ਵਿੱਚ ਵਿਸ਼ੇਸ਼ ਮਹੱਤਵ ਹੈ।

### ਸ਼ੀਸ਼ੇ ਦੀ ਰੌਸ਼ਨੀ ਦਾ ਕਮਾਲ

# ਜਦੋਂ ਪੁਲਾੜ 'ਚ ਰਾਤਾਂ ਰੁਸ਼ਨਾਉਣ ਦਾ ਪ੍ਰਯੋਗ ਕੀਤਾ

**ਮਾਈਲਸ ਬਰਕ**

ਰੂਸ ਦੀ ਪੁਲਾੜ ਏਜੰਸੀ ਵੱਲੋਂ ਇੱਕ ਵਾਰ ਸੂਰਜ ਦੀਆਂ ਕਿਰਨਾਂ ਨੂੰ ਮੋੜ ਕੇ ਧਰਤੀ ਵੱਲ ਪ੍ਰਕਾਸ਼ਿਤ ਕਰਨ ਲਈ ਪ੍ਰੋਜੈਕਟ ਆਰੰਭਿਆ ਗਿਆ ਸੀ। ਇਸ ਮਿਸ਼ਨ ਨੂੰ ਰੂਸੀ ਪੁਲਾੜ ਏਜੰਸੀ ਰੋਸਕੋਸਮੋਸ ਨੇ ਤਿੰਨ ਦਹਾਕੇ ਪਹਿਲਾਂ ਸ਼ੁਰੂ ਕੀਤਾ ਸੀ। ਹਾਲਾਂਕਿ ਇਸ ਮਿਸ਼ਨ ਦਾ ਉਦੇਸ਼ ਦੁਨੀਆਂ ਨੂੰ ਡਰਾਉਣ ਜਾਂ ਠਾਠ ਜਮਾਉਣਾ ਨਹੀਂ ਸੀ। ਇਸ ਰਾਹੀਂ ਸਰਦੀਆਂ ਦੇ ਮੌਸਮ ਵਿੱਚ ਸਾਇਬੇਰੀਆ ਵਿੱਚ ਸ਼ਹਿਰਾਂ ਨੂੰ ਰੁਸ਼ਨਾਇਆ ਜਾਣਾ ਸੀ।


ਇਹ ਅੱਜ ਦੇ ਦਿਨ ਕੁਝ ਨਵਾਂ ਜਿਹਾ ਜਾਪ ਸਕਦਾ ਹੈ, ਪਰ ਧਰਤੀ ਦੀ ਸਤ੍ਹਾ 'ਤੇ ਰੌਸ਼ਨੀ ਨੂੰ ਪ੍ਰਕਾਸ਼ਿਤ ਜਾਂ ਪ੍ਰਤੀਬਿੰਬਤ ਕਰਨ ਲਈ ਪੁਲਾੜ ਵਿੱਚ ਸ਼ੀਸ਼ਿਆਂ ਦੀ ਵਰਤੋਂ ਕਰਨ ਦਾ ਵਿਚਾਰ ਵਿਸ਼ਵ ਯੁੱਧ ਦੇ ਨਾਜ਼ੀ ਵਿਗਿਆਨੀਆਂ ਨਾਲ ਜਾ ਜੁੜਦਾ ਹੈ। ਸਾਲ 1923 ਵਿੱਚ ਜਰਮਨ ਰਾਕੇਟ ਤਕਨੀਕ ਦੇ ਮੋਢੀ ਹਰਮਨ ਓਬਰਥ ਨੇ 'ਦ ਰਾਕੇਟ ਇਨ ਪਲੈਨੇਟਰੀ ਸਪੇਸ' ਵਿੱਚ ਰਾਕੇਟ ਸਥਾਪਿਤ ਕਰਨ ਪ੍ਰਸਤਾਵ ਰੱਖਿਆ ਸੀ; ਪਰ ਉਨ੍ਹਾਂ ਦੀ ਕਿਤਾਬ ਨੂੰ ਹਾਈਡਲਬਰਗ ਯੂਨੀਵਰਸਿਟੀ ਨੇ 'ਦੂਰ ਦੀ ਕੌਡੀ' ਕਹਿ ਕੇ ਰੱਦ ਕਰ ਦਿੱਤਾ ਸੀ। ਉਨ੍ਹਾਂ ਨੇ ਆਪਣੀ ਕਿਤਾਬ ਵਿੱਚ ਗਣਿਤਿਕ ਪਹਿਲੂਆਂ ਨਾਲ ਦਰਸਾਇਆ ਸੀ ਕਿ ਕਿਸੇ ਰਾਕੇਟ ਨੂੰ ਧਰਤੀ ਦੇ ਵਾਯੂਮੰਡਲ ਤੋਂ ਕਿਵੇਂ ਬਾਹਰ ਕੱਢਿਆ ਜਾ ਸਕਦਾ ਹੈ।

ਇਸ ਸਮੇਂ ਦੌਰਾਨ ਹੀ ਵਿਸ਼ਾਲ ਅਵਤਲ ਸ਼ੀਸ਼ਿਆਂ ਦਾ ਨੈਟਵਰਕ ਬਣਾਉਣ ਦਾ ਵਿਚਾਰ ਵੀ ਸਾਹਮਣੇ ਆਇਆ ਸੀ। ਇਸ ਨਾਲ ਧਰਤੀ 'ਤੇ ਕਿਸੇ ਖਾਸ ਜਗ੍ਹਾਂ 'ਤੇ ਸੂਰਜ ਦੀ ਰੌਸ਼ਨੀ ਨੂੰ ਪ੍ਰਕਾਸ਼ਿਤ ਕੀਤਾ ਜਾਣਾ ਸੀ। ਆਧੁਨਿਕ ਪੁਲਾੜ ਵਿਗਿਆਨ ਦੇ ਸੰਸਥਾਪਕਾਂ ਵਿੱਚੋਂ ਇੱਕ ਮੰਨੇ ਜਾਂਦੇ ਵਿਗਿਆਨੀ ਨੇ ਤਰਕ ਦਿੱਤਾ ਸੀ ਕਿ ਇਹ ਰੌਸ਼ਨੀ 1912 ਵਿੱਚ ਟਾਈਟੈਨਿਕ ਦੇ ਡੁੱਬਣ ਸਮੇਂ ਜਾਂ ਬਚੇ ਲੋਕਾਂ ਨੂੰ ਬਚਾਉਣ ਵਰਗੀਆਂ ਆਫ਼ਤਾਂ ਸਮੇਂ ਮਦਦਗਾਰ ਹੋ ਸਕਦੀ ਹੈ। ਉਨ੍ਹਾਂ ਨੇ ਕਿਹਾ ਸੀ ਕਿ ਪੁਲਾੜ ਦੇ ਸ਼ੀਸ਼ੇ ਨਾਲ ਬਰਫ਼ ਪਿੰਘਲਾ ਕੇ ਸਮੁੰਦਰੀ ਰਾਹਾਂ ਨੂੰ ਸਾਫ਼ ਕੀਤਾ ਜਾ ਸਕਦਾ ਹੈ ਅਤੇ ਧਰਤੀ ਦੇ ਮੌਸਮ ਦੇ ਪੈਟਰਨ ਨੂੰ ਵੀ ਬਦਲਿਆ ਜਾ ਸਕਦਾ ਹੈ।


ਇਸੇ ਪੁਲਾੜ ਸ਼ੀਸ਼ੇ ਲਈ ਜਰਮਨ ਵਿਗਿਆਨੀਆਂ ਨੇ ਦੂਜੇ ਵਿਸ਼ਵ ਯੁੱਧ ਦੌਰਾਨ ਦੁਬਾਰਾ ਚਾਰਾਜੋਈ ਸ਼ੁਰੂ ਕੀਤੀ। ਵਿਗਿਆਨੀਆਂ ਨੇ ਨਾਜ਼ੀ ਹਥਿਆਰ ਖੋਜ ਕੇਂਦਰ ਵਿਖੇ ਸੂਰਜੀ ਕੈਨਨ ਨਾਮਕ ਰੌਸ਼ਨੀ ਨੂੰ ਪ੍ਰਕਾਸ਼ਿਤ ਕਰਨ ਵਾਲੇ ਯੰਤਰ ਬਣਾਉਣ ਲਈ ਡਿਜ਼ਾਈਨ 'ਤੇ ਕੰਮ ਕੀਤਾ। ਮੈਗਜ਼ੀਨ 'ਦਿ ਟਾਈਮ' 1945 ਦੀ ਰਿਪੋਰਟ ਮੁਤਾਬਕ ਅਮਰੀਕਾ ਵੱਲੋਂ ਦੂਜੇ ਵਿਸ਼ਵ ਯੁੱਧ ਵਿੱਚ ਗ੍ਰਿਫਤਾਰ ਕੀਤੇ ਗਏ ਵਿਗਿਆਨੀਆਂ ਨੇ ਅਮਰੀਕੀ ਫੌਜ ਦੀ ਪੁੱਛਗਿੱਛ ਦੌਰਾਨ ਦੱਸਿਆ ਸੀ ਕਿ ਇਸ ਨੂੰ ਮਾਰੂ ਹਥਿਆਰ ਵਜੋਂ ਵਰਤਿਆ ਜਾਣਾ ਸੀ। ਇਸ ਨਾਲ ਸੂਰਜ ਦੀ ਰੌਸ਼ਨੀ ਨੂੰ ਸ਼ਹਿਰਾਂ ਵੱਲ ਕੇਂਦਰਤ ਕਰਕੇ ਤਪਸ਼ ਪੈਦਾ ਕਰਨਾ ਅਤੇ ਪਾਣੀ ਦੇ ਸਰੋਤਾਂ ਨੂੰ ਤਪਸ਼ ਨਾਲ ਉਬਾਲ ਕੇ ਖਤਮ ਕਰਨਾ ਸੀ। ਅਲਾਈਡ ਟੈਕਨੀਕਲ ਇੰਟੈਲੀਜੈਂਸ ਮੁਖੀ ਜੌਨ ਕੇਕ ਨੇ ਉਸ ਸਮੇਂ ਪੱਤਰਕਾਰਾਂ ਨੂੰ ਦੱਸਿਆ ਸੀ ਕਿ ਵਿਗਿਆਨੀਆਂ ਨੇ ਦਾਅਵਾ ਕੀਤਾ, ਸੂਰਜੀ ਕੈਨਨ 50 ਸਾਲਾਂ ਦੇ ਅੰਦਰ ਵਰਤੋਂ ਵਿੱਚ ਲਿਆਂਦਾ ਜਾ ਸਕਦਾ ਹੈ।

1970 ਦੇ ਦਹਾਕੇ ਵਿੱਚ ਇੱਕ ਹੋਰ ਜਰਮਨ ਰਾਕੇਟ ਇੰਜੀਨੀਅਰ ਕ੍ਰਾਫਟ ਏਹਰਿਕ ਨੇ ਇਸ 'ਤੇ ਦੁਬਾਰਾ ਕੰਮ ਸ਼ੁਰੂ ਕੀਤਾ। ਕ੍ਰਾਫਟ ਦੂਜੇ ਵਿਸ਼ਵ ਯੁੱਧ ਦੌਰਾਨ ਜਰਮਨ ਵੀ-2 ਰਾਕੇਟ ਟੀਮ ਦੇ ਮੈਂਬਰ ਰਹੇ ਸੀ। ਦੂਜੇ ਵਿਸ਼ਵ ਯੁੱਧ ਦੇ ਖਤਮ ਹੋਣ ਮਗਰੋਂ ਕ੍ਰਾਫਟ ਨੇ ਆਤਮ ਸਮਰਪਣ ਕਰ ਦਿੱਤਾ ਅਤੇ ਉਨ੍ਹਾਂ ਨੂੰ ਓਪਰੇਸ਼ਨ ਪੇਪਰਕਲਿੱਪ ਦਾ ਹਿੱਸਾ ਬਣਾਇਆ ਗਿਆ। ਅਮਰੀਕਾ ਦੇ ਇਸ ਪ੍ਰੋਜੈਕਟ ਅਧੀਨ 1,600 ਵਿਗਿਆਨੀਆਂ, ਇੰਜੀਨੀਅਰਾਂ ਤੇ ਟੈਕਨੀਸ਼ੀਅਨਾਂ ਨੂੰ ਸੁਰੱਖਿਅਤ ਰੱਖਿਆ ਗਿਆ ਅਤੇ ਅਮਰੀਕਾ ਵਿੱਚ ਆਪਣਾ ਕੰਮ ਜਾਰੀ ਰੱਖਣ ਦੀ ਇਜਾਜ਼ਤ ਦਿੱਤੀ ਗਈ।

ਕ੍ਰਾਫਟ ਪੁਲਾੜ ਪ੍ਰੋਗਰਾਮ ਦਾ ਹਿੱਸਾ ਸੀ ਅਤੇ ਇਸ ਪ੍ਰੋਗਰਾਮ ਅਧੀਨ ਪੁਲਾੜ ਸ਼ੀਸ਼ੇ ਦੇ ਕੰਮ ਨੂੰ ਅੱਗੇ ਵਧਾਉਣ ਵੱਲ ਕਦਮ ਵਧਾਏ ਗਏ। ਉਨ੍ਹਾਂ ਨੇ 1978 ਵਿੱਚ ਅਧਿਐਨ ਜਾਰੀ ਕੀਤਾ ਕਿ ਕਿਵੇਂ ਪੁਲਾੜ ਵਿੱਚ ਆਰਬਿਟ ਕਰਦੇ ਸ਼ੀਸ਼ੇ ਰਾਤਾਂ ਨੂੰ ਰੁਸ਼ਨਾ ਸਕਦੇ ਹਨ। ਇਹ ਕਿਸਾਨਾਂ ਨੂੰ 24 ਘੰਟੇ ਫਸਲ ਲਗਾਉਣ ਅਤੇ ਵਾਢੀ ਕਰਨ ਵਿੱਚ ਮਦਦ ਕਰਨਗੇ ਅਤੇ ਇਸ ਨਾਲ ਬਿਜਲੀ ਦੀ ਵਧੇਰੇ ਮੰਗ ਹੋਣ ਸਮੇਂ ਧਰਤੀ 'ਤੇ ਸੂਰਜੀ ਪੈਨਲ ਵੱਲ ਸ਼ੀਸ਼ਿਆਂ ਦਾ ਮੁੱਖ ਕੀਤਾ ਜਾ ਸਕਦਾ ਹੈ। ਉਨ੍ਹਾਂ ਇਸ ਨੂੰ ਪਾਵਰ ਸੋਲੇਟਾ ਦਾ ਨਾਮ ਦਿੱਤਾ, ਹਾਲਾਂਕਿ ਇਸ ਨੂੰ ਸਾਕਾਰ ਹੁੰਦੇ ਵੇਖੇ ਬਿਨਾਂ ਹੀ 1984 ਵਿੱਚ ਉਨ੍ਹਾਂ ਦੀ ਮੌਤ ਹੋ ਗਈ।







(ਖੱਬੇ) ਜਰਮਨ ਰਾਕੇਟ ਇੰਜੀਨੀਅਰ ਕ੍ਰਾਫਟ ਏਹਰਿਕ ਅਤੇ (ਸੱਜੇ) ਰੂਸੀ ਵਿਗਿਆਨੀ ਵਲਾਦੀਮੀਰ ਸਿਰੋਮੀਆਟਨੀਕੋਵ

1980 ਦੇ ਦਹਾਕੇ ਦੌਰਾਨ ਨਾਸਾ ਨੇ ਸੋਲੇਰਸ ਨਾਮਕ ਮਿਸ਼ਨ ਵਿੱਚ ਸ਼ੀਸ਼ਿਆਂ ਦੇ ਨਾਲ ਬਿਜਲੀ ਪੈਦਾ ਕਰਨ ਦੀ ਸੰਭਾਵਨਾ ਦਾ ਕਈ ਵਾਰ ਅਧਿਐਨ ਕੀਤਾ; ਪਰ ਸਰਕਾਰ ਦੀ ਦਿਲਚਸਪੀ ਹੋਣ ਦੇ ਬਾਵਜੂਦ ਪ੍ਰੋਜੈਕਟ ਨੂੰ ਲੋੜ ਮੁਤਾਬਕ ਫੰਡ ਹਾਸਲ ਨਹੀਂ ਹੋਏ। ਹਾਲਾਂਕਿ ਰੂਸ ਨੇ ਇਸ ਨੂੰ ਅੱਗੇ ਵਧਾਉਣ ਵੱਲ ਵੱਡਾ ਕਦਮ ਉਠਾਇਆ।

ਸਪੇਸ ਇੰਜੀਨੀਅਰਿੰਗ ਦੇ ਮੋਢੀ, ਰੂਸੀ ਵਿਗਿਆਨੀ ਵਲਾਦੀਮੀਰ ਸਿਰੋਮੀਆਟਨੀਕੋਵ ਜਾਂਚ ਰਹੇ ਸਨ ਕਿ ਕਿਵੇਂ ਵੱਡੇ ਰਿਫਲੈਕਟਿਵ ਸ਼ੀਸ਼ਿਆਂ ਨੂੰ ਪੁਲਾੜ ਰਾਕੇਟਾਂ ਨਾਲ ਜੋੜਿਆ ਜਾ ਸਕਦਾ ਹੈ। ਉਨ੍ਹਾਂ ਮੁਤਾਬਕ ਸੂਰਜ ਨੂੰ ਪੁਲਾੜ ਸ਼ੀਸ਼ੇ ਵਰਤ ਸਕਦੇ ਹਨ, ਜਿਵੇਂ ਜਹਾਜ਼ਾਂ ਦੇ ਪਾਲ ਹਵਾ ਦੀ ਵਰਤੋਂ ਕਰਦੇ ਹਨ। ਹਾਲਾਂਕਿ ਸੋਵੀਅਤ ਸੰਘ ਦੇ ਟੁੱਟਣ ਦੇ ਬਾਅਦ ਰੂਸ ਵਿੱਚ ਅਜਿਹੇ ਪੁਲਾੜ ਪ੍ਰੋਜੈਕਟਾਂ ਲਈ ਫੰਡ ਹਾਸਲ ਕਰਨਾ ਮੁਸ਼ਕਲ ਸੀ, ਜਦੋਂ ਤੱਕ ਪ੍ਰੋਜੈਕਟਾਂ ਨੂੰ ਵਿੱਤੀ ਤੌਰ 'ਤੇ ਸਫਲ ਨਹੀਂ ਮੰਨਿਆ ਜਾਂਦਾ ਸੀ। ਇਸ ਲਈ ਵਲਾਦੀਮੀਰ ਨੇ ਇਸ ਵਿਚਾਰ ਨੂੰ ਨਵੀਂ ਦਿਸ਼ਾ ਦੇਣ ਦਾ ਸੋਚਿਆ। ਉਨ੍ਹਾਂ ਦੇ ਵਿਚਾਰ ਅਨੁਸਾਰ ਪੁਲਾੜ ਸ਼ੀਸ਼ੇ ਦੀ ਵਰਤੋਂ ਰੂਸ ਧਰੁਵੀ ਖੇਤਰਾਂ 'ਤੇ ਰੌਸ਼ਨੀ ਪਾਉਣ ਲਈ ਕਰ ਸਕਦਾ ਹੈ, ਜਿਨ੍ਹਾਂ ਖੇਤਰਾਂ ਵਿੱਚ ਸਰਦੀਆਂ ਵਿੱਚ ਦਿਨ ਛੋਟੇ ਹੁੰਦੇ ਹਨ ਅਤੇ ਬਹੁਤਾ ਸਮਾਂ ਹਨੇਰਾ ਰਹਿੰਦਾ ਹੈ। ਇਹ ਪੁਲਾੜ ਸ਼ੀਸ਼ੇ ਵਾਲੀ ਵਾਧੂ ਸੂਰਜ ਦੀ ਰੌਸ਼ਨੀ ਧਰਤੀ 'ਤੇ ਦਿਨ ਨੂੰ ਲੰਮਾ ਕਰੇਗੀ ਅਤੇ ਖੇਤੀਬਾੜੀ ਜ਼ਮੀਨ ਦੇ ਉਤਪਾਦਨ ਨੂੰ ਵਧਾਉਣ ਵਿੱਚ ਮਦਦ ਕਰੇਗੀ। ਉਨ੍ਹਾਂ ਦੀ ਸੋਚ ਸੀ ਕਿ ਵਾਧੂ ਸੂਰਜ ਦੀ ਰੌਸ਼ਨੀ ਬਿਜਲੀ ਦੀ ਰੌਸ਼ਨੀ ਦੀ ਲਾਗਤ ਨੂੰ ਘਟਾ ਸਕਦੀ ਹੈ।

ਇਸ ਨੂੰ ਸਰਕਾਰ ਦਾ ਵੀ ਸਮਰਥਨ ਮਿਲਿਆ। ਸਪੇਸ ਰੇਗਾਟਾ ਕੰਸੋਰਟੀਅਮ ਤੋਂ ਫੰਡਿੰਗ ਅਤੇ ਰੂਸੀ ਪੁਲਾੜ ਏਜੰਸੀ ਰੋਸਕੋਸਮੋਸ ਦੀ ਨਿਗਰਾਨੀ ਹੇਠ ਰੂਸੀ ਕੰਪਨੀਆਂ ਦੇ ਸਮੂਹ ਨੇ ਪੁਲਾੜ ਸ਼ੀਸ਼ੇ ਨੂੰ ਅਸਲੀਅਤ ਵਿੱਚ ਲਿਆਉਣ ਲਈ ਕੰਮ ਸ਼ੁਰੂ ਕੀਤਾ। ਪਹਿਲੇ ਪ੍ਰੋਟੋਟਾਈਪ ਵਜੋਂ ਜ਼ਨਾਮਿਆ 1 ਵਿਕਸਿਤ ਕੀਤਾ ਗਿਆ। ਇਸ ਨੂੰ ਪੁਲਾੜ ਵਿੱਚ ਨਾ ਭੇਜ ਕੇ ਧਰਤੀ 'ਤੇ ਹੀ ਪ੍ਰੀਖਣ ਕੀਤੇ ਗਏ ਸਨ। ਹਾਲਾਂਕਿ ਜ਼ਨਾਮਿਆ 2 ਨੂੰ ਔਰਬਿਟ ਵਿੱਚ ਲਾਂਚ ਕੀਤਾ ਜਾਣਾ ਸੀ। ਇਸਦਾ ਸ਼ੀਸ਼ਾ ਐਲੂਮੀਨਾਈਜ਼ਡ ਮਾਈਲਰ ਤੋਂ ਬਣਿਆ ਸੀ। ਇੱਕ ਹਲਕਾ ਅਤੇ ਬਹੁਤ ਜ਼ਿਆਦਾ ਪ੍ਰਤੀਬਿੰਬਤ, ਇਸ ਸਖਤ ਸ਼ੀਸ਼ੇ ਨੂੰ ਪੁਲਾੜ ਵਿੱਚ ਸੁਰੱਖਿਅਤ ਰਹਿਣ ਲਈ ਕਾਫ਼ੀ ਟਿਕਾਊ ਮੰਨਿਆ ਜਾਂਦਾ ਸੀ।

ਰੂਸੀ ਇੰਜੀਨੀਅਰ ਅਧਿਐਨ ਕਰ ਰਹੇ ਸਨ ਕਿ ਪੁਲਾੜ ਵਿੱਚ ਸਰਗਰਮ ਹੋਣ 'ਤੇ ਰਿਫਲੈਕਟਿਵ ਸ਼ੀਸ਼ੇ ਕਿਵੇਂ ਵਿਹਾਰ ਕਰਨਗੇ। ਅਖੀਰੀ ਪੜਾਅ ਵਿੱਚ ਪੁਲਾੜ ਵਿੱਚ ਵਿਸ਼ਾਲ ਸ਼ੀਸ਼ਿਆਂ ਵਿੱਚੋਂ 36 ਤੱਕ ਦਾ ਨੈੱਟਵਰਕ ਬਣਾਉਣਾ ਸੀ, ਜਿਸ ਨਾਲ ਧਰਤੀ 'ਤੇ ਇੱਕੋ ਬਿੰਦੂ 'ਤੇ ਰੌਸ਼ਨੀ ਪ੍ਰਕਾਸ਼ਿਤ ਕੀਤੀ ਜਾ ਸਕੇ। ਇੱਕ ਸਿੰਗਲ ਰਿਫਲੈਕਟਰ ਦੀ ਵਰਤੋਂ ਕਿਸੇ ਖਾਸ ਖੇਤਰ ਨੂੰ ਰੌਸ਼ਨ ਕਰਨ ਲਈ ਕੀਤੀ ਜਾ ਸਕਦੀ ਸੀ ਜਾਂ ਇੱਕ ਵੱਡੇ ਖੇਤਰ ਨੂੰ ਰੌਸ਼ਨ ਕਰਨ ਲਈ ਕਈ ਰਿਫਲੈਕਟਰਾਂ ਦੀ ਵਰਤੋਂ ਕੀਤੀ ਜਾ ਸਕਦੀ ਸੀ। ਇਹ ਅੰਦਾਜ਼ਾ ਲਾਇਆ ਗਿਆ ਸੀ ਕਿ ਪੁਲਾੜ ਸ਼ੀਸ਼ਿਆਂ ਦਾ ਸੰਯੁਕਤ ਨੈੱਟਵਰਕ ਚੰਦਰਮਾ ਨਾਲੋਂ 50 ਗੁਣਾ ਜ਼ਿਆਦਾ ਚਮਕਦਾਰ ਰੌਸ਼ਨੀ ਪੈਦਾ ਕਰ ਸਕਦਾ ਹੈ ਅਤੇ 90 ਕਿਲੋਮੀਟਰ ਚੌੜੇ ਖੇਤਰ ਨੂੰ ਰੌਸ਼ਨ ਕਰ ਸਕਦਾ ਹੈ।

27 ਅਕਤੂਬਰ 1992 ਨੂੰ ਪ੍ਰੋਜੈਕਟ ਤਿਆਰ ਹੋ ਗਿਆ ਅਤੇ ਐਮ-15 ਪੁਲਾੜ ਰਾਕੇਟ ਰਾਹੀਂ ਕਜ਼ਾਕਿਸਤਾਨ ਦੇ ਪੁਲਾੜ ਸਟੇਸ਼ਨ ਤੋਂ ਆਪਣੇ ਸਫ਼ਰ ਲਈ ਤਿਆਰ ਸੀ। 4 ਫਰਵਰੀ 1993 ਨੂੰ ਰਿਫਲੈਕਟਰਾਂ ਨੂੰ ਖੋਲ੍ਹਿਆ ਗਿਆ ਅਤੇ ਉਨ੍ਹਾਂ ਘੁੰਮਣਾ ਸ਼ੁਰੂ ਕਰ ਦਿੱਤਾ, ਸ਼ੀਸ਼ੇ ਨੂੰ ਇੱਕ ਵਿਸ਼ਾਲ ਪੱਖੇ ਵਾਂਗ ਖੋਲ੍ਹਿਆ ਜਿਸਨੇ ਸੂਰਜ ਦੀਆਂ ਕਿਰਨਾਂ ਨੂੰ ਧਰਤੀ 'ਤੇ ਵਾਪਸ ਭੇਜਣਾ ਸ਼ੁਰੂ ਕਰ ਦਿੱਤਾ। ਕਾਸ਼ਿਤ ਰੌਸ਼ਨੀ ਦੀ ਚਮਕ ਲਗਭਗ ਪੂਰੇ ਚੰਦ ਦੇ ਬਰਾਬਰ ਸੀ ਅਤੇ ਇਸਨੇ ਧਰਤੀ ਉੱਤੇ ਲਗਭਗ 5 ਕਿਲੋਮੀਟਰ ਚੌੜੀ ਰੌਸ਼ਨੀ ਬਣਾਈ। ਕੋਈ 8 ਕਿਲੋਮੀਟਰ ਪ੍ਰਤੀ ਸਕਿੰਟ ਦੀ ਰਫ਼ਤਾਰ ਨਾਲ ਆਰਬਿਟ ਵਿੱਚ ਘੁੰਮਦਿਆਂ ਰੌਸ਼ਨੀ ਦਾ ਸਥਾਨ ਦੱਖਣੀ ਫਰਾਂਸ ਤੋਂ ਸਵਿਟਜ਼ਰਲੈਂਡ, ਜਰਮਨੀ ਅਤੇ ਪੋਲੈਂਡ ਤੋਂ ਹੁੰਦੇ ਹੋਏ ਪੱਛਮੀ ਰੂਸ ਤੱਕ ਫੈਲਿਆ ਹੋਇਆ ਸੀ। ਉਸ ਦਿਨ ਮਹਾਂਦੀਪ ਦਾ ਬਹੁਤ ਸਾਰਾ ਹਿੱਸਾ ਬੱਦਲਾਂ ਨਾਲ ਢੱਕਿਆ ਹੋਇਆ ਸੀ, ਇਸ ਦੇ ਬਾਵਜੂਦ ਜ਼ਮੀਨ 'ਤੇ ਕੁਝ ਲੋਕਾਂ ਨੇ ਫਲੈਸ਼ ਜਿਹੀ ਰੌਸ਼ਨੀ ਨੂੰ ਮਹਿਸੂਸ ਕੀਤਾ। ਕੁਝ ਘੰਟਿਆਂ ਬਾਅਦ ਹੀ ਪੁਲਾੜ ਸ਼ੀਸ਼ਾ ਆਪਣਾ ਔਰਬਿਟ ਛੱਡਦਿਆਂ ਕੈਨੇਡਾ ਦੇ ਉੱਪਰ ਵਾਯੂਮੰਡਲ ਵਿੱਚ ਦੁਬਾਰਾ ਦਾਖਲ ਹੁੰਦੇ ਹੀ ਤਬਾਹ ਹੋ ਗਿਆ।

ਇਸ ਮਿਸ਼ਨ ਨੂੰ ਰੂਸ ਵਿੱਚ ਤਕਨੀਕੀ ਸਫਲਤਾ ਵਜੋਂ ਦੇਖਿਆ ਗਿਆ, ਪਰ ਇਸ ਪ੍ਰੋਜੈਕਟ ਵਿੱਚ ਕੁਝ ਮਹੱਤਵਪੂਰਨ ਚੁਣੌਤੀਆਂ ਵੀ ਸਨ। ਪ੍ਰਕਾਸ਼ਿਤ ਰੌਸ਼ਨੀ ਉਮੀਦ ਨਾਲੋਂ ਬਹੁਤ ਕਮਜ਼ੋਰ ਸੀ ਅਤੇ ਧਰਤੀ ਦੇ ਇੱਕ ਵੱਡੇ ਖੇਤਰ ਲਈ ਵਿਹਾਰਕ ਰੌਸ਼ਨੀ ਪ੍ਰਦਾਨ ਕਰਨ ਵਿੱਚ ਅਸਫਲ ਸੀ। ਔਰਬਿਟ ਵਿੱਚ ਜ਼ਨਾਮਿਆ 2 ਦੀ ਸਥਿਰਤਾ ਬਣਾਈ ਰੱਖਣਾ ਵੀ ਮੁਸ਼ਕਲ ਸੀ; ਪਰ ਮਿਸ਼ਨ ਨੇ ਉਤਸ਼ਾਹਜਨਕ ਨਤੀਜੇ ਦਰਸਾਏ ਸਨ। ਇਸ ਮਗਰੋਂ ਜ਼ਨਾਮਿਆ 2.5 ਮਿਸ਼ਨ ਦੀ ਸ਼ੁਰੂਆਤ ਹੋਈ। ਇਸ ਵਾਰ ਸ਼ੀਸ਼ਾ 25 ਮੀਟਰ ਦਾ ਹੋਣਾ ਸੀ ਅਤੇ ਇਸ ਦੀ ਰੌਸ਼ਨੀ ਚੰਨ ਦੇ ਮੁਕਾਬਲੇ ਪੰਜ ਤੋਂ ਦਸ ਗੁਣਾ ਹੋਣੀ ਸੀ ਅਤੇ 8 ਕਿਲੋਮੀਟਰ ਚੌੜੇ ਖੇਤਰ ਨੂੰ ਕਵਰ ਕਰਨ ਦਾ ਟਿੱਚਾ ਰੱਖਿਆ ਗਿਆ ਸੀ। ਵੱਡਾ ਕੰਮ ਪ੍ਰਕਾਸ਼ਿਤ ਕਿਰਨਾਂ ਦੀ ਦਿਸ਼ਾ ਨੂੰ ਕਾਬੂ ਹੇਠ ਰੱਖਣਾ ਸੀ ਤਾਂ ਜੋ ਧਰਤੀ ਦੇ ਇੱਕ ਬਿੰਦੂ 'ਤੇ ਸਥਿਰ ਸਮੇਂ ਲਈ ਰੌਸ਼ਨੀ ਦਿੱਤੀ ਜਾ ਸਕੇ।

ਦੋ ਉੱਤਰੀ ਅਮਰੀਕੀ ਸ਼ਹਿਰਾਂ ਨੂੰ 24 ਘੰਟੇ ਦੇ ਪ੍ਰੀਖਣ ਲਈ ਸ਼ੀਸ਼ੇ ਦੀ ਕਿਰਨ ਦੁਆਰਾ ਰੁਸ਼ਨਾਉਣ ਲਈ ਚੁਣਿਆ ਗਿਆ ਸੀ। ਰਾਕੇਟ ਲਾਂਚਿੰਗ ਅਕਤੂਬਰ 1998 ਲਈ ਤੈਅ ਕੀਤੀ ਗਈ; ਪਰ ਜ਼ਨਾਮਿਆ 2.5 ਦੇ ਉਡਾਣ ਭਰਨ ਤੋਂ ਪਹਿਲਾਂ ਹੀ ਰੂਸੀ ਪੁਲਾੜ ਅਧਿਕਾਰੀਆਂ ਨੂੰ ਰੋਸ ਦਾ ਸਾਹਮਣਾ ਕਰਨਾ ਪਿਆ। ਖਗੋਲ ਵਿਗਿਆਨੀਆਂ ਨੇ ਕਿਹਾ ਸੀ ਕਿ ਪੁਲਾੜ ਵਿੱਚ ਜ਼ਿਆਦਾ ਸ਼ੀਸ਼ਿਆਂ ਨਾਲ ਰਾਤ ਦੇ ਸਮੇਂ ਰੌਸ਼ਨੀ ਨਾਲ ਪ੍ਰਦੂਸ਼ਣ ਫੈਲੇਗਾ। ਉਨ੍ਹਾਂ ਦੀਆਂ ਦੂਰਬੀਨਾਂ ਨੂੰ ਰੌਸ਼ਨੀ ਦੀ ਦਿੱਕਤ ਪੈਦਾ ਕਰੇਗੀ ਅਤੇ ਤਾਰਿਆਂ ਦੇ ਦ੍ਰਿਸ਼ ਨੂੰ ਧੁੰਦਲਾ ਕਰੇਗੀ। ਵਾਤਾਵਰਣ ਵਿਗਿਆਨੀਆਂ ਨੇ ਇਹ ਵੀ ਚਿੰਤਾ ਪ੍ਰਗਟ ਕੀਤੀ ਕਿ ਇਹ ਰੌਸ਼ਨੀ ਜਾਨਵਰਾਂ ਤੇ ਪੌਦਿਆਂ ਲਈ ਉਲਝਣ ਪੈਦਾ ਕਰ ਸਕਦੀ ਹੈ ਅਤੇ ਜੰਗਲੀ ਜੀਵਾਂ ਦੇ ਕੁਦਰਤੀ ਚੱਕਰ ਨੂੰ ਵਿਗਾੜ ਸਕਦੀ ਹੈ। ਇਨ੍ਹਾਂ ਸ਼ੰਕਿਆਂ ਦੇ ਬਾਵਜੂਦ ਜ਼ਨਾਮਿਆ ਪ੍ਰੋਜੈਕਟ ਦੇ ਸੰਭਾਵੀ ਪ੍ਰਭਾਵਾਂ ਨੇ ਦੁਨੀਆ ਭਰ ਵਿੱਚ ਕਾਫ਼ੀ ਧਿਆਨ ਅਤੇ ਉਤਸ਼ਾਹ ਪੈਦਾ ਕੀਤਾ ਸੀ।

ਇਸ ਤਰ੍ਹਾਂ ਜ਼ਨਾਮਿਆ 2.5 ਦੀ ਸ਼ੁਰੂਆਤ ਯੋਜਨਾ ਅਨੁਸਾਰ ਅੱਗੇ ਵਧੀ ਅਤੇ ਮਾਸਕੋ ਵਿੱਚ ਮਿਸ਼ਨ ਕੰਟਰੋਲ ਸੈਂਟਰ ਦੀ ਨਿਗਰਾਨੀ ਹੇਠ ਸਭ ਤੋਂ ਵੱਡਾ ਪੁਲਾੜ ਸ਼ੀਸ਼ਾ 5 ਫਰਵਰੀ 1999 ਨੂੰ ਪੁਲਾੜ ਵਿੱਚ ਤਾਇਨਾਤ ਹੋਣ ਲਈ ਤਿਆਰ ਸੀ। ਪਹਿਲਾਂ ਸਭ ਕੁਝ ਯੋਜਨਾ ਅਨੁਸਾਰ ਹੋਇਆ। ਇਹ ਆਸਾਨੀ ਨਾਲ ਸਪੇਸ ਸਟੇਸ਼ਨ ਤੋਂ ਦੂਰ ਚਲਾ ਗਿਆ ਅਤੇ ਫਿਰ ਐਲੂਮੀਨੀਅਮ ਸ਼ੀਸ਼ਿਆਂ ਨੂੰ ਤਾਇਨਾਤ ਕਰਨ ਲਈ ਘੁੰਮਣਾ ਸ਼ੁਰੂ ਕਰ ਦਿੱਤਾ। ਬਦਕਿਸਮਤੀ ਨਾਲ ਉਸੇ ਸਮੇਂ ਗਲਤੀ ਨਾਲ ਇੱਕ ਵਾਧੂ ਕਮਾਂਡ ਚੱਲੀ ਗਈ। ਇਸ ਦੇ ਚੱਲਦਿਆਂ ਸੰਚਾਰ ਲਈ ਵਰਤੇ ਜਾਣ ਵਾਲੇ ਐਂਟੀਨਾ ਨੂੰ ਤਾਇਨਾਤ ਹੋਣ ਦੀ ਕਮਾਂਡ ਮਿਲੀ। ਜਦੋਂ ਐਂਟੀਨਾ ਖੁੱਲ੍ਹੇ ਤਾਂ ਜ਼ਨਾਮਿਆ 2.5 ਦੀਆਂ ਪਤਲੇ ਰਿਫਲੈਕਟਿਵ ਸ਼ੀਸ਼ੇ ਐਂਟੀਨਾ 'ਤੇ ਫਸ ਗਏ।

ਮਾਸਕੋ ਵਿੱਚ ਮਿਸ਼ਨ ਕੰਟਰੋਲ 'ਚ ਨਿਰਾਸ਼ਾ ਫੈਲ ਗਈ; ਕਿਉਂਕਿ ਐਂਟੀਨਾ ਵਿੱਚ ਉਲਝੇ ਹੋਏ ਸ਼ੀਸ਼ੇ ਦੀਆਂ ਤਸਵੀਰਾਂ ਪ੍ਰਸਾਰਿਤ ਹੋਈਆਂ। ਹਾਲਾਂਕਿ ਐਂਟੀਨਾ ਨੂੰ ਵਾਪਸ ਲੈਣ ਲਈ ਜਲਦਬਾਜ਼ੀ ਵਿੱਚ ਕਮਾਂਡ ਦਿੱਤੀ ਗਈ; ਪਰ ਉਦੋਂ ਤੱਕ ਕਈ ਰਿਫਲੈਕਟਿਵ ਸ਼ੀਸ਼ੇ ਪਹਿਲਾਂ ਹੀ ਨਸ਼ਟ ਹੋ ਚੁੱਕੇ ਸਨ। ਇਹ ਮਹਿਸੂਸ ਕਰਦੇ ਹੋਏ ਕਿ ਹੋਰ ਤਬਾਹੀ ਦਾ ਖ਼ਤਰਾ ਹੈ, ਮਿਸ਼ਨ ਕੰਟਰੋਲ ਰੂਮ ਨੇ ਹਾਰ ਮੰਨ ਲਈ। ਇੱਕ ਘੰਟੇ ਬਾਅਦ ਸ਼ੀਸ਼ੇ ਨੂੰ ਐਂਟੀਨਾ ਵਿੱਚੋਂ ਕੱਢਣ ਲਈ ਦੂਜੀ ਕੋਸ਼ਿਸ਼ ਕੀਤੀ ਗਈ, ਪਰ ਅਸਫਲ ਹੋਏ। ਮਿਸ਼ਨ ਕੰਟਰੋਲ ਨੇ ਨਿਰਾਸ਼ਾ ਭਰੇ ਲਹਿਜੇ ਨਾਲ ਸਵੀਕਾਰ ਕੀਤਾ ਕਿ ਜ਼ਨਾਮਿਆ 2.5 ਨੂੰ ਕਦੇ ਵੀ ਤਾਇਨਾਤ ਨਹੀਂ ਕੀਤਾ ਜਾ ਸਕਦਾ ਅਤੇ ਇਸਨੂੰ ਧਰਤੀ 'ਤੇ ਵਾਪਸ ਸੁੱਟ ਦਿੱਤਾ। ਧਰਤੀ ਉੱਤੇ ਡਿੱਗਣ ਨਾਲ ਨਾ ਸਿਰਫ਼ ਜ਼ਨਾਮਿਆ 2.5, ਸਗੋਂ ਵਲਾਦੀਮੀਰ ਦੇ ਆਦਰਸ਼ਵਾਦੀ ਸਪੇਸ ਸ਼ੀਸ਼ੇ ਪ੍ਰੋਜੈਕਟ ਦਾ ਭਵਿੱਖ ਵੀ ਤਬਾਹ ਹੋ ਗਿਆ। ਉਨ੍ਹਾਂ ਦੀ ਯੋਜਨਾ 70 ਮੀਟਰ ਵਾਲੇ ਸ਼ੀਸ਼ੇ ਵਾਲੇ ਜ਼ਨਾਮਿਆ 3 ਦੀ ਸਾਲ 2001 ਵਿੱਚ ਲਾਂਚ ਕਰਨ ਦੀ ਸੀ, ਪਰ ਉਹ ਲੋੜੀਂਦੇ ਫੰਡ ਹਾਸਲ ਕਰਨ ਵਿੱਚ ਅਸਫਲ ਰਹੇ ਅਤੇ ਇਹ ਯੋਜਨਾ ਕਦੇ ਅੱਗੇ ਨਹੀਂ ਵਧ ਸਕੀ। ਵਲਾਦੀਮੀਰ, ਜਿਨ੍ਹਾਂ ਨੂੰ ਵਿਆਪਕ ਤੌਰ 'ਤੇ ਆਪਣੀ ਪੀੜ੍ਹੀ ਦੇ ਪ੍ਰਮੁੱਖ ਪੁਲਾੜ ਇੰਜੀਨੀਅਰਾਂ ਵਿੱਚੋਂ ਇੱਕ ਮੰਨਿਆ ਜਾਂਦਾ ਹੈ, ਦੀ 2006 ਵਿੱਚ ਮੌਤ ਹੋ ਗਈ, ਸੂਰਜੀ ਰਾਕੇਟਾਂ ਅਤੇ ਸ਼ੀਸ਼ਿਆਂ ਦੇ ਉਨ੍ਹਾਂ ਦੇ ਸੁਪਨੇ ਕਦੇ ਵੀ ਸਾਕਾਰ ਨਹੀਂ ਸਕੇ।

# ਵਿਗਿਆਨਕ ਖੋਜਾਂ ਵਿੱਚ ਵਿਸ਼ਵਾਸ: ਤਰੱਕੀ ਦਾ ਮਾਰਗ

ਤਰਜੀਹਾਂ

ਡਾ. ਪੀ. ਐੱਸ. ਤਿਆਗੀ*
ਫੋਨ: +91-9855446519



***ਵਿਗਿਆਨ ਦਿਵਸ ਦੀ ਸਭ ਤੋਂ ਵੱਡੀ ਚੁਣੌਤੀ ਆਬਾਦੀ ਦੇ ਇੱਕ ਵੱਡੇ ਹਿੱਸੇ ਦੇ ਮਨ ਵਿੱਚ ਇਸ ਗਲਤ ਧਾਰਨਾ ਨੂੰ ਦੂਰ ਕਰਨਾ ਹੈ ਕਿ ਵਿਗਿਆਨ ਲੋਕਾਂ ਨੂੰ ਰੱਬ ਤੋਂ ਦੂਰ ਕਰ ਰਿਹਾ ਹੈ ਅਤੇ ਮਨੁੱਖ ਦੇ ਜ਼ਿਆਦਾਤਰ ਦੁੱਖਾਂ ਲਈ ਜ਼ਿੰਮੇਵਾਰ ਹੈ। ਇਹ ਧਾਰਨਾ ਕਿ ਵਿਗਿਆਨ ਲੋਕਾਂ ਨੂੰ ਰੱਬ ਤੋਂ ਦੂਰ ਲੈ ਜਾਂਦਾ ਹੈ, ਇੱਕ ਗੁੰਝਲਦਾਰ ਅਤੇ ਅਕਸਰ ਵਿਵਾਦਪੂਰਨ ਮੁੱਦਾ ਹੈ।***




ਸ਼ਬਦ 'ਵਿਗਿਆਨ' ਬਹੁਤ ਸਾਰੀਆਂ ਵੱਖਰੀਆਂ ਤਸਵੀਰਾਂ ਨੂੰ ਧਿਆਨ ਵਿੱਚ ਲਿਆਉਂਦਾ ਹੈ, ਜਿਵੇਂ ਕਿ ਇੱਕ ਮੋਟੀ ਪਾਠ-ਪੁਸਤਕ, ਚਿੱਟੇ ਲੈਬ ਕੋਟ ਅਤੇ ਮਾਈਕ੍ਰੋਸਕੋਪ, ਇੱਕ ਟੈਲੀਸਕੋਪ ਦੁਆਰਾ ਦੇਖਦਾ ਖਗੋਲ ਵਿਗਿਆਨੀ, ਇੱਕ ਚਾਕਬੋਰਡ 'ਤੇ ਲਿਖੇ ਆਇਨਸਟਾਈਨ ਦੇ ਸਮੀਕਰਨ, ਬਬਲਿੰਗ ਬੀਕਰ ਆਦਿ। ਇਹ ਸਾਰੀਆਂ ਤਸਵੀਰਾਂ ਵਿਗਿਆਨ ਦੇ ਕਿਸੇ ਨਾ ਕਿਸੇ ਪਹਿਲੂ ਨੂੰ ਦਰਸਾਉਂਦੀਆਂ ਹਨ, ਪਰ ਉਨ੍ਹਾਂ ਵਿੱਚੋਂ ਕੋਈ ਵੀ ਪੂਰੀ ਤਸਵੀਰ ਪ੍ਰਦਾਨ ਨਹੀਂ ਕਰਦਾ, ਕਿਉਂਕਿ ਵਿਗਿਆਨ ਦੇ ਬਹੁਤ ਸਾਰੇ ਪਹਿਲੂ ਹਨ। ਵਿਗਿਆਨ ਨਿਰੀਖਣਾਂ ਅਤੇ ਪ੍ਰਯੋਗਾਂ ਦੁਆਰਾ ਇਹ ਖੋਜਣ ਦਾ ਤਰੀਕਾ ਹੈ ਕਿ ਬ੍ਰਹਿਮੰਡ ਵਿੱਚ ਕੀ ਹੈ ਅਤੇ ਉਹ ਚੀਜ਼ਾਂ ਅੱਜ ਕਿਵੇਂ ਕੰਮ ਕਰਦੀਆਂ ਹਨ? ਵਿਗਿਆਨ ਭਵਿੱਖ ਦੀ ਜਾਂਚ ਲਈ ਨਵੇਂ ਸਵਾਲਾਂ ਦੀ ਅਗਵਾਈ ਕਰਦਾ ਹੈ। ਵਿਗਿਆਨ ਇੱਕ ਵਿਸ਼ਵਵਿਆਪੀ ਮਨੁੱਖੀ ਯਤਨ ਹੈ, ਪੂਰੀ ਦੁਨੀਆ ਦੇ ਲੋਕ ਵਿਗਿਆਨ ਦੀ ਪ੍ਰਕਿਰਿਆ ਵਿੱਚ ਹਿੱਸਾ ਲੈਂਦੇ ਹਨ।

ਵਿਗਿਆਨਕ ਤਰੱਕੀ ਦਾ ਇਤਿਹਾਸ ਉਤਸੁਕਤਾ, ਪ੍ਰਯੋਗ ਅਤੇ ਖੋਜ ਦੁਆਰਾ ਚਿੰਨ੍ਹਿਤ ਇੱਕ ਸ਼ਾਨਦਾਰ ਯਾਤਰਾ ਹੈ। ਪ੍ਰਾਚੀਨ ਸੱਭਿਅਤਾਵਾਂ ਤੋਂ ਸ਼ੁਰੂ ਕਰਦੇ ਹੋਏ, ਜਿੱਥੇ ਅਰਸਤੂ ਵਰਗੇ ਮੁਢਲੇ ਦਾਰਸ਼ਨਿਕਾਂ ਨੇ ਕੁਦਰਤੀ ਦਰਸ਼ਨ ਦੀ ਨੀਂਹ ਰੱਖੀ, ਵਿਗਿਆਨ ਮੱਧ ਯੁੱਗ ਵਿੱਚ ਵਿਦਵਾਨਾਂ ਦੁਆਰਾ ਕਲਾਸੀਕਲ ਗਿਆਨ ਨੂੰ ਸੰਭਾਲਣ ਅਤੇ ਸੁਧਾਰਨ ਦੇ ਨਾਲ ਵਿਕਸਿਤ ਹੋਇਆ। ਪੁਨਰਜਾਗਰਣ ਨੇ ਨਵੀਨਤਾਕਾਰੀ ਖੋਜਾਂ ਦਾ ਇੱਕ ਵਿਸਫੋਟ ਕੀਤਾ, ਜਿਸ ਨਾਲ ਕੋਪਰਨਿਕਸ, ਗੈਲੀਲੀਓ ਅਤੇ ਨਿਊਟਨ ਵਰਗੀਆਂ ਸ਼ਖਸੀਅਤਾਂ ਦੁਆਰਾ ਸਫਲਤਾਵਾਂ ਪ੍ਰਾਪਤ ਕੀਤੀਆਂ ਗਈਆਂ, ਜਿਨ੍ਹਾਂ ਦੀਆਂ ਖੋਜਾਂ ਨੇ ਪ੍ਰਚਲਿਤ ਵਿਸ਼ਵਾਸਾਂ ਨੂੰ ਚੁਣੌਤੀ ਦਿੱਤੀ ਤੇ ਬ੍ਰਹਿਮੰਡ ਬਾਰੇ ਸਾਡੀ ਸਮਝ ਨੂੰ ਮੁੜ ਪਰਿਭਾਸ਼ਿਤ ਕੀਤਾ। 19ਵੀਂ ਅਤੇ 20ਵੀਂ ਸਦੀ ਵਿੱਚ ਜੀਵ ਵਿਗਿਆਨ, ਰਸਾਇਣ ਵਿਗਿਆਨ ਅਤੇ ਭੌਤਿਕ ਵਿਗਿਆਨ ਵਰਗੇ ਖੇਤਰਾਂ ਵਿੱਚ ਤੇਜ਼ੀ ਨਾਲ ਤਰੱਕੀ ਹੋਈ, ਜਿਸ ਨਾਲ ਵਿਕਾਸਵਾਦ, ਇਲੈਕਟ੍ਰੋਮੈਗਨੈਟਿਜ਼ਮ ਅਤੇ ਕੁਆਂਟਮ ਮਕੈਨਿਕਸ ਵਰਗੀਆਂ ਕ੍ਰਾਂਤੀਕਾਰੀ ਧਾਰਨਾਵਾਂ ਨੂੰ ਜਨਮ ਮਿਲਿਆ। ਅੱਜ, ਵਿਗਿਆਨਕ ਤਰੱਕੀ ਸਾਡੇ ਸੰਸਾਰ ਨੂੰ ਬਦਲ ਰਹੀ ਹੈ, ਗਲੋਬਲ ਚੁਣੌਤੀਆਂ ਨੂੰ ਸੰਬੋਧਿਤ ਕਰ ਰਹੀ ਹੈ ਅਤੇ ਮਨੁੱਖੀ ਗਿਆਨ ਦੀਆਂ ਸੀਮਾਵਾਂ ਨੂੰ ਅੱਗੇ ਵਧਾ ਰਹੀ ਹੈ।

ਲੋਕਾਂ ਵਿੱਚ ਵਿਗਿਆਨ ਅਤੇ ਇਸਦੇ ਮਹੱਤਵ ਬਾਰੇ ਜਾਗਰੂਕਤਾ ਨੂੰ ਉਤਸ਼ਾਹਿਤ ਕਰਨ ਲਈ ਵਿਸ਼ਵ ਭਰ ਵਿੱਚ ਵਿਸ਼ੇਸ਼ ਦਿਨ ਸਮਰਪਿਤ ਕੀਤੇ ਗਏ ਹਨ। ਸਮਾਜ ਵਿੱਚ ਵਿਗਿਆਨ ਦੀ ਮਹੱਤਵਪੂਰਨ ਭੂਮਿਕਾ ਨੂੰ ਉਜਾਗਰ ਕਰਨ ਅਤੇ ਉੱਭਰ ਰਹੇ ਵਿਗਿਆਨਕ ਮੁੱਦਿਆਂ 'ਤੇ ਬਹਿਸ ਵਿੱਚ ਵਿਆਪਕ ਜਨਤਾ ਨੂੰ ਸ਼ਾਮਲ ਕਰਨ ਦੀ ਜ਼ਰੂਰਤ ਨੂੰ ਉਜਾਗਰ ਕਰਨ ਲਈ ਹਰ ਸਾਲ 10 ਨਵੰਬਰ ਨੂੰ ਵਿਸ਼ਵ ਵਿਗਿਆਨ ਦਿਵਸ ਮਨਾਇਆ ਜਾਂਦਾ ਹੈ। ਇਹ ਸਾਡੇ ਰੋਜ਼ਾਨਾ ਜੀਵਨ ਵਿੱਚ ਵਿਗਿਆਨ ਦੀ ਮਹੱਤਤਾ ਅਤੇ ਸਾਰਥਕਤਾ ਨੂੰ ਰੇਖਾਂਕਿਤ ਕਰਦਾ ਹੈ। ਵਿਗਿਆਨ ਨੂੰ ਸਮਾਜ ਨਾਲ ਜੋੜ ਕੇ, ਵਿਸ਼ਵ ਵਿਗਿਆਨ ਦਿਵਸ ਇਹ ਸੁਨਿਸ਼ਚਿਤ ਕਰਦਾ ਹੈ ਕਿ ਨਾਗਰਿਕਾਂ ਨੂੰ ਵਿਗਿਆਨ ਦੇ ਵਿਕਾਸ ਤੋਂ ਜਾਣੂ ਕਰਵਾਇਆ ਜਾਵੇ। ਇਹ ਸਾਡੇ ਗ੍ਰਹਿ ਜਿਸ ਨੂੰ ਅਸੀਂ ਘਰ ਕਹਿੰਦੇ ਹਾਂ, ਬਾਰੇ ਸਾਡੀ ਸਮਝ ਨੂੰ ਵਧਾਉਣ ਅਤੇ ਸਾਡੀਆਂ ਸਮਾਜਿਕ ਇਕਾਈਆਂ ਨੂੰ ਹੋਰ ਟਿਕਾਊ ਬਣਾਉਣ ਵਿੱਚ ਵਿਗਿਆਨੀਆਂ ਦੀ ਭੂਮਿਕਾ ਨੂੰ ਵੀ ਦਰਸਾਉਂਦਾ ਹੈ। ਲੰਘੀ 28 ਫਰਵਰੀ ਨੂੰ ਭਾਰਤ ਵਿੱਚ ਰਾਸ਼ਟਰੀ ਵਿਗਿਆਨ ਦਿਵਸ ਮਨਾਇਆ ਗਿਆ ਸੀ। ਜਸ਼ਨ ਆਉਣ ਵਾਲੇ ਕਈ ਹਫ਼ਤਿਆਂ ਤੱਕ ਜਾਰੀ ਰਹਿਣਗੇ। ਭਾਰਤ ਵਿੱਚ ਇਹ ਦਿਨ ਹਰ ਸਾਲ, ਸਰ ਸੀ.ਵੀ. ਰਮਨ ਦੁਆਰਾ 1928 ਵਿੱਚ ਇਸ ਤਾਰੀਖ ਨੂੰ ਕੀਤੀ ਗਈ ਮਹੱਤਵਪੂਰਨ ਖੋਜ ਦਾ ਸਨਮਾਨ ਕਰਨ ਲਈ ਮਨਾਇਆ ਜਾਂਦਾ ਹੈ।

1928 ਵਿੱਚ ਸਰ ਰਮਨ ਨੇ ਇੱਕ ਸਵੈ ਵਿਕਸਤ ਸਪੈਕਟ੍ਰੋਗ੍ਰਾਫ ਦੀ ਵਰਤੋਂ ਕਰਕੇ ਨਵੀਨਤਾਕਾਰੀ ਪ੍ਰਯੋਗ ਕੀਤੇ, ਜਿਸ ਨਾਲ ਇਹ ਖੋਜ ਹੋਈ ਕਿ ਜਦੋਂ ਪ੍ਰਕਾਸ਼ ਇੱਕ ਪਾਰਦਰਸ਼ੀ ਮਾਧਿਅਮ ਵਿੱਚੋਂ ਲੰਘਦਾ ਹੈ ਤਾਂ ਆਪਣੀ ਤਰੰਗ ਲੰਬਾਈ (Wavelength) ਨੂੰ ਬਦਲਦਾ ਹੈ। ਇਹ ਵਰਤਾਰਾ, ਜਿਸਨੂੰ ਰਮਨ ਪ੍ਰਭਾਵ ਕਿਹਾ ਜਾਂਦਾ ਹੈ, ਦੇ ਭੌਤਿਕ ਵਿਗਿਆਨ ਅਤੇ ਰਸਾਇਣ ਵਿਗਿਆਨ ਦੇ ਖੇਤਰਾਂ ਵਿੱਚ ਮਹੱਤਵਪੂਰਨ ਪ੍ਰਭਾਵ ਹਨ। ਇਸ ਅਹਿਮ ਯੋਗਦਾਨ ਲਈ ਸਰ ਸੀ.ਵੀ. ਰਮਨ ਨੂੰ 1930 ਵਿੱਚ ਭੌਤਿਕ ਵਿਗਿਆਨ ਵਿੱਚ ਨੋਬਲ ਪੁਰਸਕਾਰ ਦਿੱਤਾ ਗਿਆ ਸੀ। ਰਮਨ ਕਿਸੇ ਵੀ ਵਿਗਿਆਨਕ ਅਨੁਸ਼ਾਸਨ ਵਿੱਚ ਨੋਬਲ ਪੁਰਸਕਾਰ ਪ੍ਰਾਪਤ ਕਰਨ ਵਾਲਾ ਪਹਿਲਾ ਏਸ਼ਿਆਈ ਅਤੇ ਪਹਿਲਾ ਗੈਰ-ਗੋਰਾ ਵਿਅਕਤੀ ਹੋਣ ਦਾ ਮਾਣ ਰੱਖਦਾ ਹੈ। ਰਾਸ਼ਟਰੀ ਵਿਗਿਆਨ ਦਿਵਸ ਵਿਗਿਆਨਕ ਖੋਜ ਅਤੇ ਨਵੀਨਤਾ ਦੇ ਮਹੱਤਵ ਦੇ ਨਾਲ-ਨਾਲ ਭਵਿੱਖ ਦੀਆਂ ਪੀੜ੍ਹੀਆਂ ਨੂੰ ਵਿਗਿਆਨਕ ਖੋਜਾਂ ਵਿੱਚ ਸ਼ਾਮਲ ਹੋਣ ਲਈ ਪ੍ਰੇਰਿਤ ਕਰਨ ਦੀ ਲੋੜ ਦੀ ਯਾਦ ਦਿਵਾਉਂਦਾ ਹੈ।

ਰਾਸ਼ਟਰੀ ਵਿਗਿਆਨ ਦਿਵਸ ਦਾ ਮੁੱਖ ਉਦੇਸ਼ ਆਮ ਲੋਕਾਂ ਵਿੱਚ ਵਿਗਿਆਨਕ ਗਿਆਨ ਨੂੰ ਉਤਸ਼ਾਹਿਤ ਕਰਨਾ ਹੈ। ਇਹ ਵਿਗਿਆਨਕ ਪ੍ਰਾਪਤੀਆਂ ਅਤੇ ਸਾਡੇ ਰੋਜ਼ਾਨਾ ਜੀਵਨ 'ਤੇ ਉਨ੍ਹਾਂ ਦੇ ਪ੍ਰਭਾਵ ਦੀ ਪ੍ਰਸ਼ੰਸਾ ਨੂੰ ਵਧਾਉਣ ਦੇ ਮੌਕੇ ਵਜੋਂ ਕੰਮ ਕਰਦਾ ਹੈ। ਇਹ ਦਿਨ ਜਲਵਾਯੂ ਪਰਿਵਰਤਨ, ਜਨਤਕ ਸਿਹਤ ਸੰਕਟ ਅਤੇ ਟਿਕਾਊ ਵਿਕਾਸ ਵਰਗੀਆਂ ਵਿਸ਼ਵਵਿਆਪੀ ਚੁਣੌਤੀਆਂ ਦੇ ਹੱਲ ਲਈ ਵਿਗਿਆਨ ਦੀ ਭੂਮਿਕਾ 'ਤੇ ਵੀ ਜ਼ੋਰ ਦਿੰਦਾ ਹੈ। ਹਰ ਸਾਲ ਭਾਰਤ ਸਰਕਾਰ ਵੱਖ-ਵੱਖ ਵਿਗਿਆਨਕ ਸੰਸਥਾਵਾਂ, ਯੂਨੀਵਰਸਿਟੀਆਂ ਅਤੇ ਵਿਦਿਅਕ ਸੰਸਥਾਵਾਂ ਦੇ ਸਹਿਯੋਗ ਨਾਲ ਇਸ ਵਿਸ਼ੇਸ਼ ਦਿਨ ਨੂੰ ਮਨਾਉਣ ਲਈ ਕਈ ਸਮਾਗਮਾਂ, ਸੈਮੀਨਾਰਾਂ ਅਤੇ ਵਰਕਸ਼ਾਪਾਂ ਦਾ ਆਯੋਜਨ ਕਰਦੀ ਹੈ। ਇਹ ਈਵੈਂਟ ਲੋਕਾਂ ਨੂੰ ਇਕੱਠੇ ਕਰਨ ਦੇ ਨਾਲ ਨਾਲ ਵਿਗਿਆਨੀਆਂ, ਖੋਜਕਰਤਾਵਾਂ ਅਤੇ ਵਿਦਿਆਰਥੀਆਂ ਨੂੰ ਆਪਣੇ ਗਿਆਨ ਤੇ ਅਨੁਭਵ ਸਾਂਝੇ ਕਰਨ ਲਈ ਇੱਕ ਪਲੇਟਫਾਰਮ ਪ੍ਰਦਾਨ ਕਰਨ ਲਈ ਤਿਆਰ ਕੀਤੇ ਜਾਂਦੇ ਹਨ। ਵਿਦਿਅਕ ਸੰਸਥਾਵਾਂ ਅਕਸਰ ਵਿਗਿਆਨ ਪ੍ਰਦਰਸ਼ਨੀਆਂ, ਕੁਇਜ਼ਾਂ, ਬਹਿਸਾਂ ਅਤੇ ਇੰਟਰਐਕਟਿਵ ਸੈਸ਼ਨਾਂ ਦਾ ਆਯੋਜਨ ਕਰਕੇ ਹਿੱਸਾ ਲੈਂਦੀਆਂ ਹਨ। ਇਹ ਗਤੀਵਿਧੀਆਂ ਵਿਦਿਆਰਥੀਆਂ ਨੂੰ ਸ਼ਾਮਲ ਕਰਨ ਅਤੇ ਉਨ੍ਹਾਂ ਦੀ ਉਤਸੁਕਤਾ ਦੀ ਪੜਚੋਲ ਕਰਨ, ਨਵੇਂ ਸੰਕਲਪਾਂ ਤੇ ਵਿਗਿਆਨਕ ਖੋਜ ਕਰਨ ਲਈ ਉਤਸ਼ਾਹਿਤ ਕਰਨ ਵਿੱਚ ਮਦਦ ਕਰਦੀਆਂ ਹਨ। ਹਰ ਸਾਲ ਵਿਗਿਆਨ ਦਿਵਸ ਇੱਕ ਖਾਸ ਥੀਮ 'ਤੇ ਕੇਂਦ੍ਰਿਤ ਹੁੰਦਾ ਹੈ, ਜੋ ਮੌਜੂਦਾ ਵਿਗਿਆਨਕ ਰੁਝਾਨਾਂ ਨੂੰ ਦਰਸਾਉਂਦਾ ਹੈ। ਥੀਮਾਂ ਦਾ ਉਦੇਸ਼ ਵਿਗਿਆਨਕ ਵਿਸ਼ਿਆਂ ਵਿੱਚ ਜਾਗਰੂਕਤਾ ਅਤੇ ਦਿਲਚਸਪੀ ਪੈਦਾ ਕਰਨਾ ਅਤੇ ਸੰਬੰਧਿਤ ਚੁਣੌਤੀਆਂ 'ਤੇ ਚਰਚਾ ਨੂੰ ਉਤਸ਼ਾਹਿਤ ਕਰਨਾ ਹੈ। ਵਿਸ਼ਵ ਵਿਗਿਆਨ ਦਿਵਸ 2024 ਦਾ ਥੀਮ ਸੀ, 'ਮਨਾਂ ਨੂੰ ਜੋੜਨ ਅਤੇ ਭਵਿੱਖ ਨੂੰ ਸ਼ਕਤੀਸ਼ਾਲੀ ਬਣਾਉਣ ਲਈ ਵਿਗਿਆਨ ਮਹੱਤਵਪੂਰਨ ਹੈ।' ਇਸ ਤਰ੍ਹਾਂ ਹੀ ਰਾਸ਼ਟਰੀ ਵਿਗਿਆਨ ਦਿਵਸ 2025 ਲਈ ਅਧਿਕਾਰਤ ਥੀਮ 'ਵਿਕਸਿਤ ਭਾਰਤ ਲਈ ਵਿਗਿਆਨ ਅਤੇ ਨਵੀਨਤਾ ਵਿੱਚ ਗਲੋਬਲ ਲੀਡਰਸ਼ਿਪ ਲਈ ਭਾਰਤੀ ਨੌਜਵਾਨਾਂ ਨੂੰ ਸ਼ਕਤੀਕਰਨ ਕਰਨਾ' ਹੈ।

ਵਿਗਿਆਨ ਦਿਵਸ ਦੀ ਸਭ ਤੋਂ ਵੱਡੀ ਚੁਣੌਤੀ ਆਬਾਦੀ ਦੇ ਇੱਕ ਵੱਡੇ ਹਿੱਸੇ ਦੇ ਮਨ ਵਿੱਚ ਇਸ ਗਲਤ ਧਾਰਨਾ ਨੂੰ ਦੂਰ ਕਰਨਾ ਹੈ ਕਿ ਵਿਗਿਆਨ ਲੋਕਾਂ ਨੂੰ ਰੱਬ ਤੋਂ ਦੂਰ ਕਰ ਰਿਹਾ ਹੈ ਅਤੇ ਮਨੁੱਖ ਦੇ ਜ਼ਿਆਦਾਤਰ ਦੁੱਖਾਂ ਲਈ ਜ਼ਿੰਮੇਵਾਰ ਹੈ। ਇਹ ਧਾਰਨਾ ਕਿ ਵਿਗਿਆਨ ਲੋਕਾਂ ਨੂੰ ਰੱਬ ਤੋਂ ਦੂਰ ਲੈ ਜਾਂਦਾ ਹੈ, ਇੱਕ ਗੁੰਝਲਦਾਰ ਅਤੇ ਅਕਸਰ ਵਿਵਾਦਪੂਰਨ ਮੁੱਦਾ ਹੈ। ਇਤਿਹਾਸਕ ਘਟਨਾਵਾਂ, ਜਿਵੇਂ ਕਿ ਕੈਥੋਲਿਕ ਚਰਚ ਦੇ ਨਾਲ ਗੈਲੀਲੀਓ ਦੇ ਟਕਰਾਅ ਨੇ ਉੱਭਰ ਰਹੀਆਂ ਵਿਗਿਆਨਕ ਸਮਝਾਂ ਅਤੇ ਰਵਾਇਤੀ ਧਾਰਮਿਕ ਵਿਚਾਰਾਂ ਵਿਚਕਾਰ ਤਣਾਅ ਨੂੰ ਦਰਸਾਇਆ। ਜਿਵੇਂ ਕਿ ਵਿਗਿਆਨ ਨੇ ਪਹਿਲਾਂ ਈਸ਼ਵਰੀ ਕਿਰਿਆ ਲਈ ਜ਼ਿੰਮੇਵਾਰ ਘਟਨਾਵਾਂ ਲਈ ਕੁਦਰਤੀ ਵਿਆਖਿਆਵਾਂ ਪ੍ਰਦਾਨ ਕੀਤੀਆਂ, ਕੁਝ ਲੋਕਾਂ ਨੇ ਮਹਿਸੂਸ ਕੀਤਾ ਕਿ ਇਸ ਨਾਲ ਧਾਰਮਿਕ ਵਿਸ਼ਵਾਸਾਂ ਨੂੰ ਕਮਜ਼ੋਰ ਕੀਤਾ ਗਿਆ ਹੈ। ਮਨੁੱਖੀ ਵਿਕਾਸ ਦਾ ਵਿਗਿਆਨਕ ਸਿਧਾਂਤ ਵਿਗਿਆਨ ਅਤੇ ਧਰਮ ਵਿਚਕਾਰ ਬਹਿਸਾਂ ਵਿੱਚ ਵਿਸ਼ੇਸ਼ ਤੌਰ 'ਤੇ ਇੱਕ ਫਲੈਸ਼ਪੁਆਇੰਟ ਰਿਹਾ ਹੈ। ਕੁਝ ਧਾਰਮਿਕ ਸਮੂਹ ਡਾਰਵਿਨ ਦੇ ਵਿਕਾਸਵਾਦੀ ਸਿਧਾਂਤ ਨੂੰ ਰੱਦ ਕਰਦੇ ਹਨ, ਇਹ ਮੰਨਦੇ ਹੋਏ ਕਿ ਇਹ ਪਵਿੱਤਰ ਗ੍ਰੰਥਾਂ ਵਿੱਚ ਪਾਏ ਜਾਣ ਵਾਲੇ ਰਚਨਾਵਾਦੀ ਬਿਰਤਾਂਤਾਂ ਦਾ ਖੰਡਨ ਕਰਦਾ ਹੈ।

ਵਿਗਿਆਨ ਦਿਵਸ ਦੀ ਇੱਕ ਹੋਰ ਵੱਡੀ ਚੁਣੌਤੀ ਇਸ ਵਿਸ਼ਵਾਸ ਨੂੰ ਖਤਮ ਕਰਨਾ ਹੈ ਕਿ ਵਿਗਿਆਨਕ ਖੋਜਾਂ ਦੀ ਦੁਰਵਰਤੋਂ ਕੀਤੀ ਜਾਂਦੀ ਹੈ। ਇਹ ਸੱਚ ਹੈ ਕਿ ਵੱਖ-ਵੱਖ ਖੇਤਰਾਂ ਵਿੱਚ ਵੱਖ-ਵੱਖ ਵਿਅਕਤੀਆਂ ਅਤੇ ਸੰਸਥਾਵਾਂ ਨੇ ਕਦੇ-ਕਦਾਈਂ ਨਿੱਜੀ ਜਾਂ ਵਿੱਤੀ ਲਾਭ ਲਈ ਵਿਗਿਆਨਕ ਵਰਤਾਰਿਆਂ ਅਤੇ ਖੋਜਾਂ ਦੀ ਦੁਰਵਰਤੋਂ ਕੀਤੀ ਹੈ। ਤਾਂਤਰਿਕਾਂ ਅਤੇ ਜਾਦੂਗਰਾਂ ਵਰਗੇ ਕੁਝ ਵਿਅਕਤੀ ਨਿੱਜੀ ਲਾਭ ਲਈ ਭੋਲੇ ਭਾਲੇ ਲੋਕਾਂ ਨੂੰ ਮੂਰਖ ਬਣਾਉਣ ਲਈ ਵਿਗਿਆਨਕ ਵਰਤਾਰੇ ਦਾ ਸ਼ੋਸ਼ਣ ਕਰਦੇ ਹਨ। ਅਜਿਹੀਆਂ ਬਹੁਤ ਸਾਰੀਆਂ ਉਦਾਹਰਣਾਂ ਹਨ, ਜਿੱਥੇ ਵੱਡੀਆਂ ਕੰਪਨੀਆਂ ਨੇ ਸੰਭਾਵੀ ਸਿਹਤ ਅਤੇ ਵਾਤਾਵਰਣ ਦੇ ਖਤਰਿਆਂ ਦੀ ਪਰਵਾਹ ਕੀਤੇ ਬਿਨਾਂ ਖੇਤੀਬਾੜੀ ਦੇ ਰਸਾਇਣਾਂ ਨੂੰ ਪੂਰੀ ਤਰ੍ਹਾਂ ਸੁਰੱਖਿਅਤ ਜਾਂ ਲਾਭਕਾਰੀ ਵਜੋਂ ਮਾਰਕੀਟ ਕੀਤਾ ਹੈ। ਕੁਝ ਮਾਮਲਿਆਂ ਵਿੱਚ, ਸਿਹਤ ਸੰਭਾਲ ਪੇਸ਼ੇਵਰ ਲਾਭ ਲਈ ਬੇਲੋੜੇ ਇਲਾਜਾਂ ਜਾਂ ਦਵਾਈਆਂ ਨੂੰ ਉਤਸ਼ਾਹਿਤ ਕਰਕੇ ਡਾਕਟਰੀ ਤਰੱਕੀ ਦੀ ਦੁਰਵਰਤੋਂ ਕਰ ਸਕਦੇ ਹਨ, ਜੋ ਮਰੀਜ਼ਾਂ ਦੇ ਵਿਸ਼ਵਾਸ ਅਤੇ ਜਨਤਕ ਸਿਹਤ ਨੂੰ ਕਮਜ਼ੋਰ ਕਰਦੇ ਹਨ। ਵਿਗਿਆਨ ਦੀ ਦੁਰਵਰਤੋਂ ਵੱਖ-ਵੱਖ ਰੂਪਾਂ ਵਿੱਚ ਪ੍ਰਗਟ ਹੋ ਸਕਦੀ ਹੈ, ਜੋ ਅਕਸਰ ਸਮਾਜ ਅਤੇ ਵਾਤਾਵਰਣ ਲਈ ਨੁਕਸਾਨਦੇਹ ਸਿੱਟੇ ਕੱਢਦੀ ਹੈ। ਇੱਕ ਪ੍ਰਮੁੱਖ ਉਦਾਹਰਣ ਰਸਾਇਣਕ ਹਥਿਆਰਾਂ ਦੇ ਵਿਕਾਸ ਵਿੱਚ ਵਿਗਿਆਨਕ ਖੋਜ ਦੀ ਵਰਤੋਂ ਹੈ, ਜਿਵੇਂ ਕਿ ਵੀਅਤਨਾਮ ਯੁੱਧ ਦੌਰਾਨ ਏਜੰਟ ਔਰੇਂਜ ਦੀ ਵਰਤੋਂ ਵਿੱਚ ਦੇਖਿਆ ਗਿਆ ਹੈ। ਇਸੇ ਤਰ੍ਹਾਂ, ਜੈਨੇਟਿਕ ਖੋਜ ਦੀ ਗਲਤ ਵਿਆਖਿਆ ਅਤੇ ਹੇਰਾਫੇਰੀ ਨੇ ਜੈਨੇਟਿਕ ਤੌਰ 'ਤੇ ਸੋਧੇ ਹੋਏ ਜੀਵਾਣੂਆਂ (GMOs) ਦੇ ਆਲੇ-ਦੁਆਲੇ ਦੇ ਵਿਵਾਦਾਂ ਨੂੰ ਹਵਾ ਦਿੱਤੀ ਹੈ। ਇਸ ਤੋਂ ਇਲਾਵਾ, ਸੂਡੋਸਾਇੰਸ ਦਾ ਪ੍ਰਸਾਰ, ਖਾਸ ਤੌਰ 'ਤੇ ਸਿਹਤ ਅਤੇ ਦਵਾਈ ਦੇ ਖੇਤਰਾਂ ਵਿੱਚ, ਵਿਆਪਕ ਗਲਤ ਜਾਣਕਾਰੀ ਦਾ ਕਾਰਨ ਬਣ ਸਕਦਾ ਹੈ, ਜਿਵੇਂ ਕਿ ਕੋਵਿਡ ਦੌਰਾਨ ਟੀਕਾ-ਵਿਰੋਧੀ ਅੰਦੋਲਨ ਨਾਲ ਦੇਖਿਆ ਗਿਆ ਹੈ, ਜਿਸ ਦੇ ਨਤੀਜੇ ਵਜੋਂ ਰੋਕਥਾਮਯੋਗ ਬਿਮਾਰੀ ਫੈਲ ਗਈ ਸੀ।


ਵਿਗਿਆਨਕ ਖੋਜਾਂ ਦੀ ਦੁਰਵਰਤੋਂ ਦੇ ਬਾਵਜੂਦ, ਸਾਨੂੰ ਇਹ ਨਹੀਂ ਭੁੱਲਣਾ ਚਾਹੀਦਾ ਕਿ ਕੋਈ ਵੀ ਨਵੀਂ ਵਿਗਿਆਨਕ ਖੋਜ ਅੰਦਰੂਨੀ ਤੌਰ 'ਤੇ ਚੰਗੀ ਜਾਂ ਮਾੜੀ ਨਹੀਂ ਹੁੰਦੀ ਹੈ। ਭਲਾਈ ਦੇ ਉਦੇਸ਼ਾਂ ਲਈ ਇਸਦੀ ਵਰਤੋਂ ਜਾਂ ਵਿਨਾਸ਼ ਲਈ ਇਸਦੀ ਵਰਤੋਂ ਕਰਨ ਲਈ ਮਨੁੱਖ ਖੁਦ ਜ਼ਿੰਮੇਵਾਰ ਹੈ। ਮਿਸਾਲ ਵਜੋਂ ਪਰਮਾਣੂ ਤਕਨਾਲੋਜੀ ਵਿੱਚ ਵੱਡੀ ਮਾਤਰਾ ਵਿੱਚ ਊਰਜਾ ਪ੍ਰਦਾਨ ਕਰਨ ਦੀ ਸਮਰੱਥਾ ਹੈ ਅਤੇ ਇਸ ਵਿੱਚ ਮੈਡੀਕਲ ਐਪਲੀਕੇਸ਼ਨ ਹਨ, ਜਿਵੇਂ ਕਿ ਕੈਂਸਰ ਦੇ ਇਲਾਜ ਵਿੱਚ। ਹਾਲਾਂਕਿ ਸਮੂਹਿਕ ਵਿਨਾਸ਼ ਦੇ ਵਿਨਾਸ਼ਕਾਰੀ ਹਥਿਆਰ ਬਣਾਉਣ ਲਈ ਉਸੇ ਤਕਨੀਕ ਦੀ ਦੁਰਵਰਤੋਂ ਕੀਤੀ ਗਈ ਹੈ। ਇਨ੍ਹਾਂ ਨਿਰੀਖਣਾਂ ਦੀ ਰੋਸ਼ਨੀ ਵਿੱਚ ਰਾਸ਼ਟਰੀ ਵਿਗਿਆਨ ਦਿਵਸ ਦੀ ਵਰਤੋਂ ਵਿਗਿਆਨ ਵਿੱਚ ਲੋਕਾਂ ਦੇ ਵਿਸ਼ਵਾਸ ਨੂੰ ਬਣਾਉਣ ਅਤੇ ਖੋਜਕਰਤਾਵਾਂ, ਨੀਤੀ ਨਿਰਮਾਤਾਵਾਂ ਅਤੇ ਕਮਿਊਨਿਟੀ ਵਿਚਕਾਰ ਸਹਿਯੋਗੀ ਸਬੰਧਾਂ ਨੂੰ ਵਧਾਉਣ ਲਈ ਇੱਕ ਪਲੇਟਫਾਰਮ ਵਜੋਂ ਕੀਤੀ ਜਾਣੀ ਚਾਹੀਦੀ ਹੈ।

ਵਿਗਿਆਨਕ ਤਰੱਕੀ ਨੇ ਵਿਸ਼ਵ ਭਰ ਦੇ ਸਮਾਜਾਂ ਨੂੰ ਬਦਲਣ ਵਿੱਚ ਇੱਕ ਮਹੱਤਵਪੂਰਣ ਭੂਮਿਕਾ ਨਿਭਾਈ ਹੈ। ਟੀਕਿਆਂ ਦੇ ਵਿਕਾਸ ਤੋਂ ਲੈ ਕੇ ਬਿਮਾਰੀਆਂ ਨਾਲ ਲੜਨ ਲਈ, ਨਵਿਆਉਣਯੋਗ ਊਰਜਾ ਅਤੇ ਸੂਚਨਾ ਤਕਨਾਲੋਜੀ ਵਿੱਚ ਕਾਢਾਂ ਤੱਕ, ਵਿਗਿਆਨਕ ਖੋਜ ਨੇ ਜੀਵਨ ਦੀ ਬਿਹਤਰ ਗੁਣਵੱਤਾ ਦੀ ਨੀਂਹ ਰੱਖੀ ਹੈ। ਵਿਗਿਆਨ ਵਿੱਚ ਵਿਸ਼ਵਾਸ ਇੱਕਸਾਰ, ਪਾਰਦਰਸ਼ੀ, ਅਤੇ ਸੰਮਲਿਤ ਅਭਿਆਸਾਂ ਦੁਆਰਾ ਸਮੇਂ ਦੇ ਨਾਲ ਬਣਾਇਆ ਜਾਂਦਾ ਹੈ। ਅੱਜ ਸਮਾਜ ਨੂੰ ਵਧਦੀ ਗੁੰਝਲਦਾਰ ਚੁਣੌਤੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਜਿਵੇਂ ਕਿ ਜਲਵਾਯੂ ਪਰਿਵਰਤਨ ਅਤੇ ਮਹਾਂਮਾਰੀ। ਇਸ ਲਈ ਵਿਗਿਆਨ ਵਿੱਚ ਜਨਤਕ ਵਿਸ਼ਵਾਸ ਨੂੰ ਵਧਾਉਣਾ ਮਹੱਤਵਪੂਰਨ ਹੋਵੇਗਾ। ਜਨਤਾ ਨਾਲ ਨਾ ਸਿਰਫ਼ ਗਿਆਨ ਦੇ ਸਰੋਤ ਵਜੋਂ, ਸਗੋਂ ਵਿਗਿਆਨਕ ਪ੍ਰਕਿਰਿਆ ਵਿੱਚ ਭਾਈਵਾਲ ਵਜੋਂ ਸ਼ਾਮਲ ਹੋਣਾ ਇਸ ਰਿਸ਼ਤੇ ਲਈ ਬਹੁਤ ਜ਼ਰੂਰੀ ਹੈ। ਆਖਰਕਾਰ, ਇਹ ਵਿਅਕਤੀਆਂ ਅਤੇ ਸਮਾਜਾਂ ਦੁਆਰਾ ਕੀਤੀਆਂ ਗਈਆਂ ਸਮੂਹਿਕ ਚੋਣਾਂ ਹਨ, ਜੋ ਵਿਗਿਆਨਕ ਖੋਜਾਂ ਦੀ ਚਾਲ ਨੂੰ ਆਕਾਰ ਦਿੰਦੀਆਂ ਹਨ। ਵਿਗਿਆਨ ਵਿੱਚ ਨੈਤਿਕ ਜ਼ਿੰਮੇਵਾਰੀ ਦੇ ਸੱਭਿਆਚਾਰ ਨੂੰ ਅੱਗੇ ਵਧਾਉਣਾ ਸਾਨੂੰ ਇਸਦੀ ਸ਼ਕਤੀ ਨੂੰ ਵੱਧ ਤੋਂ ਵੱਧ ਚੰਗੇ, ਦੁਰਵਰਤੋਂ ਨੂੰ ਘੱਟ ਕਰਨ ਅਤੇ ਵੱਧ ਤੋਂ ਵੱਧ ਲਾਭਾਂ ਲਈ ਵਰਤਣ ਵਿੱਚ ਮਦਦ ਕਰ ਸਕਦਾ ਹੈ। ਜਨਤਾ ਨਾਲ ਨਾ ਸਿਰਫ਼ ਗਿਆਨ ਦੇ ਸਰੋਤ ਵਜੋਂ, ਸਗੋਂ ਵਿਗਿਆਨਕ ਪ੍ਰਕਿਰਿਆ ਵਿੱਚ ਭਾਈਵਾਲ ਵਜੋਂ ਸ਼ਾਮਲ ਹੋਣਾ ਇਸ ਰਿਸ਼ਤੇ ਲਈ ਬਹੁਤ ਜ਼ਰੂਰੀ ਹੈ। ਆਖਰਕਾਰ, ਇਹ ਵਿਅਕਤੀਆਂ ਅਤੇ ਸਮਾਜਾਂ ਦੁਆਰਾ ਕੀਤੀਆਂ ਗਈਆਂ ਸਮੂਹਿਕ ਚੋਣਾਂ ਹਨ, ਜੋ ਵਿਗਿਆਨਕ ਖੋਜਾਂ ਦੀ ਚਾਲ ਨੂੰ ਆਕਾਰ ਦਿੰਦੀਆਂ ਹਨ। ਵਿਗਿਆਨ ਵਿੱਚ ਨੈਤਿਕ ਜ਼ਿੰਮੇਵਾਰੀ ਦੇ ਸੱਭਿਆਚਾਰ ਨੂੰ ਅੱਗੇ ਵਧਾਉਣਾ ਸਾਨੂੰ ਇਸਦੀ ਸ਼ਕਤੀ ਨੂੰ ਵੱਧ ਤੋਂ ਵੱਧ ਚੰਗੇ, ਦੁਰਵਰਤੋਂ ਨੂੰ ਘੱਟ ਕਰਨ ਅਤੇ ਵੱਧ ਤੋਂ ਵੱਧ ਲਾਭਾਂ ਲਈ ਵਰਤਣ ਵਿੱਚ ਮਦਦ ਕਰ ਸਕਦਾ ਹੈ।

ਵਿਗਿਆਨ ਦੀਆਂ ਨਵੀਆਂ ਖੋਜਾਂ ਨੂੰ ਸਵੀਕਾਰ ਕਰਕੇ ਅਸੀਂ ਖੋਜ ਅਤੇ ਤਰੱਕੀ ਨਾਲ ਭਰੇ ਇੱਕ ਉੱਜਲ ਭਵਿੱਖ ਨੂੰ ਯਕੀਨੀ ਬਣਾ ਸਕਦੇ ਹਾਂ। ਵਿਸ਼ਵ ਵਿਗਿਆਨ ਦਿਵਸ ਅਤੇ ਰਾਸ਼ਟਰੀ ਵਿਗਿਆਨ ਦਿਵਸ ਦੀ ਪੂਰਵ ਸੰਧਿਆ 'ਤੇ ਆਓ ਅਸੀਂ ਵਿਗਿਆਨਕ ਯਤਨਾਂ ਦਾ ਸਮਰਥਨ ਕਰਨ ਲਈ ਵਚਨਬੱਧ ਹੋਈਏ, ਜੋ ਸਮਾਜ ਦੀ ਭਲਾਈ ਨੂੰ ਵਧਾਉਂਦੇ ਹਨ, ਨਵੀਨਤਾ ਨੂੰ ਅੱਗੇ ਵਧਾਉਂਦੇ ਹਨ ਅਤੇ ਸਾਡੇ ਸਮੇਂ ਦੀਆਂ ਪ੍ਰਮੁੱਖ ਚੁਣੌਤੀਆਂ ਨੂੰ ਹੱਲ ਕਰਦੇ ਹਨ।

---

*(*ਖੇਤੀਬਾੜੀ ਵਿਭਾਗ, ਸੰਤ ਬਾਬਾ ਭਾਗ ਸਿੰਘ ਯੂਨੀਵਰਸਿਟੀ, ਜਲੰਧਰ)*



***ਜੈਨੇਟਿਕ ਖੋਜ ਦੀ ਗਲਤ ਵਿਆਖਿਆ ਅਤੇ ਹੇਰਾਫੇਰੀ ਨੇ ਜੈਨੇਟਿਕ ਤੌਰ 'ਤੇ ਸੋਧੇ ਹੋਏ ਜੀਵਾਣੂਆਂ (GMOs) ਦੇ ਆਲੇ-ਦੁਆਲੇ ਦੇ ਵਿਵਾਦਾਂ ਨੂੰ ਹਵਾ ਦਿੱਤੀ ਹੈ। ਇਸ ਤੋਂ ਇਲਾਵਾ, ਸੂਡੋਸਾਇੰਸ ਦਾ ਪ੍ਰਸਾਰ, ਖਾਸ ਤੌਰ 'ਤੇ ਸਿਹਤ ਅਤੇ ਦਵਾਈ ਦੇ ਖੇਤਰਾਂ ਵਿੱਚ, ਵਿਆਪਕ ਗਲਤ ਜਾਣਕਾਰੀ ਦਾ ਕਾਰਨ ਬਣ ਸਕਦਾ ਹੈ, ਜਿਵੇਂ ਕਿ ਕੋਵਿਡ ਦੌਰਾਨ ਟੀਕਾ-ਵਿਰੋਧੀ ਅੰਦੋਲਨ ਨਾਲ ਦੇਖਿਆ ਗਿਆ ਹੈ, ਜਿਸ ਦੇ ਨਤੀਜੇ ਵਜੋਂ ਰੋਕਥਾਮਯੋਗ ਬਿਮਾਰੀ ਫੈਲ ਗਈ ਸੀ।***

ਖਿਡਾਰੀ ਪੰਜ-ਆਬ ਦੇ (38)




ਨਵਦੀਪ ਸਿੰਘ ਗਿੱਲ
ਫੋਨ: +91-9780036216

## ਪਟਿਆਲਵੀ ਪਹਿਲਵਾਨੀ ਪਰਿਵਾਰ ਦਾ ਵਾਰਸ

# ਪਲਵਿੰਦਰ ਚੀਮਾ

***ਪੰਜਾਬ ਦੀ ਧਰਤੀ ਨੇ ਵੱਡੇ-ਵੱਡੇ ਖਿਡਾਰੀ ਪੈਦਾ ਕੀਤੇ ਹਨ- ਚਾਹੇ ਇਹ ਚੜ੍ਹਦਾ ਪੰਜਾਬ ਹੋਵੇ ਜਾਂ ਫਿਰ ਲਹਿੰਦਾ ਪੰਜਾਬ। ਨਾਮੀ ਖੇਡ ਲੇਖਕ ਨਵਦੀਪ ਸਿੰਘ ਗਿੱਲ ਵੱਲੋਂ ਇਸ ਕਾਲਮ ਰਾਹੀਂ ਚੋਟੀ ਦੇ ਖਿਡਾਰੀਆਂ ਦੇ ਖੇਡ ਕਰੀਅਰ ਉਤੇ ਝਾਤ ਪਾਈ ਜਾ ਰਹੀ ਹੈ। ਹਥਲੇ ਲੇਖ ਵਿੱਚ ਪਹਿਲਵਾਨ ਪਲਵਿੰਦਰ ਚੀਮਾ ਦੇ ਜੀਵਨ ਦਾ ਸੰਖੇਪ ਵੇਰਵਾ ਪੇਸ਼ ਹੈ। ਸੰਨ 2000 ਵਿੱਚ ਪਲਵਿੰਦਰ ਹਾਲੇ 17 ਵਰ੍ਹਿਆਂ ਦਾ ਹੀ ਸੀ, ਜਦੋਂ ਉਹ ਹੁਸ਼ਿਆਰਪੁਰ ਵਿਖੇ ਹੋਏ ਦੰਗਲ ਵਿੱਚ 'ਰੁਸਤਮ-ਏ-ਹਿੰਦ' ਬਣ ਗਿਆ। ਇਹ ਵੱਕਾਰੀ ਖਿਤਾਬ ਜਿੱਤਣ ਵਾਲਾ ਉਹ ਸਭ ਤੋਂ ਛੋਟੀ ਉਮਰ ਦਾ ਪਹਿਲਵਾਨ ਸੀ। ਪੰਜਾਬ ਕੁਮਾਰ ਤੋਂ ਲੈ ਕੇ ਰੁਸਤਮ-ਏ-ਹਿੰਦ, ਰੁਸਤਮ-ਏ-ਏਸ਼ੀਆ ਤੇ ਵਰਲਡ ਖਾਲਸਾ ਕੇਸਰੀ ਤੱਕ ਹਰ ਟਾਈਟਲ ਜਿੱਤਿਆ। ਕੌਮੀ ਤੇ ਕੌਮਾਂਤਰੀ ਪੱਧਰ ਉਤੇ ਉਸ ਨੇ ਕੁੱਲ 64 ਤਮਗੇ ਜਿੱਤੇ ਹਨ ਅਤੇ 2002 ਤੋਂ 2011 ਤੱਕ ਲਗਾਤਾਰ 10 ਵਾਰ ਆਲ ਇੰਡੀਆ ਪੁਲਿਸ ਖੇਡਾਂ ਵਿੱਚ ਸੋਨੇ ਦਾ ਤਮਗ਼ਾ ਜਿੱਤਿਆ।***





ਪਲਵਿੰਦਰ ਚੀਮਾ ਨੂੰ ਪਹਿਲਵਾਨੀ ਪਿਉ-ਦਾਦੇ ਤੋਂ ਵਿਰਸੇ ਵਿੱਚ ਮਿਲੀ। ਪਟਿਆਲਵੀ ਪਲਵਿੰਦਰ ਦਾ ਪਰਿਵਾਰ ਤਿੰਨ ਪੀੜ੍ਹੀਆਂ ਤੋਂ ਪਹਿਲਵਾਨੀ ਅਖਾੜੇ ਵਿੱਚ ਦੇਸ਼ ਦਾ ਨਾਂ ਚਮਕਾ ਰਿਹਾ ਹੈ। ਇੱਕੋ ਪਰਿਵਾਰ ਨੇ ਦੋ ਰੁਸਤਮ-ਏ-ਹਿੰਦ ਪਹਿਲਵਾਨ ਪੈਦਾ ਕੀਤੇ। ਦੋ ਓਲੰਪੀਅਨ, ਏਸ਼ਿਆਈ ਖੇਡਾਂ ਦੇ ਚਾਰ ਤਮਗੇ ਜਿੱਤਣ ਵਾਲੇ ਦੋ ਪਹਿਲਵਾਨ ਅਤੇ ਇੱਕ-ਇੱਕ ਅਰਜੁਨਾ ਤੇ ਦਰੋਣਾਚਾਰੀਆ ਐਵਾਰਡੀ। ਸੰਤਾਲੀ ਦੀ ਵੰਡ ਵੇਲੇ ਉਸ ਦਾ ਪਰਿਵਾਰ ਲਾਇਲਪੁਰ ਤੋਂ ਪਟਿਆਲਾ ਆ ਕੇ ਵਸਿਆ ਸੀ। ਪਟਿਆਲਾ ਰਿਆਸਤ ਦੇ ਮਹਾਰਾਜਾ ਯਾਦਵਿੰਦਰਾ ਸਿੰਘ ਨੇ ਕੇਸਰ ਸਿੰਘ ਨੂੰ ਗਾਮੇ ਪਹਿਲਵਾਨ ਨੂੰ ਦਿੱਤਾ ਹੋਇਆ 25 ਏਕੜ ਰਕਬੇ ਵਿੱਚ ਫੈਲਿਆ ਬਾਗ ਅਤੇ ਅਖਾੜਾ ਸੌਂਪ ਦਿੱਤਾ, ਜੋ ਹੁਣ ਐਨ.ਆਈ.ਐਸ. ਪਟਿਆਲਾ ਦੇ ਐਨ ਸਾਹਮਣੇ ਹੈ। ਕੇਸਰ ਸਿੰਘ ਚੀਮਾ ਰੁਸਤਮੇ-ਏ-ਹਿੰਦ ਬਣਿਆ। ਦੂਜੀ ਪੀੜ੍ਹੀ ਵਿੱਚ ਉਸ ਦੇ ਪੁੱਤਰ ਸੁਖਚੈਨ ਸਿੰਘ ਚੀਮਾ ਨੇ ਇਸ ਵਿਰਾਸਤ ਨੂੰ ਹੋਰ ਅੱਗੇ ਤੋਰਿਆ। ਤੀਜੀ ਪੀੜ੍ਹੀ ਵਿੱਚ ਕੇਸਰ ਸਿੰਘ ਦੇ ਪੋਤਰੇ ਤੇ ਸੁਖਚੈਨ ਸਿੰਘ ਦੇ ਪੁੱਤਰ ਪਲਵਿੰਦਰ ਸਿੰਘ ਨੇ ਚੀਮਾ ਪਰਿਵਾਰ ਦੀਆਂ ਖੇਡ ਪ੍ਰਾਪਤੀਆਂ ਨੂੰ ਹੋਰ ਚਾਰ ਚੰਨ ਲਾ ਦਿੱਤੇ।

ਓਲੰਪੀਅਨ ਪਲਵਿੰਦਰ ਸਿੰਘ ਚੀਮਾ ਨੇ ਰਾਸ਼ਟਰਮੰਡਲ ਖੇਡਾਂ ਵਿੱਚ ਸੋਨ ਤਮਗ਼ਾ, ਏਸ਼ਿਆਈ ਖੇਡਾਂ ਵਿੱਚ ਕਾਂਸੀ ਦਾ ਤਮਗ਼ਾ, ਜੂਨੀਅਰ ਵਿਸ਼ਵ ਚੈਂਪੀਅਨ, ਚਾਰ ਵਾਰ ਏਸ਼ੀਅਨ ਚੈਂਪੀਅਨਸ਼ਿਪ ਦਾ ਤਮਗਾ, ਰਾਸ਼ਟਰਮੰਡਲ ਚੈਂਪੀਅਨਸ਼ਿਪ ਵਿੱਚ ਗੋਲਡਨ ਹੈਟ੍ਰਿਕ, 5 ਵਾਰ ਵਿਸ਼ਵ ਪੁਲਿਸ ਖੇਡਾਂ ਦਾ ਚੈਂਪੀਅਨ, 10 ਸਾਲ ਲਗਾਤਾਰ ਆਲ ਇੰਡੀਆ ਪੁਲਿਸ ਖੇਡਾਂ ਦਾ ਚੈਂਪੀਅਨ, ਸਭ ਤੋਂ ਛੋਟੀ ਉਮਰ ਵਿੱਚ ਰੁਸਤਮ-ਏ-ਹਿੰਦ ਦਾ ਖਿਤਾਬ ਜਿੱਤਿਆ। ਉਸ ਨੇ ਪੰਜਾਬ ਕੁਮਾਰ ਤੋਂ ਲੈ ਕੇ ਰੁਸਤਮ-ਏ-ਹਿੰਦ, ਰੁਸਤਮ-ਏ-ਏਸ਼ੀਆ ਤੇ ਵਰਲਡ ਖਾਲਸਾ ਕੇਸਰੀ ਤੱਕ ਹਰ ਟਾਈਟਲ ਜਿੱਤਿਆ। ਕੌਮੀ ਤੇ ਕੌਮਾਂਤਰੀ ਪੱਧਰ ਉਤੇ ਉਸ ਨੇ ਕੁੱਲ 64 ਤਮਗੇ ਜਿੱਤੇ ਹਨ।

ਪਲਵਿੰਦਰ ਦਾ ਜਨਮ ਸੁਖਚੈਨ ਸਿੰਘ ਚੀਮਾ ਦੇ ਘਰ ਹਰਜਿੰਦਰ ਕੌਰ ਦੀ ਕੁੱਖੋਂ 11 ਨਵੰਬਰ 1982 ਨੂੰ ਹੋਇਆ। 'ਕੇਸਰ ਵਿਲਾ' ਵਿੱਚ ਪੈਦਾ ਹੋਏ ਪਲਵਿੰਦਰ ਦਾ ਭਾਰ ਜਨਮ ਸਮੇਂ ਸਾਢੇ ਚਾਰ ਕਿਲੋ ਸੀ। ਜਨਮ ਤੋਂ ਹੀ ਉਸ ਵਿੱਚ ਤਕੜੇ ਭਲਵਾਨ ਦੀ ਸੰਭਾਵਨਾ ਜਾਪ ਰਹੀ ਸੀ। ਪਲਵਿੰਦਰ ਦਾ ਘਰਦਿਆਂ ਨੇ ਲਾਡਲਾ ਨਾਂ ਸੋਨੂੰ ਰੱਖਿਆ। ਨਿੱਕੇ ਸੋਨੂੰ ਦੇ ਆਲੇ-ਦੁਆਲੇ ਖਿਡੌਣੇ ਨਹੀਂ, ਬਲਕਿ ਉਸ ਦੇ ਪਿਤਾ ਤੇ ਦਾਦੇ ਵੱਲੋਂ ਜਿੱਤੀਆਂ ਗੁਰਜਾਂ ਹੁੰਦੀਆਂ ਸਨ।

10 ਵਰ੍ਹਿਆਂ ਦੀ ਉਮਰੇ ਘਰੇਲੂ ਅਖਾੜੇ ਵਿੱਚ ਘੁਲਣਾ ਸ਼ੁਰੂ ਕਰਨ ਵਾਲੇ ਪਲਵਿੰਦਰ ਨੇ ਬੁੱਢਾ ਦਲ ਸਕੂਲ ਵਿੱਚ ਪੜ੍ਹਦਿਆਂ 1998 ਵਿੱਚ ਕੌਮੀ ਸਕੂਲ ਖੇਡਾਂ ਵਿੱਚ ਆਪਣੀ ਸਰਦਾਰੀ ਕਾਇਮ ਕਰ ਲਈ ਸੀ। 87 ਕਿਲੋ ਤੋਂ ਵੱਧ ਭਾਰ ਵਿੱਚ ਘੁਲਣ ਵਾਲੇ ਪਲਵਿੰਦਰ ਨੇ ਪਹਿਲੇ ਦੋ ਸਾਲ (1996 ਤੇ 1997) ਕੌਮੀ ਸਕੂਲ ਖੇਡਾਂ ਵਿੱਚੋਂ ਚਾਂਦੀ ਦਾ ਤਮਗਾ ਜਿੱਤਿਆ ਅਤੇ ਤੀਜੇ ਸਾਲ 1998 ਵਿੱਚ ਉਹ ਕੌਮੀ ਸਕੂਲ ਖੇਡਾਂ ਦਾ ਚੈਂਪੀਅਨ ਬਣ ਗਿਆ। ਸਰਕਾਰੀ ਮਹਿੰਦਰਾ ਕਾਲਜ ਵਿਖੇ ਪੜ੍ਹਦਿਆਂ ਪਲਵਿੰਦਰ ਅਗਲੇ ਹੀ ਸਾਲ 1999 ਵਿੱਚ ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ ਆਲ ਇੰਡੀਆ ਇੰਟਰ 'ਵਰਸਿਟੀ ਚੈਂਪੀਅਨ ਬਣ ਗਿਆ। ਇਸੇ ਸਾਲ ਉਸ ਨੇ ਤਹਿਰਾਨ ਵਿਖੇ ਜੂਨੀਅਰ ਏਸ਼ੀਅਨ ਚੈਂਪੀਅਨਸ਼ਿਪ ਵਿੱਚ ਆਪਣਾ ਪਹਿਲਾ ਵੱਡਾ ਕੌਮਾਂਤਰੀ ਟੂਰਨਾਮੈਂਟ ਖੇਡਦਿਆਂ ਚਾਂਦੀ ਦਾ ਤਮਗਾ ਜਿੱਤਿਆ।

ਸੰਨ 2000 ਵਿੱਚ ਪਲਵਿੰਦਰ ਹਾਲੇ 17 ਵਰ੍ਹਿਆਂ ਦਾ ਹੀ ਸੀ, ਜਦੋਂ ਉਹ ਹੁਸ਼ਿਆਪੁਰ ਵਿਖੇ ਹੋਏ ਦੰਗਲ ਵਿੱਚ 'ਰੁਸਤਮੇ-ਏ-ਹਿੰਦ' ਬਣ ਗਿਆ। ਇਹ ਵੱਕਾਰੀ ਖਿਤਾਬ ਜਿੱਤਣ ਵਾਲਾ ਉਹ ਸਭ ਤੋਂ ਛੋਟੀ ਉਮਰ ਦਾ ਪਹਿਲਵਾਨ ਸੀ। ਪਿੱਠ ਦੀ ਸਮੱਸਿਆ ਕਾਰਨ ਕੁਝ ਮਹੀਨੇ ਅਖਾੜੇ ਤੋਂ ਬਾਹਰ ਰਿਹਾ। ਸੰਨ 2001 ਵਿੱਚ ਪਲਵਿੰਦਰ ਨੇ ਜੂਨੀਅਰ ਨੈਸ਼ਨਲ ਦਾ ਤੀਜੀ ਵਾਰ ਖਿਤਾਬ ਜਿੱਤ ਕੇ ਗੋਲਡਨ ਹੈਟ੍ਰਿਕ ਲਗਾਈ। ਕੈਰੋਂ ਵਿਖੇ ਹੋਏ ਮੁਸਤਫਾ ਗੋਲਡ ਕੱਪ ਵਿੱਚ ਉਸ ਨੇ ਚਾਂਦੀ ਦਾ ਤਮਗਾ ਜਿੱਤਿਆ। ਤਾਸ਼ਕੰਦ ਵਿਖੇ ਹੋਈ ਜੂਨੀਅਰ ਵਿਸ਼ਵ ਚੈਂਪੀਅਨਸ਼ਿਪ ਵਿੱਚ ਸੋਨੇ ਦਾ ਤਮਗ਼ਾ ਜਿੱਤਿਆ। 2002 ਵਿੱਚ ਮਾਨਚੈਸਟਰ ਵਿਖੇ ਹੋਈਆਂ ਰਾਸ਼ਟਰਮੰਡਲ ਖੇਡਾਂ ਵਿੱਚ ਸੋਨੇ ਦਾ ਤਮਗਾ ਜਿੱਤਿਆ। ਸੁਪਰ ਹੈਵੀਵੇਟ ਵਰਗ ਵਿੱਚ ਕਿਸੇ ਭਾਰਤੀ ਵੱਲੋਂ ਜਿੱਤਿਆ ਇਹ ਪਹਿਲਾ ਸੋਨ ਤਮਗਾ ਸੀ। ਇਸੇ ਸਾਲ ਪਲਵਿੰਦਰ ਨੇ ਬੁਸਾਨ ਵਿਖੇ ਹੋਈਆਂ ਏਸ਼ਿਆਈ ਖੇਡਾਂ ਵਿੱਚ 120 ਕਿਲੋ ਭਾਰ ਵਾਲੇ ਸੁਪਰ ਹੈਵੀਵੇਟ ਵਰਗ ਵਿੱਚ ਹਿੱਸਾ ਲਿਆ ਅਤੇ ਕਾਂਸੀ ਦਾ ਤਮਗਾ ਜਿੱਤਿਆ। ਸਾਲ 2003 ਵਿੱਚ ਪਲਵਿੰਦਰ ਨੇ ਕੈਨੇਡਾ ਕੱਪ ਵਿੱਚ ਗੋਲਡ ਮੈਡਲ ਜਿੱਤਣ ਦੇ ਨਾਲ 'ਸਰਵੋਤਮ ਪਹਿਲਵਾਨ' ਦਾ ਖਿਤਾਬ ਵੀ ਜਿੱਤਿਆ। ਦਿੱਲੀ ਵਿਖੇ ਏਸ਼ੀਅਨ ਕੁਸ਼ਤੀ ਚੈਂਪੀਅਨਸ਼ਿਪ ਵਿੱਚ ਚਾਂਦੀ ਦਾ ਤਮਗਾ ਜਿੱਤਿਆ। ਅਗਲੇ ਸਾਲ ਉਸ ਨੇ ਤਹਿਰਾਨ ਵਿਖੇ ਏਸ਼ੀਅਨ ਕੁਸ਼ਤੀ ਚੈਂਪੀਅਨਸ਼ਿਪ ਵਿੱਚ ਲਗਾਤਾਰ ਦੂਜੇ ਸਾਲ ਚਾਂਦੀ ਦਾ ਤਮਗਾ ਜਿੱਤਿਆ। ਓਲੰਪਿਕ ਕੁਆਲੀਫਾਇਰ ਟੂਰਨਾਮੈਂਟ ਵਿੱਚ ਚਾਂਦੀ ਦਾ ਤਮਗਾ ਜਿੱਤ ਕੇ ਉਸ ਨੇ ਏਥਨਜ਼ ਓਲੰਪਿਕਸ ਦੀ ਟਿਕਟ ਖੱਟ ਲਈ। 2004 ਵਿੱਚ ਏਥਨਜ਼ ਵਿਖੇ ਹੋਈਆਂ 28ਵੀਆਂ ਓਲੰਪਿਕ ਖੇਡਾਂ ਵਿੱਚ ਪਲਵਿੰਦਰ ਨੇ ਹਿੱਸਾ ਲਿਆ। ਸਾਲ ਦੇ ਅਖੀਰ ਵਿੱਚ ਪਹਿਲੀ ਵਾਰ ਹੋਈਆਂ ਚੜ੍ਹਦੇ ਤੇ ਲਹਿੰਦੇ ਪੰਜਾਬ ਦੀਆਂ ਖੇਡਾਂ ਵਿੱਚ ਪਲਵਿੰਦਰ ਨੇ ਰੁਸਤਮ-ਏ-ਪਾਕਿਸਤਾਨ ਬਸ਼ੀਰ ਭੋਲਾ ਨੂੰ ਪਛਾੜਨ ਤੋਂ ਬਾਅਦ ਆਖਰੀ ਪਲਾਂ ਵਿੱਚ ਚਿੱਤ ਕਰਕੇ ਸੋਨ ਤਮਗ਼ਾ ਜਿੱਤਿਆ।


ਸਾਲ 2005 ਵਿੱਚ ਕੇਪਟਾਊਨ ਵਿਖੇ ਹੋਈ ਰਾਸ਼ਟਰਮੰਡਲ ਕੁਸ਼ਤੀ ਚੈਂਪੀਅਨਸ਼ਿਪ ਵਿੱਚ ਪਲਵਿੰਦਰ ਨੇ ਗਰੀਕੋ ਰੋਮਨ ਤੇ ਫਰੀ ਸਟਾਈਲ- ਦੋਵੇਂ ਵਰਗਾਂ ਵਿੱਚ ਸੋਨ ਤਮਗਾ ਜਿੱਤਿਆ। ਵੂਹਾਨ ਵਿਖੇ ਏਸ਼ੀਅਨ ਕੁਸ਼ਤੀ ਚੈਂਪੀਅਨਸ਼ਿਪ ਵਿੱਚ ਕਾਂਸੀ ਦਾ ਤਮਗ਼ਾ ਜਿੱਤਿਆ। ਸਾਲ 2006 ਵਿੱਚ ਦੋਹਾ ਵਿਖੇ ਹੋਈਆਂ ਏਸ਼ਿਆਈ ਖੇਡਾਂ ਵਿੱਚ ਹਿੱਸਾ ਲੈਂਦਿਆਂ ਕਾਂਸੀ ਦਾ ਤਮਗਾ ਜਿੱਤਿਆ। ਸਾਲ 2007 ਵਿੱਚ ਕਿਰਗਿਸਤਾਨ ਵਿਖੇ ਏਸ਼ੀਅਨ ਚੈਂਪੀਅਨਸ਼ਿਪ ਵਿੱਚ ਕਾਂਸੀ ਦਾ ਤਮਗ਼ਾ ਜਿੱਤਿਆ। ਅਗਲੇ ਸਾਲ ਫਰਾਂਸ ਵਿਖੇ ਹੋਏ ਹੈਨਰੀ ਡਗਲਸ ਗੋਲਡ ਕੱਪ ਵਿੱਚ ਸੋਨੇ ਦਾ ਤਮਗ਼ਾ ਅਤੇ ਕੈਨੇਡਾ ਦੇ ਸ਼ਹਿਰ ਸਰੀ ਵਿਖੇ ਹੋਏ ਇੰਟਰਨੈਸ਼ਨਲ ਗੋਲਡ ਕੱਪ ਵਿੱਚ ਕਾਂਸੀ ਦਾ ਤਮਗ਼ਾ ਜਿੱਤਿਆ। ਉਸ ਨੇ ਚਾਰ ਵਾਰ ਵਿਸ਼ਵ ਚੈਂਪੀਅਨਸ਼ਿਪ ਵਿੱਚ ਵੀ ਭਾਰਤ ਦੀ ਨੁਮਾਇੰਦਗੀ ਕੀਤੀ ਹੈ।

ਵੱਡੇ ਦੰਗਲਾਂ ਅਤੇ ਗੁਰਜਾਂ ਦੀ ਗੱਲ ਕਰੀਏ ਤਾਂ ਦੁਬਈ ਵਿਖੇ ਰੁਸਤਮ-ਏ-ਏਸ਼ੀਆ ਅਤੇ ਹਜ਼ੂਰ ਸਾਹਿਬ ਵਿਖੇ ਵਰਲਡ ਖਾਲਸਾ ਕੇਸਰੀ ਖਿਤਾਬ ਜਿੱਤਿਆ। ਹਕੀਮਪੁਰ ਵਿਖੇ ਪੁਰੇਵਾਲ ਭਰਾਵਾਂ ਵੱਲੋਂ ਕਰਵਾਈ ਜਾਂਦੀ ਮਿੰਨੀ ਓਲੰਪਿਕਸ ਦੌਰਾਨ ਚਾਰ ਵਾਰ ਮਹਾਂਭਾਰਤ ਕੇਸਰੀ ਦਾ ਖਿਤਾਬ ਜਿੱਤਿਆ ਹੈ। ਤਿੰਨ-ਤਿੰਨ ਵਾਰ ਭਾਰਤ ਕੇਸਰੀ ਤੇ ਸ਼ਕਤੀ ਕੇਸਰੀ, ਦੋ-ਦੋ ਵਾਰ ਰੁਸਤਮ-ਏ-ਹਿੰਦ ਤੇ ਭਾਰਤ ਕੁਮਾਰ ਦਾ ਖਿਤਾਬ ਜਿੱਤਿਆ ਹੈ। ਇਸ ਤੋਂ ਇਲਾਵਾ ਤਰਨ ਤਾਰਨ ਵਿਖੇ 400 ਸਾਲਾ ਸ਼ਤਾਬਦੀ ਕੇਸਰੀ, ਭਾਰਤ ਮੱਲ ਸਮਰਾਟ, ਮਹਾਰਾਜਾ ਰਣਜੀਤ ਸਿੰਘ ਗੋਲਡ ਕੱਪ, ਦਾਰਾ ਗੋਲਡ ਕੱਪ, ਰਾਜੀਵ ਗਾਂਧੀ ਗੋਲਡ ਕੱਪ ਤੇ ਪੰਜਾਬ ਕੁਮਾਰ ਦੇ ਟਾਈਟਲ ਜਿੱਤੇ ਹਨ। ਕੌਮੀ ਪੱਧਰ ਦੇ ਮੁਕਾਬਲਿਆਂ ਦੀ ਗੱਲ ਕਰੀਏ ਤਾਂ ਪਲਵਿੰਦਰ ਨੇ 2005 ਤੇ 2006 ਵਿੱਚ ਦੋ ਵਾਰ ਨੈਸ਼ਨਲ ਚੈਂਪੀਅਨਸ਼ਿਪ ਅਤੇ 2002 ਵਿੱਚ ਇਕ ਵਾਰ ਕੌਮੀ ਖੇਡਾਂ ਵਿੱਚ ਪੰਜਾਬ ਲਈ ਸੋਨੇ ਦਾ ਤਮਗਾ ਜਿੱਤਿਆ।

ਮੁੱਢੋਂ ਹੀ ਹੁੰਦੜਹੇਲ ਪਲਵਿੰਦਰ ਦੀ ਖੁਰਾਕ ਵੀ ਖੁੱਲ੍ਹੀ ਸੀ। ਦੁੱਧ-ਘਿਓ, ਬਦਾਮ ਦੇ ਨਾਲ ਮੁਰਗਾ, ਆਂਡੇ, ਸ਼ਰਦਈ ਆਦਿ ਖੁਰਾਕ ਦਾ ਹਿੱਸਾ ਸੀ। 5-7 ਕਿੱਲੋ ਦੁੱਧ, ਦਰਜਨ ਅੰਡੇ, ਦੋ-ਤਿੰਨ ਕਿੱਲੋ ਮੀਟ ਉਸ ਦੀ ਰੋਜ਼ਾਨਾ ਦੀ ਖੁਰਾਕ ਸੀ। ਪੰਜਾਬ ਪੁਲਿਸ ਵਿੱਚ ਐਸ.ਪੀ. ਵਜੋਂ ਸੇਵਾਵਾਂ ਨਿਭਾਅ ਰਹੇ ਪਲਵਿੰਦਰ ਨੇ 2002 ਤੋਂ 2011 ਤੱਕ ਲਗਾਤਾਰ 10 ਵਾਰ ਆਲ ਇੰਡੀਆ ਪੁਲਿਸ ਖੇਡਾਂ ਵਿੱਚ ਸੋਨੇ ਦਾ ਤਮਗਾ ਜਿੱਤਿਆ। ਵਿਸ਼ਵ ਪੁਲਿਸ ਖੇਡਾਂ ਵਿੱਚ ਪੰਜ ਸੋਨੇ ਅਤੇ ਇੱਕ ਚਾਂਦੀ ਦਾ ਤਮਗ਼ਾ ਜਿੱਤਿਆ। ਖੇਡ ਪ੍ਰਾਪਤੀਆਂ ਬਦਲੇ ਭਾਰਤ ਸਰਕਾਰ ਨੇ ਅਰਜੁਨਾ ਐਵਾਰਡ ਤੇ ਪੰਜਾਬ ਸਰਕਾਰ ਨੇ ਮਹਾਰਾਜਾ ਰਣਜੀਤ ਸਿੰਘ ਐਵਾਰਡ ਨਾਲ ਸਨਮਾਨਿਆ। ਪਲਵਿੰਦਰ ਦੇ ਪਿਤਾ ਸੁਖਚੈਨ ਸਿੰਘ ਚੀਮਾ ਨੂੰ ਭਾਰਤ ਸਰਕਾਰ ਵੱਲੋਂ ਦਰੋਣਾਚਾਰੀਆ ਐਵਾਰਡ ਨਾਲ ਵੀ ਸਨਮਾਨਿਆ ਗਿਆ। ਪਲਵਿੰਦਰ ਦੇ ਨਾਨਕੇ ਮੁਕਤਸਰ ਜ਼ਿਲੇ ਦੇ ਪਿੰਡ ਧਗਾਣਾ ਹਨ ਅਤੇ ਉਹ ਵਿਆਹਿਆ ਬਠਿੰਡਾ ਨੇੜੇ ਪਿੰਡ ਗੋਨਿਆਣਾ ਵਿਖੇ ਹੈ। ਪਲਵਿੰਦਰ ਤੇ ਉਸ ਦੀ ਪਤਨੀ ਖੁਸ਼ਵਿੰਦਰ ਕੌਰ ਦੇ ਇੱਕ ਬੇਟਾ ਤੇ ਇੱਕ ਬੇਟੀ ਹੈ। ਬੇਟੀ ਦਾ ਨਾਮ ਬਨਮੀਤ ਅਤੇ ਬੇਟੇ ਦਾ ਨਾਮ ਬਿਲਾਵਨ ਹੈ।



PALWINDER CHEEMA V/S BASHIR BHOLA (RUSTAM-E-PAKISTAN)
Final Bout in Indo-Pak-Games Patiala 2004



PALWINDER CHEEMA V/S MUSHTAK ABDULA (AUSTRALIA)
In CWG Semi Final Bout Manchester UK 2002

# ਵਕਤ ਦਾ ਵਿਤਕਰਾ

*ਨਾਵਲੀ ਧਰਾਤਲ 'ਤੇ ਦਰਸਾਈਆਂ ਗਈਆਂ ਮਜਬੂਰੀਆਂ, ਹੋ ਸਕਦਾ 'ਬਹਾਨਾ' ਹੋਣ ਪਰ ਕਦੇ ਕਦੇ ਹਾਲਾਤ ਇਸ ਕਦਰ ਦਰਪੇਸ਼ ਹੋ ਜਾਂਦੇ ਹਨ ਕਿ ਇਸ ਨੂੰ ਸੱਚ ਦੀ ਪੁੱਠ ਚੜ੍ਹ ਜਾਂਦੀ ਹੈ। ਤਰਜ-ਏ-ਜ਼ਿੰਦਗੀ ਸਦਾ ਇਕੋ ਜਿਹੀ ਨਹੀਂ ਰਹਿੰਦੀ ਤੇ ਇਸ ਦੇ ਬਦਲਦੇ ਰੂਪਾਂ ਨਾਲ ਖਾਸਾ ਕੁਝ ਪ੍ਰਭਾਵਿਤ ਹੋਣਾ ਤੈਅ ਹੈ। ਖ਼ੈਰ! ਨਾਵਲੀ ਕਥਾਨਕ ਜਿਸ ਤਰ੍ਹਾਂ ਬਦਲ ਰਹੇ ਹਨ, ਉਨ੍ਹਾਂ ਦੇ ਮੱਦੇਨਜ਼ਰ ਸ਼ਬਦੀ ਦ੍ਰਿਸ਼ਾਂ ਨੂੰ ਮਾਣਦਿਆਂ-ਮਹਿਸੂਸ ਕਰਦਿਆਂ ਹੋ ਸਕਦਾ ਕਈ ਲੋਕ ਨਾਵਲੀ ਕਹਾਣੀ ਨਾਲ ਸਹਿਮਤ ਹੋਣ ਜਾਂ ਕਈਆਂ ਨੂੰ ਕੁੱਝ ਕੁੱਝ ਰੜਕੇ ਵੀ; ਕਿਉਂ ਕਿ 'ਇਸ ਨਾਵਲ ਵਿਚ ਬਹੁਤ ਕੁੱਝ ਕਾਲਪਨਿਕ ਹੋ ਸਕਦਾ ਹੈ ਤੇ ਹੈ ਵੀ। ਇਹ ਕਿਸੇ ਵੀ ਜੀਉਂਦੇ-ਜਾਗਦੇ ਵਿਅਕਤੀ ਦਾ ਇਤਿਹਾਸ ਨਹੀਂ ਹੈ।' ਪੇਸ਼ ਹੈ, ਅਗਲੀ ਕਿਸ਼ਤ...*



## 'ਵਿਗੜੀ ਹੋਈ ਕੁੜੀ' *(ਝੂਠ ਜਿਹਾ ਸੱਚ)*

### ਕਿਸ਼ਤ (6)



**ਬਖ਼ਸ਼ਿੰਦਰ**
**ਵੱਟਸਐਪ:+1-778-793-8979**

**(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)**

ਦਾਨਿਸ਼ ਨੇ ਇਹ ਸਕਰਿਪਟ ਲਿਖਣ ਲਈ ਚੌਬੇ ਵੱਲੋਂ ਕੀਤੇ ਹੋਏ ਇੰਟਰਵਿਊ ਉੱਤੇ ਹੀ ਨਿਰਭਰ ਰਹਿਣਾ ਠੀਕ ਨਾ ਸਮਝਿਆ ਤੇ ਆਪਣੇ ਕੁੱਝ ਵਸੀਲਿਆਂ ਰਾਹੀਂ ਵੀ ਪਤਾ ਕਰਾਇਆ ਕਿ ਹਾਂਡਿਆਂ ਦਾ ਪਰਿਵਾਰ ਇਹੋ ਜਿਹਾ ਸੀ ਕਿ ਉਹ ਮੱਸਿਆ ਜਾਂ ਸੰਗਰਾਂਦ ਨੂੰ ਗੁਰਦਵਾਰੇ ਵੀ ਜ਼ਰੂਰ ਜਾਂਦੇ ਤੇ ਹਰ ਸ਼ਾਮ ਨੂੰ ਅਧੀਆ ਜਾਂ ਪੌਣੀ ਬੋਤਲ ਵਿਸਕੀ ਵੀ ਜ਼ਰੂਰ ਪੀਂਦੇ ਸਨ। ਕੁਲਵੰਤ ਕੌਰ ਤਾਂ ਦਿਨੇ ਵੀ, ਅੱਗੇ-ਪਿੱਛੇ ਹੋ ਕੇ, ਘਰ ਵਿਚ ਤੁਰੀ-ਫਿਰਦੀ ਵੀ ਪਊਆ-ਡੇਢ ਪਊਆ ਚੁੱਕ ਜਾਂਦੀ ਸੀ ਤੇ ਕਿਸੇ ਵੇਲ਼ੇ ਨਸ਼ੇ ਦੀ ਲੋਰ ਵਿਚ ਦਿਨੇ ਹੀ ਘੰਟਾ-ਦੋ ਘੰਟੇ ਸੌਂ ਵੀ ਲੈਂਦੀ ਸੀ।

ਹਰਪਾਲ ਸਿੰਘ ਭਾਵੇਂ ਦਾਹੜੀ ਕਤਰਦਾ ਸੀ, ਪਰ ਪੱਗ ਬੰਨ੍ਹੇ ਬਗ਼ੈਰ ਘਰੋਂ ਨਹੀਂ ਨਿੱਕਲਦਾ ਸੀ। ਉਨ੍ਹੀਂ ਦਿਨੀਂ, ਅੰਗਰੇਜ਼ਾਂ ਵੱਲੋਂ ਏਸ਼ੀਆਈ ਲੋਕਾਂ ਨਾਲ਼ ਵਿਤਕਰਾ ਬਹੁਤ ਕੀਤਾ ਜਾਂਦਾ ਸੀ। ਭਾਵੇਂ ਹਰਪਾਲ ਸਿੰਘ ਇਕ ਯੋਗ ਇੰਜੀਨੀਅਰ ਸੀ, ਪਰ ਤਕਰੀਬਨ ਹਰ ਕੰਪਨੀ ਉਸ ਨੂੰ ਜੌਬ ਦੇਣ ਵੇਲ਼ੇ, ਉਸ ਤੋਂ ਉਸ ਦੇ ਸਿੱਖੀ-ਸਰੂਪ ਦੀ ਬਲੀ ਮੰਗਦੀ। ਉਸ ਦੇ ਕੰਮ ਵਿਚ ਕੋਈ ਵੀ ਕਾਣ ਨਾ ਕੱਢ ਸਕਣ ਦੇ ਬਾਵਜੂਦ, ਗੋਰਿਆਂ ਦੀਆਂ ਕੰਪਨੀਆਂ ਦੇ ਅਧਿਕਾਰੀ ਉਸ ਦੀ ਪੱਗ-ਮਗਰ ਪੈ ਜਾਂਦੇ। ਜਦੋਂ ਉਸ ਨੂੰ ਵਿਹਲੇ ਬੈਠਿਆਂ ਬਹੁਤ ਸਮਾਂ ਹੋ ਗਿਆ ਤੇ ਉਸ ਦੇ ਬੱਚੇ ਵੀ ਵੱਡੇ ਹੁੰਦੇ ਦਿਸਣ ਲੱਗੇ ਤਾਂ ਇਕ ਦਿਨ ਹਰਪਾਲ ਸਿੰਘ ਹਾਂਡਾ ਨੇ ਰੱਜ ਕੇ ਸ਼ਰਾਬ ਪੀਤੀ ਅਤੇ ਆਪਣੀ ਬੱਝੀ-ਬਝਾਈ ਪੱਗ ਲਾਹ ਕੇ, ਆਪਣੇ ਕਮਰੇ ਦੀ ਕਲੋਜ਼ਿਟ ਅੰਦਰ ਇਕ ਸ਼ੈਲਫ਼ ਉੱਤੇ ਰੱਖ ਦਿੱਤੀ। ਉਸ ਦਿਨ ਹੀ ਉਸ ਨੇ ਆਪਣਾ ਜੂੜਾ ਖੋਲ੍ਹ ਦਿੱਤਾ ਤੇ ਕੇਸ ਪਿੱਛੇ ਨੂੰ ਵਾਹ ਕੇ ਉਨ੍ਹਾਂ ਨੂੰ ਰਬੜ ਬੈਂਡ ਪਾ ਲਿਆ।

"ਹੈਹਾ ਮੈਨੂੰ, ਆਹ ਕੀ?" ਕੁਲਵੰਤ ਕੌਰ ਨੇ ਹਰਪਾਲ ਸਿੰਘ ਨੂੰ ਨਵੇਂ ਰੂਪ ਵਿਚ ਦੇਖ ਕੇ ਕਿਹਾ। ਉਸ ਵੱਲੋਂ ਥੋੜ੍ਹੇ ਚਿਰ ਮਗਰੋਂ ਹੀ 'ਵੈਸੇ ਤੁਸੀਂ ਇਸ ਤਰ੍ਹਾਂ ਵੀ ਜਚਦੇ ਹੋ!' ਕਹਿਣ ਤੋਂ ਹਰਪਾਲ ਸਿੰਘ ਨੂੰ ਪੱਕਾ ਯਕੀਨ ਹੋ ਗਿਆ ਸੀ ਕਿ ਉਹ, ਉਸ ਵੇਲ਼ੇ ਦਾਰੂ ਦੇ ਨਸ਼ੇ ਵਿਚ ਪੂਰੀ ਤਰ੍ਹਾਂ ਟੁੰਨ ਸੀ। ਉਸ ਨੂੰ ਤਾਂ ਇਹ ਉਮੀਦ ਸੀ ਕਿ ਉਸ ਨੂੰ ਇਸ 'ਨੌਨਸਿੱਖ' ਹੁਲੀਏ ਵਿਚ ਦੇਖ ਕੇ, ਉਹ ਦੁਹੱਥੜ ਮਾਰ ਕੇ ਕਹੇਗੀ, "ਲਾ'ਤੀ ਨਾ ਸਿੱਖੀ ਨੂੰ ਲਾਜ!" ਪਰ ਨਾ ਹਰਪਾਲ ਸਿੰਘ ਵਿਚ ਸਿੱਖੀ ਸੰਭਾਲਣ ਦੀ ਹਿੰਮਤ ਰਹੀ ਸੀ, ਨਾ ਕੁਲਵੰਤ ਕੌਰ ਅੰਦਰ ਹੀ ਸਿੱਖੀ ਸਿਦਕ ਬਚਿਆ ਸੀ। ਇਕ ਨੂੰ ਬੇਰੁਜ਼ਗਾਰੀ ਨੇ ਹਿਲਾ ਦਿੱਤਾ ਹੋਇਆ ਸੀ ਤੇ ਇਕ ਨੂੰ ਸ਼ਰਾਬ ਨੇ ਆਪਣੀ ਗ਼ੁਲਾਮ ਬਣਾ ਲਿਆ ਹੋਇਆ ਸੀ। ਇਹੋ ਜਿਹੀ ਹਾਲਤ ਵਿਚ ਉਨ੍ਹਾਂ ਦੋਹਾਂ ਅੰਦਰ ਇੰਨਾ ਵੀ ਕਣ ਨਹੀਂ ਰਿਹਾ ਸੀ ਕਿ ਉਹ ਨਾਈਜੇਰੀਅਨ ਬਾਸਕਟ ਬਾਲ ਖਿਡਾਰੀ ਮੁੰਡੇ ਜੌਹਨੀ ਨਾਲ਼, ਉਸ ਦੇ ਕਮਰੇ ਵਿਚ 'ਰਾਤ ਕੱਟ ਕੇ ਆਈ' ਚੰਨੀ ਨੂੰ ਕੁੱਝ ਕਹਿ-ਸੁਣ ਸਕਦੇ। ਉਹ ਤਾਂ ਦੋਵੇਂ ਹੀ, ਚੰਨੀ ਨਾਲ਼ ਨਜ਼ਰਾਂ ਮਿਲਾਉਣੋਂ ਵੀ ਡਰਨ ਲੱਗੇ। ਸ਼ਾਇਦ ਇਸ ਹਾਲਤ ਦਾ ਹੀ ਨਤੀਜਾ ਸੀ ਕਿ ਉਦੋਂ ਚੰਨੀ ਨੇ ਆਪਣਾ ਨਾਮ ਚੰਨੀ ਹੌਂਡਾ ਦੀ ਥਾਂ ਆਪਣੇ ਨਾਨਕਿਆਂ ਦਾ 'ਲਾਸਟ ਨੇਮ' ਲੈ ਕੇ 'ਚੰਨੀ ਅਗਰਵਾਲ' ਕਰ ਲਿਆ ਸੀ।

ਇਕ ਸੰਗਰਾਂਦ ਨੂੰ ਚੰਨੀ ਆਪਣੇ ਭਰਾ ਤੇ ਮਾਪਿਆਂ ਨਾਲ਼ ਗੁਰਦਵਾਰੇ ਵਿਚ ਸ਼ਬਦ ਗਾਇਨ ਕਰ ਕੇ ਆ ਰਹੀ ਸੀ ਕਿ ਉਸ ਨੇ ਆਪਣੀ ਮਾਂ ਨੂੰ ਪੁੱਛਿਆ, "ਮੌਮ, 'ਕਰੇ-ਕਰਾਇ ਆਪੇ-ਆਪ, ਮਾਨਸ ਕੇ ਨਹਿੰ ਕਿੱਛ ਭੀ ਹਾਥ' ਦਾ ਮੀਨਿੰਗ ਕੀ ਏ?"

ਉਸ ਦੀ ਮਾਂ ਨੇ, ਗੁਰਦਵਾਰਿਆਂ ਵਿਚੋਂ ਹੀ ਗ੍ਰੰਥੀਆਂ ਦੇ ਮੂੰਹੋਂ ਸੁਣੇ ਹੋਏ, ਇਸ ਤੁਕ ਦੇ ਅਰਥ ਉਸ ਨੂੰ ਦੱਸ ਦਿੱਤੇ, "ਗੁੱਗੂ, ਇਸ ਤੁਕ ਵਿਚ ਬਾਬਾ ਜੀ ਨੇ ਇਹ ਫ਼ਰਮਾਇਆ ਹੋਇਆ ਹੈ ਕਿ ਉਹ ਈਸ਼ਵਰ ਈ ਏ, ਜੋ ਸਭ ਕੁੱਝ ਕਰਦਾ-ਕਰਾਉਂਦਾ ਏ, ਇਸ ਮਨੁੱਖ ਦੇ ਹੱਥ-ਵੱਸ ਕੁੱਝ ਵੀ ਨਹੀਂ ਏ।"

"ਈਸ਼ਵਰ ਮੀਨਜ਼...?" ਚੰਨੀ ਨੇ ਪੁੱਛਿਆ ਸੀ।

"ਵਾਹਿਗੁਰੂ ਯਾਨੀ 'ਗੌਡ'!"

ਉਸ ਦਿਨ ਤੋਂ ਚੰਨੀ ਨੇ ਇਹ ਗੱਲ ਆਪਣੇ ਮਨ ਵਿਚ ਵਸਾ ਲਈ ਸੀ। ਉਸ ਨੇ ਸਮਝ ਲਿਆ ਕਿ ਜੇ ਉਸ ਦੀ ਮਾਂ ਸ਼ਰਾਬ ਪੀਂਦੀ ਹੈ ਤਾਂ ਇਸ ਵਿਚ ਵੀ 'ਬਾਬਾ ਜੀ ਦੀ ਮਰਜ਼ੀ' ਹੈ, ਜੇ ਉਸ ਦੇ 'ਪਾਪਾ' ਨੇ ਪੱਗ ਬੰਨ੍ਹਣੀ ਛੱਡ ਦਿੱਤੀ ਹੈ ਤਾਂ ਇਸ ਵਿਚ ਵੀ ਉਨ੍ਹਾਂ ਦਾ ਆਪਣਾ ਕੋਈ ਦਖ਼ਲ ਨਹੀਂ ਹੈ। ਉਹ ਸਮਝ ਗਈ ਸੀ ਕਿ ਇਸ ਧਰਤੀ ਉੱਤੇ ਕੋਈ ਪੱਤਾ ਵੀ ਹਿੱਲਦਾ ਹੈ ਤਾਂ ਉਸ ਲਈ 'ਈਸ਼ਵਰ' ਯਾਨੀ 'ਗੌਡ' ਹੀ ਜ਼ਿੰਮੇਵਾਰ ਹੈ। ਇਕ ਦਿਨ ਇਸੇ ਤਰ੍ਹਾਂ ਹੀ ਉਸ ਨੇ ਆਪਣੇ ਪਿਉ ਨੂੰ ਇਹ ਵੀ ਪੁੱਛ ਲਿਆ, "ਡੈਡ, ਕੱਲ੍ਹ ਮੈਂ ਗੁਰਦੁਆਰੇ ਕੋਲੋਂ ਲੰਘ ਰਹੀ ਸੀ ਕਿ ਗੁਰਦੁਆਰੇ ਅੰਦਰੋਂ 'ਘੱਲੇ ਆਵੇ ਨਾਨਕਾ, ਸੱਦੇ ਉਠ ਜਾਇ' ਦੇ ਕੀਰਤਨ ਦੀ ਆਵਾਜ਼ ਆ ਰਹੀ ਸੀ। ਮੈਂ ਘਰ ਤਕ ਇਹੋ ਸੋਚਦੀ ਆਈ ਕਿ ਇਸ ਸ਼ਬਦ ਰਾਹੀਂ ਬਾਬਾ ਜੀ ਨੇ ਸਾਨੂੰ ਕੀ ਹੁਕਮ ਦਿੱਤਾ ਹੋਇਐ। ਤੁਸੀਂ ਦੱਸੋਂਗੇ ਮੈਨੂੰ ਕਿ ਇਸ ਤੁਕ ਦਾ ਕੀ ਅਰਥ ਏ?"

"ਵਾਹ ਓ ਮੇਰੇ ਗੁੱਗੂ! ਤੂੰ ਤਾਂ ਆਉਂਦੀ-ਜਾਂਦੀ ਵੀ ਗੁਰਬਾਣੀ ਸੁਣਦੀ ਰਹਿਨੀ ਏਂ?"

"ਸੁਣਦੀ ਹੀ ਨਹੀਂ, ਸਮਝਦੀ-ਵਿਚਾਰਦੀ ਵੀ ਏ ਆਪਣੀ ਧੀ," ਰਸੋਈ ਵਿਚੋਂ ਕੁਲਵੰਤ ਕੌਰ ਨੇ ਬੜੇ ਮਾਣ ਜਿਹੇ ਨਾਲ਼ ਹੁੰਗਾਰਾ ਭਰਿਆ।

"ਸੁਣਦੀ ਤਾਂ ਮੈਂ ਬਹੁਤ ਚਿਰ ਦੀ ਹਾਂ, ਪਰ ਸਮਝਣਾ ਹੁਣੇ-ਹੁਣੇ ਸ਼ੁਰੂ ਕੀਤਾ ਏ। ਦੱਸੋ ਨਾ ਡੈਡ, ਇਸ ਤੁਕ ਦਾ ਕੀ ਅਰਥ ਏ?" ਚੰਨੀ ਹਾਲੇ ਵੀ ਉਸ ਤੁਕ 'ਤੇ ਹੀ ਅਟਕੀ ਹੋਈ ਸੀ।

"ਬੇਟਾ, ਇਹ ਪੂਰੀ ਤੁਕ ਇਸ ਤਰ੍ਹਾਂ ਹੈ: 'ਜੇਹਾ ਚੀਰੀ ਲਿਖਿਐ ਤੇਹਾ ਹੁਕਮ ਕਮਾਹਿ। ਘਲਹਿ ਆਵੈ ਨਾਨਕਾ ਸਦਿਹਿ ਉਠਿ ਜਾਏ॥' ਇਸ ਤੁਕ ਰਾਹੀਂ ਬਾਬਾ ਜੀ ਨੇ ਇਹ ਫ਼ਰਮਾਇਆ ਹੋਇਆ ਏ ਕਿ ਵਾਹਿਗੁਰੂ ਜੀ ਨੇ ਜਿੰਨਾ ਚਿਰ ਜੀਣ ਦਾ ਹੁਕਮ ਦਿੱਤਾ ਹੋਇਆ ਸੀ, ਉਹ ਮੰਨਦਿਆਂ ਬੰਦਾ ਇਸ ਧਰਤੀ ਉੱਤੇ ਘੱਲਿਆ ਜਾਂਦੈ ਤੇ ਉਸ ਦੇ ਸੱਦੇ 'ਤੇ ਹੀ ਉਹ ਵਾਪਸ ਚਲਿਆ ਜਾਂਦੈ।"

"ਤੇ ਫਿਰ ਜਿਵੇ-ਜਿਵ ਹੁਕਮ ਤਿਵੇ-ਤਿਵ ਕਾਰ॥ ਦਾ ਮਤਲਬ ਵੀ ਤਾਂ ਇਹੋ ਹੋਇਆ ਨਾ ਕਿ ਵਾਹਿਗੁਰੂ ਦੇ ਹੁਕਮ ਨਾਲ਼ ਹੀ ਹਰ ਕੰਮ ਹੁੰਦਾ ਏ?"

"ਹੰਡਰਡ ਪਰਸੈਂਟ ਕਰੈਕਟ।" ਉਸ ਦੇ ਬਾਪ ਨੇ ਇਹ ਕਹਿੰਦਿਆਂ, ਉਸ ਦਾ ਮੋਢਾ ਥਾਪੜ ਕੇ ਉਸ ਨੂੰ ਸ਼ਾਬਾਸ਼ ਦਿੱਤੀ।

"ਡੈਡ, ਇਸ ਦਾ ਮਤਲਬ ਮੌਮ 'ਡਰਿੰਕ' ਕਰਦੇ ਨੇ ਤੇ ਤੁਹਾਨੂੰ ਤੁਹਾਡੀ ਜੌਬ ਤੋਂ 'ਸੈਕ' ਕਰ ਦਿੱਤਾ ਗਿਆ ਏ। ਇਸ ਵਿਚ ਤੁਹਾਡਾ ਦੋਹਾਂ ਦਾ ਤਾਂ ਕੋਈ ਕਸੂਰ ਨਹੀਂ! ਇਹ ਤਾਂ ਵਾਹਿਗੁਰੂ ਜੀ ਦੇ ਹੁਕਮਾਂ ਨਾਲ਼ ਹੀ ਹੋਇਆ ਏ ਨਾ?" ਚੰਨੀ ਦਾ ਇਹ ਸੁਆਲ ਸੁਣਦੀ ਹੋਈ ਕੁਲਵੰਤ ਕੌਰ, ਰਸੋਈ ਵਿਚੋਂ ਅੰਦਰ ਆ ਕੇ ਬਿੱਟ-ਬਿੱਟ ਆਪਣੇ ਮੂੰਹ ਵੱਲ ਦੇਖਦੇ ਹਰਪਾਲ ਸਿੰਘ ਦੇ ਮੂੰਹ ਵੱਲ ਦੇਖਣ ਲੱਗੀ। ਜਦੋਂ ਉਨ੍ਹਾਂ ਦੋਹਾਂ ਦੇ ਮੂੰਹੋਂ ਇਸ ਸੁਆਲ ਦਾ ਜੁਆਬ ਨਾ ਸਰਿਆ ਤਾਂ ਚੰਨੀ ਨੇ ਕਿਹਾ, "ਕੱਲ੍ਹ ਮੈਂ ਇੱਥੋਂ ਨੇੜੇ ਹੀ ਇਕ ਬੇਕਰੀ ਵਿਚ 'ਪਾਰਟ ਟਾਈਮ ਜੌਬ' ਲਈ ਆਪਣਾ 'ਰੈਜ਼ਮੇ' ਦੇ ਕੇ ਆਈ ਸੀ। ਉਨ੍ਹਾਂ ਨੇ ਸਵੇਰੇ, ਮੈਨੂੰ ਗੱਲ-ਬਾਤ ਕਰਨ ਲਈ ਸੱਦਿਆ ਏ। ਮੈਂ ਸਵੇਰੇ ਉਸ ਬੇਕਰੀ ਜਾਣੈ। ਇਹ ਜੌਬ ਸਟੂਡੈਂਟਸ ਲਈ ਏ।"

ਸ਼ਾਇਦ ਇਹ ਵੀ ਵਾਹਿਗੁਰੂ ਦਾ ਹੁਕਮ ਹੀ ਸੀ ਕਿ ਹਰਪਾਲ ਸਿੰਘ ਤੇ ਕੁਲਵੰਤ ਕੌਰ ਆਪਣੀ ਧੀ ਨੂੰ ਇਸ ਸਬੰਧ ਵਿਚ ਕੁੱਝ ਵੀ ਨਾ ਕਹਿ ਸਕੇ ਤੇ ਚੰਨੀ ਨੇ ਉਨ੍ਹਾਂ ਦੀ ਚੁੱਪ ਦਾ ਅਰਥ, ਉਨ੍ਹਾਂ ਦੀ 'ਹਾਂ' ਹੀ ਮੰਨ ਲਿਆ। ਚੰਨੀ ਨੂੰ ਉਸ ਬੇਕਰੀ ਵਿਚ ਜੌਬ ਮਿਲ ਗਈ ਤੇ ਉਸ ਨੂੰ ਉੱਥੇ ਕੰਮ 'ਤੇ ਜਾਂਦੀ ਨੂੰ ਵੀ ਦੋ ਹਫ਼ਤੇ ਹੋ ਗਏ। ਉਸ ਬੇਕਰੀ ਤੋਂ ਮਿਲਿਆ ਦੋ ਹਫ਼ਤਿਆਂ ਦੀ ਵੇਜਿਜ਼ ਦਾ ਚੈੱਕ, ਚੰਨੀ ਨੇ ਲਿਆ ਕੇ ਆਪਣੀ ਮਾਂ ਦੀ ਤਲੀ ਉੱਤੇ ਰੱਖਿਆ ਤੇ ਕਿਹਾ, "ਮੌਮ, ਇਹ ਮੇਰੀ ਦੋ ਵੀਕਸ ਦੀ 'ਵੇਜਿਜ਼' ਏ। ਇਹ ਮੈਂ ਅੱਜ ਹੀ ਆਪਣੇ ਬੈਂਕ ਅਕਾਊਂਟ ਵਿਚ ਡਿਪਾਜ਼ਿਟ ਕਰ ਦਿਆਂਗੀ। ਤੁਸੀਂ ਲਿਸਟ ਬਣਾ ਲਓ, ਭਲਕੇ ਆਪਾਂ 'ਗਰੋਸਰੀ' ਕਰਨ ਚੱਲਾਂਗੇ।"

ਉਸ ਰਾਤ, ਕੁਲਵੰਤ ਕੌਰ ਨੇ ਆਪਣੇ ਬੈੱਡਰੂਮ ਵਿਚ ਹਰਪਾਲ ਸਿੰਘ ਨੂੰ ਕਿਹਾ, "ਮੈਂ ਕੀ ਕਹਿਨੀਂ ਆਂ?"

"ਕੁੱਝ ਬੋਲੇਂਗੀ ਨਾ ਤਾਂ ਪਤਾ ਕਿੱਦਾਂ ਲੱਗੂ?" ਹਰਪਾਲ ਸਿੰਘ ਨੇ ਬੈੱਡ ਉੱਤੇ, ਉਸ ਵੱਲ ਪਾਸਾ ਲੈਂਦਿਆਂ ਕਿਹਾ।

"ਬਾਬਾ ਜੀ ਦੀ ਕਿਰਪਾ ਨਾਲ਼ ਆਪਣੀ ਧੀ ਕਿੰਨੀ ਸਮਝਦਾਰ ਹੋ ਗਈ ਏ। ਅੱਜ ਉਸ ਨੂੰ ਬਾਰਾਂ ਸੌ ਡਾਲਰ ਦਾ ਪਹਿਲਾ ਚੈੱਕ ਮਿਲਿਆ। ਉਸ ਨੇ ਲਿਆ ਕੇ ਸਿੱਧਾ ਹੀ ਮੈਨੂੰ ਫੜਾ ਦਿੱਤਾ।"

"ਤੈਨੂੰ ਨਹੀਂ ਲੱਗਦਾ, ਉਸ ਵੱਲੋਂ ਆਪਣੀ 'ਪਾਕਿਟ ਮਨੀ' ਖ਼ਾਤਰ ਕੀਤੀ ਹੋਈ ਕਮਾਈ ਦਾ ਚੈੱਕ ਉਸ ਤੋਂ ਫੜ ਕੇ ਤੂੰ ਚੰਗਾ ਨਹੀਂ ਕੀਤਾ?"

"ਲੈ, ਭਲਾ ਮੈਂ ਉਸ ਦੇ ਸੈਂਟੀਮੈਂਟਸ ਦੀ ਪ੍ਰਵਾਹ ਨਾ ਕਰ ਕੇ ਉਸ ਦਾ ਦਿਲ ਤੋੜ ਦਿੰਦੀ? ਮੈਂ ਤਾਂ ਉਸ ਨੂੰ ਕਹਿ



ਦਿੱਤਾ ਪਈ ਸਾਨੂੰ ਤੇਰੀ ਕਮਾਈ ਦੀ ਲੋੜ ਨਹੀਂ, ਤੂੰ ਆਪਣੀ ਕਮਾਈ, ਆਪ ਹੀ ਰੱਖ-ਵਰਤ।"

"ਫੇਰ, ਉਨ੍ਹੇ ਕੀ ਕਿਹਾ?"

"ਕਹਿਣਾ ਕੀ ਸੀ, ਉਹ ਤਾਂ ਅੱਖਾਂ ਥਾਣੀਂ ਡੁੱਲ੍ਹ ਗਈ ਸਾਰੀ ਦੀ ਸਾਰੀ," ਇਹ ਕਹਿੰਦਿਆਂ ਕੁਲਵੰਤ ਕੌਰ ਨੇ ਵੀ ਆਪਣੀਆਂ ਅੱਖਾਂ ਆਪਣੀ ਚੁੰਨੀ ਨਾਲ਼ ਪੂੰਝੀਆਂ।

"ਤੂੰ ਉਸ ਨੂੰ ਦਿਲਾਸਾ ਨਾ ਦਿੱਤਾ?"

"ਜੇ ਸੱਚ ਪੁੱਛੋਂ ਤਾਂ ਬੜੇ ਚਿਰਾਂ ਬਾਅਦ ਇੰਨੀ ਕੁ ਰਕਮ ਦਾ ਚੈੱਕ ਦੇਖਣਾ ਵੀ ਬਹੁਤ ਭਾਗਾਂ ਵਾਲ਼ੀ ਗੱਲ ਲੱਗੀ। ਘਰ ਦੇ ਕਿੰਨੇ ਹੀ ਖ਼ਰਚੇ ਸਿਰ ਚੁੱਕ-ਚੁੱਕ ਮੇਰੇ ਅੱਲ ਦੇਖਣ ਡਹਿ ਪਏ। ਮੈਂ ਚੈੱਕ ਰੱਖ ਕੇ ਵੀ ਕੀ ਕਰਨਾ ਸੀ, ਸੋ ਉਸ ਨੂੰ ਮੋੜਦਿਆਂ ਕਹਿ ਦਿੱਤਾ ਪਈ, ਆਪਣੇ ਅਕਾਊਂਟ ਵਿਚ ਜਮ੍ਹਾ ਕਰਾ ਲੈ, ਜਦੋਂ ਕੋਈ ਲੋੜ ਹੋਈ ਤਾਂ ਤੈਥੋਂ ਲੈ ਲਊਂਗੀ।"

"ਕੁੜੀ ਦੀ ਕਮਾਈ ਖਾ ਲਏਂਗੀ?"

"ਲੈ ਤਾਂ ਦੱਸ, ਅੱਜ-ਕੱਲ੍ਹ ਕੀ ਫ਼ਰਕ ਏ ਮੁੰਡਿਆਂ-ਕੁੜੀਆਂ 'ਚ? ਜੇ ਗੁੱਗੂ ਮੁੰਡਾ ਹੁੰਦੀ ਤਾਂ ਫੇਰ ਕੀ ਕਹਿੰਦੇ? ਮੇਰੇ ਲਈ ਤਾਂ ਉਹ ਮੁੰਡਾ ਈ ਏ।"

"ਤੇ ਉਹ ਜਿਹੜਾ ਮੁੰਡਾ ਏ, ਉਸ ਦਾ ਵੀ ਕੋਈ ਪਤੈ?"

"ਪਤੇ ਨੂੰ ਉੱਥੇ ਕੀ ਆ, ਕੱਲ੍ਹ ਤਕ ਜਿਹੜਾ ਆਪਣਾ ਕਮਰਾ ਖੁੱਲ੍ਹਾ ਛੱਡ ਕੇ ਵੀ ਜਾਣ ਲਈ ਤਿਆਰ ਨਹੀਂ ਸੀ, ਅੱਜ ਆਪਣਾ ਕਮਰਾ ਕਿਰਾਏ ਉੱਤੇ ਦੇਣ ਲਈ ਰਾਜ਼ੀ ਹੋ ਗਿਆ ਏ। ਕਹਿੰਦਾ, ਮੈਂ ਫੈਮਿਲੀ ਰੂਮ ਵਿਚ 'ਰੱਗ' ਉੱਤੇ ਗੱਦਾ ਸਿੱਟ ਕੇ ਸੌਂ ਲਿਆ ਕਰੂੰਗਾ।"

"ਅੱਛਾ?"

"ਆਹੋ ਜੀ, ਉਹਨੇ ਤਾਂ ਆਪਣੇ ਕਮਰੇ ਲਈ ਇਕ ਕਿਰਾਏਦਾਰਨੀ ਵੀ ਲੱਭ ਲਈ ਏ।"

"ਕਿਰਾਏਦਾਰਨੀ?"

"ਆਹੋ, ਕਹਿੰਦਾ ਉਸ ਦੇ ਕਿਸੇ ਫਰੈਂਡ ਦੀ ਜਾਣ-ਸਿਆਣ ਵਾਲ਼ੀ ਏ। ਕੱਲ੍ਹ ਉਸ ਨੂੰ ਕਮਰਾ ਦਿਖਾ ਵੀ ਗਿਆ ਏ।"

"ਹੱਦ ਹੋ ਗਈ! ਤੇ ਕਿਰਾਇਆ ਕਿੰਨਾ ਦਊਗੀ ਉਹ?"

"ਕਹਿੰਦਾ ਸੀ, ਕਿਰਾਏ ਦੀ ਗੱਲ ਤੁਸੀਂ ਆਪ ਕਰ ਲਿਓ।"

ਅਸਲ ਵਿਚ ਕਿਰਾਏਦਾਰਨੀ ਗੋਰੀ, ਸੰਨੀ ਦੇ ਹਾਣ-ਹਮਾਣ ਦੀ ਹੀ ਨਹੀਂ ਸੀ, ਉਸ ਦੀ 'ਗਰਲ ਫਰੈਂਡ' ਵੀ ਸੀ। ਉਸ ਨੂੰ ਆਪਣੀ ਕਿਰਾਏਦਾਰਨੀ ਬਣਾਉਣ ਦੇ ਓਹਲੇ ਵਿਚ ਸੰਨੀ ਨੂੰ ਆਪਣੀਆਂ 'ਕਈ ਸਕੀਮਾਂ' ਸਿਰੇ ਚੜ੍ਹਨ ਦੀ ਆਸ ਸੀ। 'ਸਟੈਲ਼ਾ ਫੋਰਡ' ਨਾਂ ਦੀ ਕਿਰਾਏਦਾਰਨੀ, ਕਿਸੇ ਕੌਫੀ ਸ਼ੌਪ ਵਿਚ ਕੰਮ ਕਰਦੀ ਸੀ ਤੇ ਸੰਨੀ ਦਾ, ਉਸ ਕੌਫੀ ਸ਼ੌਪ ਵਿਚ ਕਾਫੀ ਆਉਣ-ਜਾਣ ਸੀ। ਇਸ ਤਰ੍ਹਾਂ ਵੀ ਕਿਹਾ ਜਾ ਸਕਦਾ ਹੈ ਕਿ ਸੰਨੀ ਉਸ ਕੌਫੀ ਸ਼ੌਪ ਵਿਚ ਸਟੈਲਾ ਨੂੰ ਹੀ ਦੇਖਣ-ਮਿਲਣ ਜਾਂਦਾ ਹੁੰਦਾ ਸੀ।

---

ਸਟੈਲਾ ਨੂੰ ਸੰਨੀ ਵਾਲ਼ਾ ਕਮਰਾ ਪਸੰਦ ਆ ਗਿਆ ਸੀ। ਆਉਂਦਾ ਵੀ ਕਿਉਂ ਨਾ! ਉਸ ਨੇ ਲਾਂਡਰੀ ਕਰਨ ਦੀ ਸਹੂਲਤ ਮੰਗਦਿਆਂ, ਪੰਜ ਸੌ ਡਾਲਰ ਹਰ ਮਹੀਨੇ ਦੇਣੇ ਮੰਨ ਲਏ। ਕੁਲਵੰਤ ਕੌਰ ਨੇ ਲਾਂਡਰੀ ਦੀ ਸਹੂਲਤ ਦੇਣੀ ਮੰਨਣ ਵਿਚ ਟੈਮ ਖੋਟਾ ਨਾ ਕਰਦਿਆਂ, ਪਹਿਲੇ ਦੋ ਮਹੀਨਿਆਂ ਦਾ ਕਿਰਾਇਆ ਪੇਸ਼ਗੀ ਮੰਗ ਲਿਆ। ਸਟੈਲਾ ਨੇ ਤਾੜ ਲਿਆ ਸੀ ਕਿ 'ਲੈਂਡ ਲੇਡੀ' ਨੂੰ ਇਸ ਰਕਮ ਦੀ ਕਾਫੀ ਲੋੜ ਹੈ। ਉਸ ਨੇ ਆਪਣੀ ਮਾਂ ਦੇ ਪਿੱਛੇ ਖੜ੍ਹੇ ਸੰਨੀ ਵੱਲ ਦੇਖਿਆ ਤਾਂ ਉਸ ਨੇ ਸਟੈਲਾ ਵੱਲ ਨੂੰ 'ਥੰਮਜ਼ ਅੱਪ' ਕਰ ਦਿਤਾ। ਸਟੈਲਾ ਨੇ ਵੀ ਲਾਂਡਰੀ ਦੀ ਸਹੂਲਤ ਦੇਣ ਬਾਰੇ ਹਾਂ ਸੁਣਨ ਮਗਰੋਂ, ਇਹ ਕਮਰਾ ਹੱਥੋਂ ਗੁਆਉਣਾ ਠੀਕ ਨਾ ਸਮਝਿਆ ਤੇ ਇਕ ਹਜ਼ਾਰ ਡਾਲਰ ਕੁਲਵੰਤ ਕੌਰ ਨੂੰ ਫੜਾ ਕੇ, ਉਸ ਨੂੰ ਹੋਰ ਬੋਲਣ ਜੋਗੀ ਨਾ ਛੱਡਿਆ। ਗੋਰੀ ਕੁੜੀ ਨੂੰ ਲਾਂਡਰੀ ਦੀ ਸਹੂਲਤ ਮਿਲਣ ਦੇ ਨਾਲ਼ ਹੀ ਸੰਨੀ ਦੇ ਰੂਪ ਵਿਚ 'ਲਾਂਡਰੀ ਬੁਆਏ' ਮਿਲਣ ਦੀ ਵੀ ਪੂਰੀ ਆਸ ਸੀ।

---

ਇਕ ਦਿਨ ਸੰਨੀ, ਸਟੈਲਾ ਵਾਲ਼ੀ ਕੌਫੀ ਸ਼ੌਪ ਵਿਚ ਲੋਕਾਂ ਤੋਂ ਕਾਫੀ ਓਹਲੇ ਜਿਹੇ ਇਕ ਟੇਬਲ ਉੱਤੇ ਬਹਿਣ ਤੋਂ ਪਹਿਲਾਂ ਸਟੈਲਾ ਨੂੰ ਇਕ ਸਮੌਲ ਕੈਪੀਚੀਨੋ ਉਸ ਟੇਬਲ ਉੱਤੇ ਦੇ ਜਾਣ ਦਾ ਔਰਡਰ ਦੇ ਗਿਆ। ਸਟੈਲਾ ਉਸ ਨੂੰ ਕੈਪੀਚੀਨੋ ਦਾ ਕੱਪ ਦੇ ਗਈ। ਉਸ ਦਿਨ ਕੌਫੀ ਸ਼ੌਪ ਵਿਚ ਗਾਹਕਾਂ ਦੀ ਆਵਾਜਾਈ ਘੱਟ ਹੀ ਸੀ। ਇੰਨੇ ਵਿਚ 'ਮੌਪ' ਹੱਥ ਵਿਚ ਫੜੀ ਸਟੈਲਾ ਉਸ ਦੇ ਟੇਬਲ ਕੋਲ ਆ ਗਈ। ਉਹ, ਸੰਨੀ ਵੱਲ ਪਿੱਠ ਕਰ ਕੇ ਨਾਲ਼ ਦੇ ਟੇਬਲ ਹੇਠੋਂ 'ਗਾਰਬੇਜ' ਕੱਢਣ ਖ਼ਾਤਰ ਇੰਨੀ ਝੁਕ ਗਈ ਕਿ ਕੁੱਝ ਚਿਰ ਲਈ, ਉਸ ਦੀ ਪਿੱਠ ਤੋਂ ਇਲਾਵਾ ਹੋਰ ਕੁੱਝ ਨਹੀਂ ਦਿਸਦਾ ਸੀ, ਉਹ ਵੀ ਉਸ ਵੇਲ਼ੇ, ਜਦੋਂ ਸਟੈਲਾ ਨੇ ਮਿੰਨੀ ਸਕੱਰਟ ਹੇਠਾਂ ਗੁਲਾਬੀ ਰੰਗ ਦੀ ਛੋਟੀ ਜਿਹੀ ਪੈਂਟੀ ਪਾਈ ਹੋਈ ਸੀ। ਇਕ ਵਾਰ ਤਾਂ ਸਟੈਲਾ ਦੀ ਪਿੱਠ ਅਤੇ ਸੰਨੀ ਦਾ ਨੱਕ ਆਪਸ ਵਿਚ ਟਕਰਾਉਂਦੇ ਹੀ ਰਹਿ ਗਏ। ਸੰਨੀ ਆਪਣੇ ਨੱਕ ਨੂੰ 'ਪੂਰੀ ਆਜ਼ਾਦੀ' ਦੇਣ ਬਾਰੇ ਅਜੇ ਸੋਚ ਹੀ ਰਿਹਾ ਸੀ ਕਿ ਸਟੈਲਾ ਨੇ ਸਿੱਧੀ ਖੜ੍ਹੀ ਹੋ ਕੇ ਉਸ ਵੱਲ ਮੂੰਹ ਘੁਮਾ ਕੇ ਕਿਹਾ, "ਆਰ ਯੂ ਇੰਜੁਆਇੰਗ ਦ ਗਲਿੰਪਸ ਔਫ ਅ ਗਰਾਜ ਸੇਲ?" (ਕਿਸੇ ਗਰਾਜ ਸੇਲ ਦਾ ਝਾਕਾ ਲੈ ਰਿਹਾ ਏਂ?)"

"ਸੌਰੀ, ਤੁਸੀਂ ਕੀ ਕਿਹਾ?"

"ਜੋ ਤੂੰ ਸੁਣਿਆ ਏ, ਉਸ ਤੋਂ ਨਾ ਘੱਟ, ਨਾ ਵੱਧ।" ਇਹ ਜੁਆਬ ਦਿੰਦਿਆਂ, ਸਟੈਲਾ ਦੇ ਚਿਹਰੇ ਉੱਤੇ ਲੋਹੜੇ ਦੀ ਖ਼ਤਰਨਾਕ ਸ਼ਰਾਰਤ ਸੀ।

"ਤੂੰ ਕੁਛ ਜ਼ਿਆਦਾ ਹੀ ਕਾਹ਼ਲੀ ਹੋ ਗਈ ਲੱਗਦੀ ਏਂ। ਕੁੱਝ ਦੇਰ ਹੋਰ ਇਸੇ ਹੀ ਪੌਸਚਰ ਵਿਚ ਰੁਕ ਜਾਂਦੀ ਤਾਂ ਤੇਰਾ ਕੀ ਚਲੇ ਜਾਂਦਾ?

"ਤੇਰੇ ਕੋਲ 'ਕੰਡੋਮ' ਹੈਗਾ ਏ?" ਸਟੈਲਾ ਦੇ ਇਸ ਸੁਆਲ ਨੇ ਸੰਨੀ ਦੀ ਥੰਮੀ ਹੀ ਖਿੱਚ ਲਈ।

"ਹੁਣ ਦੇਖਣ ਲਈ ਵੀ ਕੰਡੋਮ ਦੀ ਲੋੜ ਪੈਣ ਲੱਗ ਪਈ?"

"ਤੂੰ ਦੇਖਦਾ ਵੀ ਕਿੰਨਾ ਕੁ ਚਿਰ ਰਹਿ ਸਕਣਾ ਸੀ?" ਸੰਨੀ ਕੋਲੋਂ ਇਸ ਦਾ ਜੁਆਬ ਨਾ ਦਿੱਤਾ ਗਿਆ ਤਾਂ ਸਟੈਲਾ ਨੇ ਕਿਹਾ, "ਅੱਜ ਰਾਤੀਂ ਦੇਖੂੰਗੀ ਤੈਨੂੰ, ਸਟਰਾਬਰੀ ਫਲੇਵਰ ਵਾਲ਼ਾ ਕੰਡੋਮ ਲੈ ਕੇ ਹੀ ਘਰ ਵੜੀਂ।"

**⇒ ਬਾਕੀ ਅਗਲੇ ਅੰਕ ਵਿੱਚ**

# ਰਾਵੀ ਦਾ ਰਾਠ: ਇਤਿਹਾਸਕ, ਸੱਭਿਆਚਾਰਕ ਪਰਿਪੇਖ

**ਗਗਨਦੀਪ ਸਿੰਘ, ਖੋਜਾਰਥੀ**

ਪ੍ਰਸਿੱਧ ਮਾਰਕਸਵਾਦੀ ਇਤਿਹਾਸਕਾਰ ਰੋਮਿਲਾ ਥਾਪਰ ਅਨੁਸਾਰ: ਇਤਿਹਾਸ ਅਜਿਹਾ ਜਾਣਕਾਰੀਆਂ ਦਾ ਸੰਗ੍ਰਹਿ ਮਾਤਰ ਨਹੀਂ ਹੈ, ਜੋ ਘਟਨਾਵਾਂ ਵਿੱਚ ਬਿਨਾ ਕਿਸੇ ਤਬਦੀਲੀ ਦੇ ਪੀੜ੍ਹੀ-ਦਰ-ਪੀੜ੍ਹੀ ਸਿਰਫ ਜਾਣਕਾਰੀਆਂ ਹੀ ਸਾਂਝੀਆਂ ਕਰਦਾ ਹੈ, ਸਗੋਂ ਵਿਸ਼ਲੇਸ਼ਣ ਅਤੇ ਤੱਥਾਂ ਦੇ ਆਧਾਰ 'ਤੇ ਇਤਿਹਾਸ ਦੀ ਵਿਆਖਿਆ ਕੀਤੀ ਜਾਂਦੀ ਹੈ। ਇਹ ਅਜਿਹੀਆਂ ਧਾਰਨਾਵਾਂ ਦਾ ਸਾਧਾਰਨੀਕਰਨ ਕਰਦਾ ਹੈ, ਜੋ ਤਰਕ ਆਧਾਰਿਤ ਹੋਣ।... ਇਤਿਹਾਸਕ ਵਿਆਖਿਆ ਪਾਠਕ ਅੰਦਰ ਇਹ ਜਾਗਰੁਕਤਾ ਪੈਦਾ ਕਰਦੀ ਹੈ ਕਿ ਅਤੀਤ ਦੀ ਛਾਪ ਵਰਤਮਾਨ ਉਪਰ ਨਕਾਰਾਤਮਕ ਤੇ ਸਕਾਰਾਤਮਕ ਕਿਸ ਤਰ੍ਹਾਂ ਪਈ!


ਦੁਨੀਆਂ ਉਪਰ ਜਿੰਨੀਆਂ ਵੀ ਸੱਭਿਅਤਾਵਾਂ ਪਨਪੀਆਂ, ਉਹ ਨਦੀਆਂ-ਦਰਿਆਵਾਂ ਦੇ ਕੰਢਿਆਂ ਦੁਆਲੇ ਹੀ ਵਧੀਆਂ-ਫੁੱਲੀਆਂ। ਇਸ ਦਾ ਕਾਰਨ ਨਦੀਆਂ ਦੁਆਰਾ ਜੀਵਨ ਨਿਰਵਾਹ ਲਈ ਢੁਕਵਾਂ ਜਲਵਾਯੂ ਅਤੇ ਪੌਣ-ਪਾਣੀ ਮੁਹੱਈਆ ਕਰਵਾਉਣਾ ਹੈ। ਦੂਜਾ, ਕੁਦਰਤੀ ਜਲ ਸ੍ਰੋਤਾਂ ਨੇ ਬਹੁਤ ਸਾਰੀਆਂ ਰਾਸ਼ਟਰੀ ਤੇ ਅੰਤਰ-ਰਾਸ਼ਟਰੀ ਹੱਦ-ਬੰਦੀਆਂ ਵੀ ਤੈਅ ਕੀਤੀਆਂ ਹਨ। ਜਿਵੇਂ ਕਿ ਰਾਵੀ ਦਰਿਆ 'ਹਿੰਦ' 'ਪਾਕਿ' ਦੀ ਅੰਤਰ-ਰਾਸ਼ਟਰੀ ਕੁਦਰਤੀ ਸੀਮਾ ਨੂੰ ਨਿਯਤ ਕਰਦਾ ਹੈ।

ਸਿੰਧ ਜਲ ਸੰਧੀ (1960) ਭਾਰਤ ਅਤੇ ਪਾਕਿਸਤਾਨ ਦੇ ਬਟਵਾਰੇ ਤੋਂ ਬਾਅਦ ਹੋਣ ਵਾਲੀ ਉਹ ਜਲ ਸੰਧੀ ਹੈ, ਜਿਸ ਨੇ ਪੰਜਾਬ ਵਿਚਲੇ ਪੰਜ ਦਰਿਆਵਾਂ ਨੂੰ ਅੱਧੋ-ਅੱਧ ਹਿੱਸਿਆਂ ਵਿੱਚ ਤਕਸੀਮ ਕਰ ਦਿੱਤਾ ਅਤੇ ਭਾਰਤ ਤੇ ਪਾਕਿਸਤਾਨ ਦਰਮਿਆਨ ਪਾਣੀਆਂ ਦੇ ਨਿੱਤ ਭਖ਼ਦੇ ਮਸਲੇ ਨੂੰ ਇਸ ਸੰਧੀ ਦੁਆਰਾ ਸ਼ਾਂਤ ਕਰ ਦਿੱਤਾ। ਰਾਵੀ ਦਰਿਆ ਕੁਦਰਤੀ ਵਿਭਾਜਨ ਦੀ ਨੀਂਹ ਮੰਨਿਆ ਗਿਆ। ਹਥਲੀ ਪੁਸਤਕ 'ਰਾਏ ਅਹਿਮਦ ਖਾਨ ਖਰਲ: ਰਾਵੀ ਦਾ ਰਾਠ' ਵਿੱਚ ਜਿਸ ਭੂਗੋਲਿਕ ਖੇਤਰ ਦੀ ਗੱਲ ਕੀਤੀ ਗਈ ਹੈ, ਉਹ ਰਾਵੀ ਦਰਿਆ ਦੇ ਆਸ-ਪਾਸ ਦਾ ਇਲਾਕਾ ਹੀ ਹੈ ਅਤੇ ਇਹ ਇਲਾਕਾ ਇੱਥੋਂ ਦੇ ਸਥਾਨਕ ਵਾਸੀਆਂ ਦੀ ਹੋਣੀ ਇਤਿਹਾਸਕ ਫੈਸਲਾਕੁੰਨ ਸਥਿਤੀਆਂ ਦੀ ਬਾਤ ਸੁਣਾਉਂਦਾ ਹੈ। 'ਰਾਠ' ਸ਼ਬਦ ਤੋਂ ਭਾਵ ਸਰਦਾਰ, ਦਲੇਰ ਵਿਅਕਤੀ, ਰਾਜਪੂਤਾਨੇ ਦੀ ਇੱਕ ਜੱਟ ਜਾਤੀ ਤੋਂ ਹੈ। ਅਤੇ ਰਾਏ ਇੱਕ ਉਪਾਧੀ ਹੈ, ਜਿਸ ਤੋਂ ਭਾਵ ਅਮੀਰ ਜਾਂ ਸਰਦਾਰ ਹੈ। ਇਸੇ ਤਰ੍ਹਾਂ ਖਰਲ ਪਾਕਿਸਤਾਨ ਵਿਚਲੇ ਪੰਜਾਬ ਦੀ ਇੱਕ ਜਾਤੀ ਜਾਂ ਕਬੀਲੇ ਦਾ ਨਾਮ ਹੈ, ਜਿਸ ਦੀ ਵੰਸ਼ ਵਿੱਚੋਂ 'ਅਹਿਮਦ ਖਾਨ' ਹੋਇਆ, ਜੋ ਪਾਕਿਸਤਾਨੀ ਪੰਜਾਬ ਵਿੱਚ ਇੱਕ ਸ਼ਹੀਦ ਦੇ ਤੌਰ 'ਤੇ ਮਕਬੂਲ ਹੋਇਆ। ਸ਼ਹੀਦ ਇਸ ਲਈ, ਕਿਉਂਕਿ ਉਸਨੇ ਆਪਣੀ ਬਹਾਦਰੀ-ਦਲੇਰੀ ਦਾ ਪ੍ਰਮਾਣ ਦਿੰਦਿਆਂ ਅੰਗਰੇਜਾਂ ਨਾਲ ਆਢਾ ਲਾਇਆ, ਆਪਣੀਆਂ ਕ੍ਰਾਂਤੀਕਾਰੀ, ਵਿਦਰੋਹੀ ਗਤੀਵਿਧੀਆਂ ਨਾਲ ਸਮਕਾਲੀ ਹਕੂਮਤ ਦੀ ਨੱਕ ਵਿੱਚ ਦਮ ਕੀਤਾ। ਅੰਤ ਨੂੰ ਉਹ ਬਰਤਾਨਵੀ ਸਾਮਰਾਜ ਵਿਰੋਧੀ ਗਤੀਵਿਧੀਆਂ ਅਰੰਭਣ/ਵਿੱਢਣ ਕਾਰਨ ਸ਼ਹੀਦ ਹੋ ਗਿਆ। ਉਸ ਦੇ ਉਤਰ-ਅਧਿਕਾਰੀ ਪਾਕਿਸਤਾਨੀ ਬਜ਼ਾਰਤ ਵਿੱਚ ਆਪਣਾ ਹੱਥ ਸਫਲਤਾਪੂਰਵਕ ਅਜ਼ਮਾ ਚੁੱਕੇ ਹਨ ਅਤੇ ਲਗਾਤਾਰ ਰਾਜਨੀਤੀ ਵਿੱਚ ਸ਼ਿਰਕਤ ਕਰ ਰਹੇ ਹਨ।

'ਰਾਏ ਅਹਿਮਦ ਖਾਨ ਖਰਲ: ਰਾਵੀ ਦਾ ਰਾਠ' ਧਰਮ ਸਿੰਘ ਗੋਰਾਇਆ ਦੀ ਨੌਵੀਂ ਪੁਸਤਕ ਹੈ, ਜੋ ਪੰਜਾਬ ਲੋਕ ਵਿਰਾਸਤ ਅਕਾਦਮੀ, ਲੁਧਿਆਣਾ ਵੱਲੋਂ ਪ੍ਰਕਾਸ਼ਿਤ ਕੀਤੀ ਗਈ ਹੈ। ਪੁਸਤਕ ਵਿੱਚ ਲੇਖਕ ਦੀ ਕਲਮ ਬਾਰੇ ਆਪਣੀ ਸਵੈ-ਜਾਣਕਾਰੀ, ਅਸਦ ਸਲੀਮ ਸ਼ੇਖ (ਧਰਮ ਸਿੰਘ ਗੋਰਾਇਆ - ਖੋਜ ਦਾ ਸਫ਼ਰ) ਅਤੇ ਡਾ. ਤੌਹੀਦ ਅਹਿਮਦ ਚੱਠਾ (ਪੁਨਰ-ਵਿਚਾਰ) ਤੋਂ ਇਲਾਵਾ ਕੁੱਲ ਸਤਾਰ੍ਹਾਂ ਲੇਖ ਦਰਜ ਹਨ, ਜੋ ਤਰਤੀਬ ਅਨੁਸਾਰ 'ਪੰਜਾਬ ਦਾ ਅੱਗਾ-ਪਿੱਛਾ', 'ਸਿੱਖਾਂ ਦੇ ਰਾਜ-ਕਾਲ ਦਾ ਅੰਤ', 'ਲਾਹੌਰ ਕਿਲੇ ਉਪਰ ਯੂਨੀਅਨ ਜੈਕ', 'ਰਾਵੀ ਦਾ ਜਾਂਬਾਜ਼ ਸਪੂਤ', 'ਮੁਗਲੀਆ ਸਲਤਨਤ ਦਾ ਖਾਤਮਾ', 'ਪੰਜਾਬ ਅੰਦਰ ਦਹਿਸ਼ਤੀ ਦੌਰ', 'ਜ਼ਮੀਨੀ ਲਗਾਨ ਦਾ ਸੁਆਲ', 'ਪਹਿਲੀ ਜੰਗ ਦੀ ਸ਼ੁਰੂਆਤ', '26 ਜੁਲਾਈ', 'ਕਬੀਲੇ ਮੁਖੀਆਂ ਦੀ ਗੁਪਤ ਮਿਲਣੀ', 'ਆਖਰੀ ਜੰਗ', 'ਸੂਰਬੀਰ ਬਚਨ ਕੇ ਬਲੀ', 'ਅੰਗਰੇਜਾਂ ਦੇ ਚਹੇਤੇ', 'ਅਸਰ ਦੀ ਨਿਮਾਜ਼ ਦਾ ਵਕਤ', 'ਬੱਰਕਲੇ (ਓੱਫੌਧ ਾਿਠਢਘਓੁਧ ਭਓੁਖਓੱ) ਦੀ ਮੌਤ', 'ਸਰਕਾਰੀ ਲਿਖਤਾਂ', 'ਬਾਗੀਆਂ ਦੇ ਸੰਘਰਸ਼ ਦੀ ਜਲਦ ਸਮਾਪਤੀ-ਕਾਰਨ' ਪ੍ਰਮੁੱਖ ਹਨ।

ਪੁਸਤਕ ਦੇ ਅਧਿਐਨ ਤੋਂ ਲੇਖਕ ਦੀ ਪਹੁੰਚ ਵਿਧੀ, ਉਸਦੀ ਲਿਖਣ-ਸ਼ੈਲੀ, ਉਸਦੀ ਇਤਿਹਾਸ ਵਾਚਣ ਵਿਧੀ, ਉਸ ਦੁਆਰਾ ਖੇਤਰੀ ਖੋਜ ਦੌਰਾਨ ਵਰਤੇ ਗਏ ਖੋਜ-ਸੰਦਾਂ, ਇਤਿਹਾਸਕ ਲਿਖਤਾਂ: ਵਾਚਣ ਢੰਗਾਂ, ਸਰਕਾਰੀ ਰਿਕਾਰਡ ਦੀ ਖੋਜ ਦੌਰਾਨ ਉਚਿੱਤ ਪ੍ਰਮਾਣਿਕਤਾ ਹਿੱਤ ਵਰਤੋਂ, ਖਾਸ ਤੌਰ 'ਤੇ ਉਸਦੇ ਵਿਅਕਤੀਗਤ ਦ੍ਰਿਸ਼ਟੀਕੋਣ ਬਾਰੇ ਪਤਾ ਲੱਗਦਾ ਹੈ। ਲੇਖਕ ਦੀ ਇਤਿਹਾਸ ਵਾਚਣ ਸੰਬੰਧੀ ਪ੍ਰਮੁੱਖ ਵਿਧੀ ਮਾਰਕਸਵਾਦੀ ਹੈ। ਉਹ ਲੋਕਧਾਰਾਈ ਸਮੱਗਰੀ ਜਿਵੇਂ ਕਿ ਲੋਕ-ਤੱਥਾਂ, ਅਖੌਤਾਂ, ਪ੍ਰਚਲਿਤ ਲੋਕ ਧਾਰਨਾਵਾਂ ਦਾ ਇਸਤੇਮਾਲ ਵੀ ਆਪਣੀ ਜਾਣਕਾਰੀ ਹਿਤ ਕਰਦਾ ਹੈ। ਲੇਖਕ ਦੀ ਪ੍ਰਤਿਬੱਧਤਾ ਦੇਸੀ ਆਜ਼ਾਦੀ ਘੁਲਾਟੀਆਂ ਪ੍ਰਤੀ ਹੈ ਅਤੇ ਉਹ ਸ਼ੋਸਿਤ ਦੇ ਪੱਖ ਵਿੱਚ ਭੁਗਤਦਾ ਨਜ਼ਰੀ ਆਉਂਦਾ ਹੈ। ਅਜਿਹਾ ਨਹੀਂ ਕਿ ਇਸ ਪੁਸਤਕ ਤੋਂ ਹੀ ਉਸਦੇ ਸ਼ੋਸਿਤ ਜਾਂ ਸਮਾਜਵਾਦੀ ਕੀਮਤਾਂ ਦੇ ਪੱਖ ਵਿੱਚ ਭੁਗਤਣ ਦਾ ਪਤਾ ਚਲਦਾ ਹੈ, ਸਗੋਂ ਉਸ ਦੀਆਂ ਪੂਰਵਲੀਆਂ ਲਿਖਤਾਂ ਜਿਵੇਂ ਕਿ 'ਦੁੱਲਾ ਭੱਟੀ', 'ਚੀ ਗੁਵੇਰਾ', 'ਜੱਗਾ ਸੂਰਮਾ', 'ਕਾਮਰੇਡ ਤੇਜਾ ਸਿੰਘ ਸੁਤੰਤਰ' ਆਦਿ ਬਾਰੇ ਪ੍ਰਕਾਸ਼ਿਤ ਲਿਖਤਾਂ ਤੋਂ ਸਹਿਜੇ ਹੀ ਅੰਦਾਜ਼ਾ ਲਗਾਇਆ ਜਾ ਸਕਦਾ ਹੈ। ਲੇਖਕ ਦੇ ਇਤਿਹਾਸਕ ਨਾਇਕ ਦੇਸੀ ਉਹ ਸੂਰਮੇ/ਯੋਧੇ ਹਨ, ਜਿਨ੍ਹਾਂ ਨੇ ਲੋਕ-ਹਿਤੈਸ਼ੀ ਵਿਚਾਰਧਾਰਾ ਤੋਂ ਸੋਸ਼ਕ ਸਥਾਪਤੀ ਪ੍ਰਤੀ ਆਵਾਮ ਦੇ ਹੱਕ ਵਿੱਚ ਆਵਾਜ਼ ਬੁਲੰਦ ਕੀਤੀ।

ਲੇਖਕ ਦਾ ਆਪਣੀ ਇਸ ਪੁਸਤਕ ਦੇ ਪ੍ਰਕਾਸ਼ਨ ਪਿੱਛੇ ਮੂਲ ਮਕਸਦ ਜਾਂ ਉਦੇਸ਼ 'ਅਹਿਮਦ ਖਾਨ ਖਰਲ' ਦੀ ਜਾਬਰ ਸੱਤਾਧਿਰ ਅੰਗਰੇਜ਼ ਹਕੂਮਤ ਖਿਲਾਫ਼ ਇਨਕਲਾਬੀ ਮੁਹਿੰਮ ਬਾਰੇ ਜਾਣਕਾਰੀ ਦੇਣਾ ਅਤੇ ਉਸ ਦੇ ਵਿਰੋਧ ਸਮੇਂ ਵਰਤੇ ਗਏ ਢੰਗ, ਤਰੀਕਿਆਂ ਬਾਰੇ ਦੋਵੇਂ ਪੰਜਾਬਾਂ (ਪਾਕਿਸਤਾਨੀ ਪੰਜਾਬ ਤੇ ਭਾਰਤੀ ਪੰਜਾਬ) ਦੇ ਵਸਨੀਕਾਂ ਤੇ ਦੇਸ-ਵਿਦੇਸ਼ ਵਿੱਚ ਵਸਦੇ ਸਮੂਹ ਪੰਜਾਬੀਆਂ ਨੂੰ ਦੱਸਣਾ ਹੈ ਅਤੇ ਉਸਦੇ ਨਾਇਕਤਵ, ਆਦਰਸ਼ਵਾਦੀ, ਕ੍ਰਾਂਤੀਕਾਰੀ, ਜਨ-ਹਿਤੈਸ਼ੀ, ਸਮਾਜਵਾਦੀ ਕਿਰਦਾਰ ਤੋਂ ਜਾਣੂ ਕਰਵਾਉਣਾ ਹੈ ਤਾਂ ਜੋ ਆਉਣ ਵਾਲੀ ਪੀੜ੍ਹੀ ਅਤੇ ਸਮੁੱਚਾ ਪੰਜਾਬੀ ਪਾਠਕ ਵਰਗ ਆਪਣੇ ਵਿਰਾਸਤੀ ਨਾਇਕਾਂ ਦੇ ਰਾਹ ਉਪਰ ਤੁਰ ਸਕੇ ਤੇ ਉਨ੍ਹਾਂ ਦੀ ਆਦਰਸ਼ਕ ਭੂਮਿਕਾ ਤੋਂ ਸੇਧ ਲੈ ਸਕੇ।




ਲੇਖਕ ਦੇ ਪੁਸਤਕ ਲੇਖਣ ਦੌਰਾਨ ਮੂਲ ਪ੍ਰੇਰਕ ਤੱਤ ਅੰਗਰੇਜੀ ਹਕੂਮਤ, ਦੇਸੀ ਅਤੇ ਵਿਦੇਸ਼ੀ ਲੇਖਕਾਂ ਦੀਆਂ 'ਅਹਿਮਦ ਖਾਨ ਖਰਲ' ਬਾਰੇ ਗ਼ਲਤ ਪ੍ਰਚੱਲਿਤ ਧਾਰਨਾਵਾਂ ਦਾ ਤਰਕ ਸਹਿਤ ਖੰਡਨ ਕਰਨਾ ਹੈ। ਉਸ ਲਈ ਪ੍ਰੇਰਕ ਨਾਇਕ 'ਅਹਿਮਦ ਖਾਨ ਖਰਲ' ਦੇ ਇਤਿਹਾਸਕ ਕਿਰਦਾਰ ਵਿੱਚ ਕੁਝ ਨਿਵੇਕਲੇ, ਵਿਲੱਖਣ ਮਨੁੱਖ-ਹਿਤੈਸ਼ੀ ਗੁਣਾਂ ਦਾ ਹੋਣਾ ਹੈ। ਉਸਦਾ ਪੱਛਮੀ ਪੰਜਾਬ ਵਿੱਚ ਸ਼ਹੀਦ ਦਾ ਦਰਜਾ ਮਿਲਣਾ ਅਤੇ 1857 ਈ. ਦੀ ਕ੍ਰਾਂਤੀ ਵਿੱਚ ਪੰਜਾਬ ਵੱਲੋਂ ਆਪਣਾ ਬਣਦਾ ਯੋਗਦਾਨ ਪਾਉਣਾ ਪ੍ਰਮੁੱਖ ਹਨ। ਇਸ ਤੋਂ ਇਲਾਵਾ ਉਸ ਦੇ ਇਤਿਹਾਸਕ ਨਾਇਕ ਹੋਣ ਦੇ ਬਾਵਜੂਦ ਸਥਾਪਤੀ ਪੱਖੀ ਇਤਿਹਾਸਕਾਰਾਂ ਵੱਲੋਂ ਉਸਦੇ ਕਿਰਦਾਰ ਅਤੇ ਸ਼ਖ਼ਸੀਅਤ ਨੂੰ ਨਜ਼ਰਅੰਦਾਜ਼ ਕਰਨਾ ਵੀ ਲੇਖਕ ਲਈ ਪ੍ਰੇਰਣਾ ਦਾ ਸ੍ਰੋਤ ਬਣਿਆ, ਕਿਉਂਕਿ ਖੋਜੀ ਇਤਿਹਾਸਕਾਰਾਂ ਉੱਤੇ ਇਸ ਦੇ ਨਜ਼ਰਅੰਦਾਜ਼ ਕਰਨ ਸੰਬੰਧੀ ਥਾਂ-ਥਾਂ ਰੋਸ ਜਾਹਿਰ ਕਰਦਾ ਹੈ ਅਤੇ ਇਤਿਹਾਸ ਤੇ ਇਤਿਹਾਸਕਾਰਾਂ ਨੂੰ ਹਰ ਵਰਗ ਨੂੰ ਉਚਿਤ ਸਨਮਾਨ ਦੇਣ ਲਈ ਨਸੀਹਤ ਵੀ ਦਿੰਦਾ ਹੈ।

'ਪੰਜਾਬ ਦਾ ਅੱਗਾ ਪਿੱਛਾ' ਅਧਿਆਇ ਵਿੱਚ ਧਰਮ ਸਿੰਘ ਗੋਰਾਇਆ ਵੱਲੋਂ ਇਹ ਅਹਿਦ ਲਿਆ ਗਿਆ ਹੈ ਕਿ ਉਹ ਆਪਣੀ ਖੋਜ ਦੌਰਾਨ ਕੋਈ ਵੀ ਅਤਿਕਥਨੀ, ਅਲੋਕਾਰੀ ਬਿਆਨਬਾਜ਼ੀ ਤੋਂ ਰਹਿਤ ਤੱਥਾਤਮਕ, ਵਿਗਿਆਨਕ ਅਤੇ ਤਾਰਕਿਕ ਸਿੱਟੇ ਪੇਸ਼ ਕਰਨ ਦੀ ਕੋਸ਼ਿਸ਼ ਕਰੇਗਾ ਤਾਂ ਜੋ ਉਸ ਦੁਆਰਾ ਇਕੱਤਰ ਜਾਣਕਾਰੀ ਪ੍ਰਮਾਣਿਕ ਹੋਵੇ। ਇਸ ਲਈ ਉਹ ਪੰਜਾਬ ਦੀ ਭੂਗੋਲਿਕ ਮਿੱਟੀ ਦਾ ਮਾਨਵੀਕਰਨ ਕਰਦਾ ਉਸਦੀ ਸਹੁੰ ਖਾਂਦਾ ਆਖਦਾ ਹੈ: "ਮੇਰਾ ਮੂੰਹ ਸੜ ਜਾਵੇ। ਮੇਰੀ ਕਾਇਨਾਤ ਭਸਮ ਹੋ ਜਾਵੇ ਜੇਕਰ ਮੈਂ ਜੋ ਸੁਣਿਆ, ਵੇਖਿਆ ਤੇ ਪੜ੍ਹਿਆ- ਇਨ ਬਿਨ ਉਹ ਤੇਰੇ ਕਦਮਾਂ ਵਿੱਚ ਨਾ ਰੱਖਾਂ।"

ਲੇਖਕ ਇਸ ਅਧਿਆਇ ਦੀ ਸ਼ੁਰੂਆਤ ਭਾਰਤੀ ਸਾਂਝੇ ਪੰਜਾਬ ਦੀ ਭੂਗੋਲਿਕ, ਸੱਭਿਆਚਾਰਕ ਸਥਿਤੀ ਦੀ ਜਾਣਕਾਰੀ ਮੁਹੱਈਆ ਕਰਨ ਤੋਂ ਕਰਦਾ ਹੈ ਅਤੇ ਗੁਰੂਆਂ-ਪੀਰਾਂ ਦੀ ਬਾਣੀ ਨੂੰ ਹਵਾਲੇ ਦੇ ਰੂਪ ਵਿੱਚ ਪੰਜਾਬ ਦੀ ਝਲਕ ਪੇਸ਼ ਕਰਨ ਲਈ ਪੇਸ਼ ਕਰਦਾ ਹੈ। ਉਹ 19ਵੀਂ ਸਦੀ ਵਿੱਚ ਪੰਜਾਬੀ, ਹਿੰਦੂ ਤੇ ਮੁਸਲਾਮਾਨਾਂ ਦੀ ਸੰਪ੍ਰਦਾਇਕ ਵੰਡ ਨੂੰ ਤਿੱਖੇ ਰੂਪ ਵਿੱਚ ਵੰਡੀ ਹੋਈ ਆਖਦਾ ਹੈ ਅਤੇ ਨਾਲ ਧਾਰਮਿਕ ਸਦਭਾਵਨਾ, ਭਾਈਚਾਰਕ ਸਾਂਝ ਦੀਆਂ ਮਿਸਾਲਾਂ ਪੇਸ਼ ਹੋਈਆਂ ਵੀ ਸਵੀਕਾਰਦਾ ਹੈ। ਭਾਵ ਸਾਂਝੇ ਪੰਜਾਬ ਦਾ ਹਰ ਖੇਤਰ ਅਤੇ ਹਰ ਕਾਲ ਸੰਪ੍ਰਦਾਇਕ ਨਫ਼ਰਤ ਦਾ ਸ਼ਿਕਾਰ ਨਹੀਂ ਸੀ। ਉਹ ਇਤਿਹਾਸਕ ਰਾਜਨੀਤਿਕ ਦਾਅ-ਪੇਚਾਂ ਅਤੇ ਪੈਂਤੜਿਆਂ ਦੀ ਰੀਤ ਧੁਰੋਂ ਚੱਲੀ ਆਖਦਾ ਹੈ ਅਤੇ ਇਸਨੂੰ ਅੱਜ ਦੇ ਸਮਕਾਲੀ ਭਾਜਪਾ ਰਾਜ ਨਾਲ ਮੇਚ-ਮਾਪ ਕੇ ਵੇਖਦਾ ਹੈ। ਜਿਵੇਂ ਉਹ ਆਖਦਾ ਹੈ: "ਅੱਜ ਜੋ ਲੋਕ ਪੂਰੇ ਮੁਲਖ਼ ਨੂੰ ਇੱਕ ਹਿੰਦੂ ਰਾਸ਼ਟਰ ਬਣਾਉਣ ਲਈ ਦਿਨ-ਰਾਤ ਸਾਜਿਸ਼ਾਂ ਘੜ ਰਹੇ ਹਨ। ਉਹ ਕਿਧਰੇ ਪੰਜਾਬੀਆਂ ਦੀਆਂ ਕੀਤੀਆਂ ਕੁਰਬਾਨੀਆਂ ਨੂੰ ਜਾਣ-ਬੁਝ ਕੇ ਨਜ਼ਰ ਅੰਦਾਜ਼ ਕਰ ਰਹੇ ਹਨ।"

ਉਹ ਗੰਜੀਬਾਰ, ਨੀਲੀਬਾਰ ਅਤੇ ਸਾਂਦਰਬਾਰ ਦੇ ਤ੍ਰਾਸਦਿਕ ਇਤਿਹਾਸਕ ਕਾਲਖੰਡ ਦੀ ਗੱਲ ਕਰਦਾ ਇੱਥੋਂ ਦੇ ਵਸਨੀਕਾਂ ਤੇ ਵਿਦਰੋਹੀਆਂ ਪ੍ਰਤੀ ਹਮਦਰਦੀ ਜਤਾਉਂਦਾ ਹੈ ਕਿ ਕਿਸ ਤਰ੍ਹਾਂ ਉਹ ਹਕੂਮਤ ਦੇ ਅਣਮਨੁੱਖੀ ਤਸ਼ੱਦਦ ਦਾ ਸ਼ਿਕਾਰ ਹੋਏ। ਉਹ ਆਪਣੇ ਵਿਸ਼ੇ ਦੀ ਸੀਮਾ ਤੈਅ ਕਰਦਾ ਆਖਦਾ ਹੈ ਕਿ ਉਪਰੋਕਤ ਤਿੰਨ ਬਾਰਾਂ ਤੋਂ ਇਲਾਵਾ ਨਕੱਈ ਸਿੱਖ ਮਿਸਲ, ਰਾਵੀ ਦੇ ਆਸ-ਪਾਸ ਦਾ ਇਲਾਕਾ ਅਤੇ ਇਤਿਹਾਸਕ ਦੇਸ਼-ਭਗਤਾਂ ਦੀਆਂ ਗਤੀਵਿਧੀਆਂ ਉਪਰ ਇਤਿਹਾਸਕ, ਸਮਾਜ-ਸਭਿਆਚਾਰ ਚਾਨਣਾ ਪਾਇਆ ਜਾਵੇਗਾ। ਲੇਖਕ ਇਸ ਲੇਖ ਵਿੱਚ 'ਅਹਿਮਦ ਖਾਨ ਖਰਲ' ਅਤ 'ਮਹਾਰਾਜਾ ਰਣਜੀਤ ਸਿੰਘ' ਦੀ ਮਿਲਣੀ ਸੰਬੰਧੀ ਕੋਈ ਪੁਖਤਾ ਸਬੂਤ ਨਾ ਮਿਲਣ ਦੀ ਸੂਰਤ ਵਿੱਚ ਆਪਣੀ ਅਸਮਰੱਥਾ ਜਾਹਿਰ ਕਰਦਾ ਹੈ। ਉਹ 'ਮਾਰਕਸ' ਦੇ 'ਈਸਟ ਇੰਡੀਆ ਕੰਪਨੀ' ਸੰਬੰਧੀ ਲਿਖੇ ਲੇਖ ਦੇ ਹਵਾਲੇ ਨਾਲ ਅੰਗਰੇਜ਼ਾਂ ਨੂੰ ਚਤੁਰ ਕੂਟਨੀਤੀਵਾਨ ਆਖਦਾ ਹੈ, ਕਿਉਂਕਿ ਉਨ੍ਹਾਂ ਕੰਪਨੀ ਤੋਂ ਆਪਣੇ ਆਪ ਨੂੰ ਸਾਮਰਾਜ ਵਿੱਚ ਤਬਦੀਲ ਕਰ ਲਿਆ ਸੀ।

'ਸਿੱਖਾਂ ਦੇ ਰਾਜ-ਕਾਲ ਦਾ ਅੰਤ' ਲੇਖ ਵਿੱਚ ਗੁਰੂ ਨਾਨਕ ਦੇਵ ਜੀ ਦੇ ਇਤਿਹਾਸਕ ਸਮੇਂ ਤੋਂ ਲੈ ਕੇ ਮਹਾਰਾਜਾ ਰਣਜੀਤ ਸਿੰਘ ਤੋਂ ਹੁੰਦੇ ਹੋਏ ਦੋ ਸਿੱਖ ਐਂਗਲੋ-ਯੁੱਧਾਂ ਬਾਰੇ ਸੰਖੇਪ ਇਤਿਹਾਸਕ ਜਾਣਕਾਰੀ ਦਿੱਤੀ ਗਈ ਹੈ। ਤੀਸਰਾ ਲੇਖ 'ਲਾਹੌਰ ਕਿਲ੍ਹੇ ਉਪਰ ਯੂਨੀਅਨ ਜੈਕ' ਹੈ। ਇਸ ਵਿੱਚ ਵੀ ਲੇਖਕ ਐਂਗਲੋ ਸਿੱਖ ਯੁੱਧਾਂ ਤੋਂ ਅਗਲੀ ਪੰਜਾਬ ਦੀ ਇਤਿਹਾਸਕ ਸਥਿਤੀ ਬਿਆਨਦਾ ਆਪਣੇ ਮੂਲ ਵਿਸ਼ੇ ਵੱਲ ਵਧਦਾ ਹੈ। ਇਸ ਲੇਖ ਵਿੱਚ ਖੋਜੀ ਆਪਣੀ ਖੋਜ ਦੀ ਪ੍ਰਮਾਣਿਕਤਾ ਨੂੰ ਖੁਦ ਹੀ ਅਸ਼ੰਕਿਤ ਕਰਦਾ ਹੈ, ਜਦੋਂ ਉਹ ਸਾਂਦਲਬਾਰ ਦੇ ਇਤਿਹਾਸ ਵਿੱਚ ਹੋਏ ਦੇਸੀ ਵਿਦਰੋਹਾਂ ਦੀ ਗੱਲ ਕਰਦਾ ਆਖਦਾ ਹੈ ਕਿ "ਇਹ ਸ਼ਾਇਦ ਸਾਂਦਲਬਾਰ ਅੰਦਰ ਹੀ ਦੂਜੀ ਵੇਰ ਹੋਣ ਜਾ ਰਿਹਾ ਸੀ, ਜਿੱਥੇ ਪਿੰਡੀ ਭੱਟੀਆਂ ਤੋਂ ਭੱਟੀ ਰਾਜਪੂਤ ਬਦੇਸ਼ੀ ਹਮਲਾਵਰਾਂ (ਮੁਗ਼ਲਾਂ) ਖਿਲਾਫ਼ ਲੜੇ ਸਨ ਤੇ ਦੂਸਰੀ ਵਾਰ ਪਿੰਡ ਝੂਮਰ ਵਿੱਚ ਖਰਲਾਂ ਦਾ ਖਾਨਦਾਨ ਬਦੇਸ਼ੀ (ਅੰਗਰੇਜ਼ੀ) ਹਾਕਮ-ਸ਼ਾਹੀ ਵਿਰੁੱਧ ਲੜੇ ਸਨ।" ਖੋਜੀ ਪਟਿਆਲੇ ਦੇ ਰਾਜਘਰਾਣਿਆਂ ਨੂੰ ਅਤੇ ਅੰਗਰੇਜ਼ ਹਕੂਮਤ ਦੇ ਅਧੀਨ ਵਿਚਰਦੇ ਮਹਾਰਾਜਿਆਂ ਨੂੰ ਦੇਸ਼ਧ੍ਰੋਹੀ ਆਖਦਾ ਹੈ; ਇਸਦਾ ਕਾਰਨ ਉਨ੍ਹਾਂ ਦਾ ਆਪਣੇ ਸਮਕਾਲੀ ਜਮਾਤੀ ਹਿੱਤਾਂ ਤੋਂ ਕਿਨਾਰਾ ਅਤੇ ਨਿੱਜੀ ਹਿੱਤ ਨੂੰ ਤਰਜੀਹ ਦੇਣਾ ਹੈ।

'ਰਾਵੀ ਦਾ ਜਾਂਬਾਜ਼ ਸਪੂਤ' ਲੇਖ ਵਿੱਚ ਖੋਜੀ ਇਤਿਹਾਸਕਾਰਾਂ ਦੀ ਗ਼ਲਤ ਵਿਆਖਿਆ ਜਾਂ ਇਤਿਹਾਸਕ ਤੱਥਾਂ ਦੀ ਤੋੜ-ਮਰੋੜ ਕੇ ਪੇਸ਼ਕਾਰੀ ਕਰਨ ਤੇ ਸੱਤਾਧਿਰ ਦੇ ਹੱਕ ਵਿੱਚ ਇਤਿਹਾਸ ਨੂੰ ਭੁਗਤਾਉਣ ਅਤੇ ਉਨ੍ਹਾਂ ਪ੍ਰਤੀ ਰੋਸ ਜਾਹਿਰ ਕਰਦਾ ਹੈ ਤੇ ਅਸਲੀ ਇਤਿਹਾਸਕ ਸੂਰਮਿਆਂ ਦੀ ਗਾਥਾ ਸਹੀ ਜਾਂ ਨਿਆਇਕ ਰੂਪ ਪੇਸ਼ ਕਰਨ ਦੀ ਨਸੀਹਤ ਦਿੰਦਾ ਹੈ। ਲੇਖਕ ਹਥਲੀ ਪੁਸਤਕ ਦੇ ਨਾਇਕ ਦੇ ਜੀਵਨ ਦੀ ਜਾਣਕਾਰੀ ਇਸ ਲੇਖ ਵਿੱਚ ਵਿਅਕਤ ਕਰਦਾ ਹੈ। ਇਸ ਤੋਂ ਪਹਿਲਾਂ ਵਾਲੇ ਪਾਠ ਨੂੰ ਪੰਜਾਬ ਦੀ ਇਤਿਹਾਸਕ ਭੂਮਿਕਾ ਦੇ ਰੂਪ ਵਿੱਚ ਪੇਸ਼ ਕਰਦਾ ਹੈ ਤਾਂ ਜੋ ਪਾਠਕ ਨੂੰ ਪੰਜਾਬ ਦੇ ਅਤੀਤ ਨਾਲ ਵਰਤਮਾਨ ਘਟਨਾਵਾਂ ਦੇ ਜੁੜਨ ਵਿੱਚ ਕੋਈ ਸਮੱਸਿਆ ਨਾ ਹੋਵੇ। ਲੇਖਕ ਆਦਿ ਕਾਲ ਤੋਂ ਹੀ ਪੰਜਾਬੀਆਂ ਨੂੰ ਵੱਖ-ਵੱਖ ਮਿਸਾਲਾਂ ਸਹਿਤ ਇਨਕਲਾਬੀ ਅਤੇ ਸੂਰਮੇ, ਅਣਖੀਲੇ ਸਿੱਧ ਕਰਦਾ ਹੈ। ਉਸਦੀ ਇਤਿਹਾਸਕ ਜਾਣਕਾਰੀ ਦਾ ਸ੍ਰੋਤ ਬਹੁਤੇ ਰੂਪ ਵਿੱਚ ਲੋਕ-ਰਵਾਇਤਾਂ ਹਨ, ਜੋ ਜ਼ੁਬਾਨੀ ਰੂਪ ਵਿੱਚ ਇਤਿਹਾਸ ਲੇਖਣ ਲਈ ਤੱਥਾਂ ਦੇ ਰੂਪ ਵਿੱਚ ਪੇਸ਼ ਕੀਤੀਆਂ ਗਈਆਂ ਹਨ। ਸੋ ਮਿੱਥਾਂ ਤੋਂ ਪ੍ਰਾਪਤ ਇਤਿਹਾਸਕ ਤੱਥ ਗਲਪ ਵਿੱਚ ਤਬਦੀਲ ਹੋਏ ਜਾਪਦੇ ਹਨ।

'ਮੁਗਲੀਆ ਸਲਤਨਤ ਦਾ ਖਾਤਮਾ' ਲੇਖ ਵਿੱਚ 1857 ਈ. ਦੀ ਕ੍ਰਾਂਤੀ ਦਾ ਇਤਿਹਾਸਕ ਪ੍ਰਸੰਗ ਹੈ। ਲੇਖਕ ਝਾਂਸੀ ਦੀ ਰਾਣੀ (ਲਕਸ਼ਮੀ ਬਾਈ) ਸੰਬੰਧੀ ਇਤਿਹਾਸਕਾਰਾਂ ਵੱਲੋਂ ਉਸ ਪ੍ਰਤੀ ਗ਼ਲਤ ਤੱਥਾਂਤਮਕ ਜਾਣਕਾਰੀ ਦੇਣ ਪ੍ਰਤੀ ਗਿਲਾ ਜਤਾਉਂਦਾ ਹੈ। ਉਸ ਅਨੁਸਾਰ ਲਕਸ਼ਮੀ ਬਾਈ ਕੋਈ ਸੂਰਬੀਰ ਜਾਂ ਯੋਧਾ ਇਸਤਰੀ ਨਹੀਂ ਸੀ, ਸਗੋਂ ਸਮਝੌਤਾਵਾਦੀ, ਮੌਕਾਪ੍ਰਸਤ ਇਸਤਰੀ ਸੀ। ਇਸਦੇ ਪ੍ਰਮਾਣ ਲਈ ਉਹ ਝਾਂਸੀ ਦੀ ਰਾਣੀ ਦੀਆਂ ਅੰਗਰੇਜ਼ਾਂ ਨੂੰ ਲਿਖੀਆਂ ਤਿੰਨ ਚਿੱਠੀਆਂ ਦਾ ਹਵਾਲਾ ਪੇਸ਼ ਕਰਦਾ ਹੈ। ਉਸ ਅਨੁਸਾਰ ਇਹ ਚਿੱਠੀਆਂ ਲੰਡਨ ਵਿਖੇ ਅੱਜ ਵੀ ਮੌਜੂਦ ਹਨ। ਇਸ ਸੰਬੰਧੀ ਸਾਡੇ ਜ਼ਿਹਨ ਵਿੱਚ ਦੋ ਸਵਾਲ ਖੜ੍ਹੇ ਹੁੰਦੇ ਹਨ: ਪਹਿਲਾ, ਹੋ ਸਕਦਾ ਇਹ ਜਾਣਕਾਰੀ ਪ੍ਰਮਾਣਿਕ ਹੋਵੇ। ਦੂਸਰਾ, ਹੋ ਸਕਦਾ ਹੈ ਕਿ ਉਹ ਆਜ਼ਾਦੀ ਘੁਲਾਟੀਆਂ ਪ੍ਰਤੀ ਨਫ਼ਰਤ ਪੈਦਾ ਕਰਨ ਵਾਸਤੇ ਅੰਗਰੇਜ਼ਾਂ ਦੁਆਰਾ ਕੋਈ ਸਾਜਿਸ਼ ਤਹਿਤ ਲਿਖਵਾਈਆਂ ਗਈਆਂ ਹੋਣ ਤਾਂ ਜੋ ਕ੍ਰਾਂਤੀ ਲਈ ਸਾਂਝਾ ਗਠਜੋੜ ਤਿਆਰ ਨਾ ਹੋ ਸਕੇ। ਪੰਜਾਬ ਦੇ 1857 ਈ. ਦੇ ਵਿਦਰੋਹ ਵਿੱਚ ਹਿੱਸਾ ਨਾ ਲੈਣ ਦੇ ਲੇਖਕ ਪੰਜ ਪ੍ਰਮੁੱਖ ਕਾਰਨ ਗਿਣਵਾਉਂਦਾ ਹੈ। ਜਿਵੇਂ ਕਿ: ਸਿੱਖ ਰਾਜ ਦਾ ਖਾਤਮਾ, ਜਗੀਰਦਾਰਾਂ ਦਾ ਦੇਸ਼ਧ੍ਰੋਹ, ਮੁਗਲੀਆ ਗੁਲਾਮੀ ਦੀ ਆਦਤ, ਪੰਜਾਬੀ ਜਗੀਰਦਾਰਾਂ ਦਾ ਅੰਗਰੇਜ਼ਾਂ ਨੂੰ ਸਮਰਥਨ ਅਤੇ ਪੂਰਬੀ ਸੈਨਿਕਾਂ ਦਾ ਪੰਜਾਬ ਵਿਰੁੱਧ ਅੰਗਰੇਜ਼ਾਂ ਦਾ ਸਾਥ, ਆਦਿ।

ਆਪਣੇ ਛੇਵੇਂ ਅਧਿਆਇ 'ਪੰਜਾਬ ਅੰਦਰ ਦਹਿਸ਼ਤੀ ਦੌਰ' ਵਿੱਚ ਇਹ ਸਾਬਿਤ ਕਰਨ ਦੀ ਕੋਸ਼ਿਸ਼ ਕਰਦਾ ਹੈ ਕਿ ਇਤਿਹਾਸ ਦੇ ਵਿੱਚ ਵੱਡੀਖੋਰ, ਰਿਸ਼ਵਤਖੋਰ ਅਤੇ ਕੌਮ ਨਾਲ ਗੱਦਾਰੀ ਕਰਨ ਵਾਲੇ ਤੇ ਉਨ੍ਹਾਂ ਦੇ ਉਤਰਾਧਿਕਾਰੀ ਵਾਧੂ (ਸਰਪਲਸ) ਜਾਇਜ਼-ਨਾਜਾਇਜ਼ ਪੂੰਜੀ ਦੀ ਮਦਦ ਨਾਲ ਅੱਜ ਮੁਲਕ ਦੀ ਰਾਜਨੀਤੀ 'ਤੇ ਕਾਬਜ ਹਨ- ਭਾਵ ਮੋਹਤਬਰ ਵਿਅਕਤੀ ਬਣੇ ਬੈਠੇ ਹਨ। ਉਨ੍ਹਾਂ ਦੀ ਅੱਜ ਦੀ ਪੁਜੀਸ਼ਨ ਜਾਂ ਸਥਿਤੀ ਪਿੱਛੇ ਉਨ੍ਹਾਂ ਦੇ ਪੁਰਖਿਆਂ ਦੀ ਨਾਜਾਇਜ਼ ਢੰਗ ਨਾਲ ਇਕੱਤਰ ਕੀਤੀ ਦੌਲਤ ਦਾ ਯੋਗਦਾਨ ਹੈ। ਇਸ ਵਿੱਚ ਲੇਖਕ 1857 ਈ. ਦੇ ਵਿਦਰੋਹ ਸਮੇਂ ਪੰਜਾਬ ਦੇ ਹਾਲਾਤ ਬਿਆਨ ਕਰਦਾ ਹੈ।

ਸੱਤਵੇਂ ਲੇਖ 'ਜ਼ਮੀਨੀ ਲਗਾਨ ਦਾ ਸੁਆਲ' ਵਿੱਚ ਚਿੰਤਕ ਅਹਿਮਦ ਖਾਨ ਖਰਲ ਦੀ ਵਿਲੱਖਣਤਾ ਉਸਦੇ ਜਮਾਤੀ ਜਗੀਰਦਾਰਾਂ ਸਰਦਾਰਾਂ ਨਾਲੋਂ ਇਸ ਲਈ ਮੰਨਦਾ ਹੈ ਕਿ ਉਸਨੇ ਅੰਗਰੇਜ਼ਾਂ ਦੇ ਪਿੱਠੂ ਬਣਨ ਦੀ ਥਾਂ ਆਵਾਮ ਪੱਖੀ ਅਤੇ ਹਾਕਮ ਵਿਰੋਧੀ ਭੂਮਿਕਾ ਨਿਭਾਈ। ਭਾਵ ਉਸਨੇ ਆਪਣੀ ਜਮਾਤ ਵਿਰੋਧੀ ਕਿਰਦਾਰ ਅਦਾ ਕੀਤਾ। ਲੇਖਕ ਉਸਦੇ ਸਥਾਪਤੀ ਵਿਰੁੱਧ ਭੁਗਤਣ ਦਾ ਕਾਰਨ ਉਸਦੀ ਆਦਰਸ਼ਵਾਦੀ ਸ਼ਖਸੀਅਤ ਅਤੇ ਮਾਣ-ਸਨਮਾਨ ਨੂੰ ਮੰਨਦਾ ਹੈ। ਅਣਖ ਅਤੇ ਆਬਰੂਹ ਪੱਖੋਂ ਉਹ 'ਅਹਿਮਦ ਖਾਨ' ਦੀ ਤੁਲਨਾ 'ਦੁੱਲੇ ਭੱਟੀ' ਨਾਲ ਕਰਦਾ ਹੈ, ਕਿਉਂਕਿ ਉਸ ਨੇ ਵੀ ਮੁਗ਼ਲ ਸਰਕਾਰ ਨੂੰ ਇਸੇ ਤਰ੍ਹਾਂ ਵੰਗਾਰ ਪਾਈ ਸੀ। ਉਸਦੇ ਇਸ ਲੇਖ ਵਿੱਚ ਪ੍ਰਕਿਰਤਿਕ ਵਸਤਾਂ ਦਾ ਮਾਨਵੀਕਰਨ ਅਤੇ ਵਾਰਤਾਲਾਪੀ ਅੰਸ਼ ਉਭਰਦੇ ਹਨ। ਉਹ ਆਪਣੀ ਖੋਜ ਦੀ ਮਹੱਤਤਾ ਅਤੇ ਵਿਲੱਖਣਤਾ ਆਪ ਹੀ ਜਾਹਿਰ ਕਰਦਾ ਪਾਠਕਾਂ ਦੇ ਸਨਮੁੱਖ ਹੁੰਦਾ ਆਖਦਾ ਹੈ:

"ਵਕਤ ਦੀਆਂ ਗਵਾਚੀਆਂ ਪੈੜਾਂ ਦੀ ਨਿਸ਼ਾਨਦੇਹੀ, ਪੁਰਾਣੇ ਅਣ-ਲਿਖੇ ਇਤਿਹਾਸ ਦਾ ਘਾਟਾ ਪੂਰਾ ਕਰਨ ਲਈ ਕਦੇ ਬਜ਼ੁਰਗਾਂ ਕੋਲ ਬੈਠ ਕੇ ਉਨ੍ਹਾਂ ਦੀਆਂ ਗੱਲਾਂ ਵਿਚਲੀਆਂ ਘੁੰਡੀਆਂ ਨੂੰ ਖੋਲ੍ਹਣ ਨਾਲ ਤੁਹਾਡੇ ਕੋਲ ਅਣਮੁੱਲੇ ਖਜਾਨੇ ਦਾ ਕੰਮ ਕਰੇਗਾ। ਬਸ ਜ਼ਰਾ ਜੁਗਤ ਲਾਉਣੀ ਆ ਜਾਵੇ। ਵਰਨਾ ਕਿੰਨੇ ਕੁ ਹੁੰਦੇ ਨੇ ਜਿਹੜੇ ਤਾਜੇ ਚੋਏਂ ਦੁੱਧ ਵਿੱਚੋਂ ਅਣਗਿਣਤ ਵਸਤੂਆਂ ਤਿਆਰ ਕਰਨ ਦੀ ਬਜਾਏ ਬਸ ਲੱਸੀ, ਮੱਖਣ, ਦਹੀਂ ਤਕ ਹੀ ਸਿਮਟ ਕੇ ਰਹਿ ਜਾਂਦੇ ਨੇ।"

ਇਸ ਪੁਸਤਕ ਵਿੱਚ ਪਾਠਾਂ ਦੀ ਲੜੀ, ਕੜੀ-ਦਰ-ਕੜੀ ਅੱਗੇ ਵਧਦੀ ਘਟਨਾਵਾਂ ਨੂੰ ਵਾਰਤਾਲਾਪੀ ਸ਼ੈਲੀ ਦੁਆਰਾ ਇੱਕ ਬਿਰਤਾਂਤ ਸਿਰਜਦੀ ਹੈ। ਪੁਸਤਕ ਵਿਚਲੇ ਪਾਠਾਂ ਦੀ ਤਰਤੀਬ ਕਾਲਕ੍ਰਮ ਅਨੁਸਾਰ ਅੱਗੇ ਵਧਦੀ ਹੈ ਅਤੇ ਇਸੇ ਤਰ੍ਹਾਂ ਪਾਠਾਂ ਵਿਚਲੀਆਂ ਛੋਟੀਆਂ-ਛੋਟੀਆਂ ਘਟਨਾਵਾਂ ਦਾ ਵਰਣਨ ਕਹਾਣੀ ਅਤੇ ਲੋਕ-ਕਹਾਣੀਆਂ ਦਾ ਅੰਗ ਜਾਪਦੇ ਹਨ। ਸਮੁੱਚੇ ਰੂਪ ਵਿੱਚ ਪਾਠ ਅਤੇ ਪ੍ਰਸੰਗ ਦਾ ਸੁਚੱਜੇ ਢੰਗ ਦੁਆਰਾ ਮੇਲ ਕੀਤਾ ਗਿਆ ਹੈ। ਖੋਜੀ ਦੇ ਕੇਂਦਰੀ ਪਾਠ ਦੇ ਤੌਰ 'ਤੇ 1857 ਈ. ਨਾਲ ਸੰਬੰਧਤ ਪੰਜਾਬ ਦੀਆਂ ਸਥਾਨਕ ਘਟਨਾਵਾਂ ਰਹਿੰਦੀਆਂ ਹਨ, ਕਿਉਂਕਿ ਲਗਾਨ ਸੰਬੰਧੀ ਵਿਦਰੋਹ ਤਾਂ ਇਸ ਸਮੁੱਚੇ ਵਿਦਰੋਹ ਦਾ ਇੱਕ ਪੱਖ ਸੀ। ਲੇਖਕ ਅਹਿਮਦ ਖਾਨ ਸੰਬੰਧੀ ਇਤਿਹਾਸਕਾਰਾਂ ਤੇ ਖੋਜੀਆਂ ਉਪਰ ਉਸਦੀ ਅਣਦੇਖੀ ਕਰਨ ਦਾ ਇਲਜ਼ਾਮ ਲਾਉਂਦਾ ਹੀ ਹੈ। ਇਸ ਤੋਂ ਵਧ ਕੇ ਉਸਦਾ ਰੋਸ ਉਸਦੇ ਆਪਣਿਆਂ ਦੀ ਅਣਦੇਖੀ ਦਾ ਕਾਰਨ ਹੈ। "ਬੜੇ ਅਫ਼ਸੋਸ ਨਾਲ ਕਹਿਣਾ ਪੈ ਰਿਹਾ ਹੈ ਕਿ ਅਹਿਮਦ ਖਾਨ ਖਰਲ ਦੇ ਆਪਣਿਆਂ ਨੇ ਬਹੁਤੀ ਦਿਲਚਸਪੀ ਨਾ ਵਿਖਾਈ।" ਖੋਜੀ ਦਾ ਉਦੇਸ਼ ਵੱਧ ਤੋਂ ਵੱਧ ਤੱਥਾਂਤਮਕ ਜਾਣਕਾਰੀ ਸਾਂਝੀ ਕਰਨਾ ਹੈ ਤਾਂ ਜੋ ਇਨ੍ਹਾਂ ਇਤਿਹਾਸਕ ਘਟਨਾਵਾਂ ਦੀ ਪ੍ਰਮਾਣਿਕਤਾ ਬਰਕਰਾਰ ਰਹੇ।

'ਪਹਿਲੀ ਜੰਗ ਦੀ ਸ਼ੁਰੂਆਤ' ਅਧਿਆਇ ਵਿੱਚ ਖੋਜੀ ਅਨੁਸਾਰ ਬੇਸ਼ੱਕ ਦੇਸੀ ਲੋਕ ਅੰਗਰੇਜ਼ਾਂ ਦੀ ਨੌਕਰੀ ਆਰਥਿਕ ਹਿੱਤ ਲਈ ਕਰਦੇ ਸਨ, ਪ੍ਰੰਤੂ ਉਨ੍ਹਾਂ ਦੀ ਹਮਦਰਦੀ ਅਤੇ ਪ੍ਰਤੀਬੱਧਤਾ ਬਾਗੀਆਂ ਤੇ ਦੇਸ਼ਭਗਤਾਂ ਨਾਲ ਸੀ, ਜੋ ਸਿੱਧੇ ਹਕੂਮਤ ਨਾਲ ਟਕਰਾਅ ਦੀ ਸਥਿਤੀ ਵਿੱਚ ਸਨ। 1857 ਈ. ਦੇ ਵਿਦਰੋਹ ਦੀ ਸਮਕਾਲੀ ਸਥਿਤੀ ਬਿਆਨਦਾ ਖੋਜੀ ਆਖਦਾ ਹੈ ਕਿ ਉਸ ਸਮੇਂ ਯਾਤਾਯਾਤ ਦੇ ਸਾਧਨ

⇒ ਬਾਕੀ ਅਗਲੇ ਸਫੇ ਉਤੇ ਪੜ੍ਹੋ

**ਤਨਜ਼**



ਮੁਹੰਮਦ ਹਨੀਫ

# ਕਿੱਸਾ 'ਧਰਮੀ ਹੋਏ ਬੈਂਕਾਂ' ਦਾ...

*ਜਿਸ ਤਰ੍ਹਾਂ ਹੰਢੇ-ਵਰਤੇ ਹਾਲ-ਵਾਹਕ ਨੂੰ ਕਿਸੇ ਅੜਬ ਢੱਗੇ ਨੂੰ ਨਕੇਲ ਤੋਂ ਕਾਬੂ ਕਰਨ ਦਾ ਵੱਲ ਆਉਂਦਾ ਹੈ, ਉਵੇਂ ਹੀ ਪੱਤਰਕਾਰੀ ਦੇ ਖੇਤਰ ਵਿੱਚ ਸਿੱਧੀਆਂ-ਅਸਿੱਧੀਆਂ ਆਰਾਂ ਲਾਉਣ ਦੀ ਤੌਫ਼ੀਕ ਸੀਨੀਅਰ ਪੱਤਰਕਾਰ ਮੁਹੰਮਦ ਹਨੀਫ ਦੇ ਹਿੱਸੇ ਆਈ ਹੈ। ਜਿਸ ਤਰ੍ਹਾਂ ਸੱਚ ਸੁਣਨ 'ਚ ਚੰਗਾ ਤਾਂ ਲੱਗਦਾ ਹੈ, ਪਰ ਝੂਠਿਆਂ ਨੂੰ ਰੜਕਦਾ ਵੀ ਜ਼ਰੂਰ ਹੈ। ਇਸੇ ਤਰਜ ਦੀ ਛੋਟੀ ਜਿਹੀ ਇਹ ਲਿਖਤ ਵੱਡੇ ਪੱਧਰ 'ਤੇ ਫੈਲੇ ਜਾਲ੍ਹ ਵੱਲ ਇਸ਼ਾਰਾ ਕਰਦੀ ਹੈ। ਧਰਮ ਦੀ ਆੜ ਹੇਠ ਕੀ ਕੁਝ ਨਹੀਂ ਹੁੰਦਾ, ਇਹ ਕਿਹੜਾ ਕਿਸੇ ਤੋਂ ਲੁਕਿਆ ਰਹਿ ਗਿਆ ਹੈ...!*

ਇੱਕ ਮੁੰਡਾ ਥੋੜ੍ਹਾ ਜਿਹਾ ਵੱਡਾ ਹੋਇਆ। ਮਜ਼ਦੂਰੀ ਕਰਨ ਲੱਗਾ ਅਤੇ ਪਾਕਿਸਤਾਨ ਦੇ ਇੱਕ ਬੈਂਕ ਵਿੱਚ ਖਾਤਾ ਖੁਲ੍ਹਾਉਣ ਚਲਾ ਗਿਆ। ਬੈਂਕ ਵਾਲਿਆਂ ਨੇ ਕਿਹਾ ਕਿ ਅਸੀਂ ਆਪਣੇ ਕਾਗਜ਼ਾਂ ਵਿੱਚ ਅਕਾਊਂਟ ਹੋਲਡਰ ਦਾ ਪੇਸ਼ਾ ਲਿਖਣਾ ਹੁੰਦਾ, ਤੇ ਮੁੰਡਿਆ ਦੱਸ ਤੂੰ ਕਰਦਾ ਕੀ ਹੈ?

ਮੁੰਡੇ ਨੇ ਲਿਖ ਕੇ ਦਿੱਤਾ ਕਿ ਮੈਂ ਸੰਗੀਤਕਾਰ ਹਾਂ ਅਤੇ ਗਾਉਣ-ਵਜਾਉਣ ਦਾ ਕੰਮ ਕਰਦਾ ਹਾਂ, ਨਾਲ ਹੀ ਮਾੜੀ-ਮੋਟੀ ਐਕਟਿੰਗ ਵੀ ਕਰ ਲੈਂਦਾ ਹਾਂ। ਬੈਂਕ ਵਾਲਿਆਂ ਨੇ ਕਿਹਾ ਕਿ ਨਾ ਬਈ ਨਾ, ਅਸੀਂ ਇੱਕ ਇਸਲਾਮੀ ਬੈਂਕ ਹਾਂ ਅਤੇ ਅਸੀਂ ਗਾਉਣ-ਵਜਾਉਣ ਵਾਲਿਆਂ ਦੇ ਬੈਂਕ ਅਕਾਊਂਟ ਨਹੀਂ ਖੋਲ੍ਹ ਸਕਦੇ। ਤੂੰ ਇੱਕ ਕੰਮ ਕਰ ਜਾਂ ਤਾਂ ਕੰਮ ਕੋਈ ਹੋਰ ਕਰ ਲੈ ਜਾਂ ਘੱਟੋ-ਘੱਟ ਸਾਨੂੰ ਕਾਗਜ਼ ਤੇ ਕੋਈ ਝੂਠ ਹੀ ਲਿਖ ਦੇ ਕਿ ਮੇਰਾ ਧੰਦਾ ਕੋਈ ਹੋਰ ਹੈ!

ਗੱਲ ਸੁਣ ਕੇ ਥੋੜ੍ਹਾ ਜਿਹਾ ਹਾਸਾ ਵੀ ਆਇਆ, ਅੰਦਰੋਂ ਥੋੜ੍ਹੀ ਗਾਲ ਵੀ ਨਿਕਲੀ, ਪਰ ਮੂੰਹ 'ਤੇ ਦੁਆ ਹੀ ਆਈ ਕਿ ਅੱਲ੍ਹਾ ਵਾਲਿਓ, ਨਬੀ ਪੈਗੰਬਰ ਬਹੁਤ ਬਾਅਦ ਵਿੱਚ ਆਏ ਹਨ।

ਇਹ ਬੈਂਕ ਵਾਲਾ ਕੰਮ ਤਾਂ ਬੜਾ ਕਦੀਮੀ ਹੈ। ਪੈਸਾ ਇਧਰੋਂ ਫੜ ਕੇ ਉਧਰ ਕਰਨਾ। ਥੋੜ੍ਹਾ ਜਿਹਾ ਮੁਨਾਫ਼ਾ ਕਿਸੇ ਨੂੰ ਦੇਣਾ ਬਹੁਤਾ ਸਾਰਾ ਆਪ ਖਾ ਜਾਣਾ। ਇਹ ਧੰਦਾ ਤਾਂ ਬਹੁਤ ਪੁਰਾਣਾ ਹੈ। ਨਾ ਕਦੇ ਬੰਦ ਹੋਇਆ ਤੇ ਨਾ ਕਦੇ ਇਸ ਨੇ ਬੰਦ ਹੋਣਾ ਹੈ। ਜੇ ਇਸ ਨਾਲ ਲਫ਼ਜ਼ ਇਸਲਾਮੀ ਲਗਾ ਕੇ ਤੁਹਾਡਾ ਧੰਦਾ ਜ਼ਿਆਦਾ ਵਧਦਾ ਹੈ ਤਾਂ ਵਧਾਈ ਜਾਓ, ਪਰ ਸਾਨੂੰ ਹਲਾਲ-ਹਰਾਮ ਦੀ ਤਮੀਜ਼ ਤਾਂ ਨਾ ਦੱਸੋ!

ਮੈਂ ਦੋ-ਚਾਰ ਹੋਰ ਫਨਕਾਰ ਭੈਣਾਂ-ਭਰਾਵਾਂ ਕੋਲੋਂ ਵੀ ਪੁੱਛਿਆ, ਉਨ੍ਹਾਂ ਨੇ ਵੀ ਕਿਹਾ ਕਿ ਇਹ ਇਸਲਾਮੀ ਬੈਂਕ ਸਾਡੇ ਅਕਾਊਂਟ ਨਹੀਂ ਖੋਲ੍ਹਦੇ ਹਨ। ਨਵੇਂ-ਨਵੇਂ ਮੁਸਲਮਾਨ ਹੋਏ ਬੈਂਕ ਤੁਹਾਡਾ ਹਰਾਮ ਪੈਸਾ ਹਲਾਲ ਕਰ ਦਿੰਦੇ ਹਨ।

ਪਾਕਿਸਤਾਨ ਵਿੱਚ ਸਿੱਧਰੇ-ਪੱਧਰੇ ਬੈਂਕ ਵੀ ਹਨ, ਪਰ ਪਿਛਲੇ 25-30 ਵਰ੍ਹਿਆਂ ਵਿੱਚ ਕਈ ਬੈਂਕਾਂ ਨੇ ਇਸਲਾਮ ਕਬੂਲ ਕਰ ਲਿਆ ਹੈ। ਕੰਮ ਪੁਰਾਣੇ ਹੀ ਹਨ, ਸੂਦਖੋਰਾਂ ਤੇ ਸ਼ਾਹੂਕਾਰਾਂ ਵਾਲੇ, ਪਰ ਨਾਲ ਥੋੜ੍ਹਾ ਜਿਹਾ ਇਸਲਾਮੀ ਟੱਚ ਲਗਾ ਦਿੱਤਾ ਹੈ। ਉਤੋਂ ਭਾਰੇ-ਭਾਰੇ ਅਰਬੀ ਲਫ਼ਜ਼ ਪਾ ਛੱਡੇ ਹਨ- ਜਿਵੇਂ ਮੁਦਾਰਬਾਂ, ਵਧੀਹਾ, ਬਸ਼ਾਰਕਾ, ਤਕਾਫੁਲ। ਮੇਰੇ ਵਰਗੇ ਗੁਨਾਹਗਾਰ ਮੁਸਲਮਾਨ ਇਹ ਸਮਝਦੇ ਹਨ ਕਿ ਬੈਂਕਿੰਗ ਨਹੀਂ ਕਰ ਰਹੇ, ਇਹ ਤਾਂ ਜਿਵੇਂ ਇਬਾਦਤ ਕਰ ਰਹੇ ਹੋਣ, ਨਫ਼ਲ ਪੜ੍ਹ ਰਹੇ ਹੋਣ।

ਇਹ ਇਸਲਾਮੀ ਬੈਂਕ ਕਦੇ ਕਿਸੇ ਕੋਲੋਂ ਇਹ ਨਹੀਂ ਪੁੱਛਦੇ ਕਿ ਤੂੰ ਕਿਤੇ ਗਰੀਬਾਂ ਦਾ ਖ਼ੂਨ ਤਾਂ ਨਹੀਂ ਚੂਸਦਾ, ਚੋਰੀ ਤਾਂ ਨਹੀਂ ਲਈ! ਤਨਖਾਹ ਤੇਰੀ 50 ਹਜ਼ਾਰ ਹੈ ਤੇ 10 ਕਰੋੜ ਦਾ ਮੁਦਾਰਬਾ ਕਿਵੇਂ ਲਈ ਫਿਰਦਾ!

ਪੁਰਾਣੇ ਬੈਂਕਾਂ ਤੇ ਕਾਫ਼ਰ ਬੈਂਕਾਂ 'ਤੇ ਇਲਜ਼ਾਮ ਲੱਗਦਾ ਸੀ ਕਿ ਬਲੈਕ ਮਨੀ ਨੂੰ ਵ੍ਹਾਈਟ ਕਰਦੇ ਹਨ; ਪਰ ਇਸਲਾਮੀ ਜਮਹੂਰੀਆ ਪਾਕਿਸਤਾਨ ਵਿੱਚ ਨਵੇਂ-ਨਵੇਂ ਮੁਸਲਮਾਨ ਹੋਏ ਬੈਂਕ ਤੁਹਾਡਾ ਹਰਾਮ ਪੈਸਾ ਹਲਾਲ ਕਰ ਦਿੰਦੇ ਹਨ। ਇਹ ਕੰਮ ਕਰਨ ਲਈ ਬੈਂਕਾਂ ਨੂੰ ਸ਼ਾਇਦ ਆਲਮਾਂ ਦੀਆਂ ਮੁਫ਼ਤੀਆਂ ਦੀ ਲੋੜ ਹੈ ਤੇ ਉਹ ਸਾਡੇ ਕੋਲ ਇੱਕ ਤੋਂ ਇੱਕ ਪਿਆ ਹੈ। ਇਨ੍ਹਾਂ ਵਿੱਚੋਂ ਇੱਕ ਮੁਫ਼ਤੀ ਹਨ, ਉਹ ਇੰਨੇ ਵੱਡੇ ਹਨ, ਉਨ੍ਹਾਂ ਦੀ ਇੰਨੀ ਜ਼ਿਆਦਾ ਇੱਜ਼ਤ ਹੈ ਕਿ ਉਨ੍ਹਾਂ ਦਾ ਨਾਮ ਲੈਣ ਤੋਂ ਪਹਿਲਾਂ ਕਹਿਣਾ ਪੈਂਦਾ ਕਿ ਅਸੀਂ ਤੇ ਉਨ੍ਹਾਂ ਦੀਆਂ ਜੁੱਤੀਆਂ ਦੀ ਖ਼ਾਕ ਵਰਗੇ ਵੀ ਨਹੀਂ। ਮੁਫ਼ਤੀ ਤਕੀ ਨੇ ਕਰਾਚੀ ਦੇ, ਉਹ ਕੋਈ ਦਰਜਨ ਤੋਂ ਜ਼ਿਆਦਾ ਬੈਂਕਾਂ ਦੇ ਬੋਰਡ 'ਤੇ ਬੈਠੇ ਹਨ। ਉਨ੍ਹਾਂ ਤੋਂ ਜ਼ਿਆਦਾ ਬੈਂਕਾਂ ਦੀ ਸ਼ਰੀਅਤ ਨੂੰ ਕੌਣ ਸਮਝ ਸਕਦਾ ਹੈ!

## 'ਬੈਂਕ ਦੇ ਖ਼ਤਨੇ'

ਪਰ ਬਾਹਰ ਬੈਠੇ ਸਾਡੇ ਵਰਗੇ ਉੱਜਡ ਮੁਸਲਮਾਨਾਂ ਨੂੰ ਤਾਂ ਇਹੀ ਲੱਗਦਾ ਹੈ ਕਿ ਉਹ ਕੋਈ ਕਾਫ਼ਰ ਬੈਂਕ ਫੜ੍ਹ ਲੈਂਦੇ ਹਨ ਤੇ ਉਸ ਦੇ ਬੋਰਡ 'ਤੇ ਬੈਠ ਕੇ ਬੈਂਕ ਦੇ ਖ਼ਤਨੇ ਕਰ ਕੇ ਉਸ ਨੂੰ ਇਸਲਾਮੀ ਬਣਾ ਦਿੰਦੇ ਹਨ। ਨਾ ਬੈਂਕ ਰੋਂਦਾ ਹੈ ਤੇ ਬੈਂਕ ਦਾ ਮੁਨਾਫ਼ਾ ਵੀ ਵਧ ਜਾਂਦਾ ਹੈ। ਸੁਣਿਆ ਇਸ ਕੰਮ ਦਾ ਕੋਈ ਹਦੀਆ ਵੀ ਲੈਂਦੇ ਹੋਣਗੇ, ਪਰ ਸਾਡੇ ਦਿਲ ਵਿੱਚ ਇੰਨੀ ਇੱਜ਼ਤ ਹੈ ਕਿ ਜੇ ਪੰਜਾਬੀ ਵਿੱਚ ਸਮਝ ਨਹੀਂ ਤੇ ਮੈਂ ਉਰਦੂ ਵਿੱਚ ਕਹਿ ਦਿੰਦਾਂ ਕਿ 'ਹਮ ਉਨਕੀ ਖਾਕ-ਏ-ਪਾ ਕੇ ਬਰਾਬਰ ਭੀ ਨਹੀਂ ਹੈਂ', ਤੇ ਸਾਨੂੰ ਯਕੀਨ ਹੈ ਕਿ ਇਹ ਨੇਕੀ ਪੀਰ ਅੱਲ੍ਹਾ ਹੀ ਕਰਦੇ ਹੋਣਗੇ।

ਇਹ ਸਮਝ ਨਹੀਂ ਆਈ ਕਿ ਉਨ੍ਹਾਂ ਨੇ ਫਨਕਾਰ ਭਰਾਵਾਂ ਦੇ ਬੈਂਕ ਅਕਾਊਂਟਾਂ 'ਤੇ ਪਾਬੰਦੀ ਕਿਉਂ ਲਗਾਈ ਹੈ! ਉਨ੍ਹਾਂ ਨੂੰ ਹਰਾਮ ਕਿਉਂ ਬਣਾ ਛੱਡਿਆ ਹੈ। ਸ਼ਾਇਦ ਇਸ ਲਈ ਕਿ ਮੁਫ਼ਤੀ ਸਾਬ੍ਹ ਸਭ ਤੋਂ ਵੱਡੇ ਫ਼ਨਕਾਰ ਆਪ ਹਨ। ਹੁਣ ਮੁਫ਼ਤੀ ਸਾਬ੍ਹ ਇੰਨੇ ਬੈਂਕਾਂ ਦੇ ਬੋਰਡ 'ਤੇ ਬੈਠੇ ਹਨ ਤੇ ਸ਼ਰੀਅਤ ਦੇ ਨਾਲ-ਨਾਲ ਕੁਝ ਹਿਸਾਬ-ਕਿਤਾਬ ਵੀ ਆ ਹੀ ਗਿਆ ਹੋਣਾ।

ਪਾਕਿਸਤਾਨ ਵਿੱਚ ਕੋਈ 25-26 ਕਰੋੜ ਬੰਦਾ ਰਹਿੰਦਾ ਹੈ। ਉਨ੍ਹਾਂ ਵਿੱਚੋਂ 18 ਕਰੋੜ ਦਾ ਨਾ ਕਿਸੇ ਕਾਫ਼ਰ ਬੈਂਕ ਵਿੱਚ, ਨਾ ਕਿਸੇ ਇਸਲਾਮੀ ਬੈਂਕ ਵਿੱਚ ਕੋਈ ਅਕਾਊਂਟ ਹੈ। ਉਨ੍ਹਾਂ ਵਿੱਚੋਂ ਜ਼ਿਆਦਾਤਰ ਬੜੇ ਖ਼ੁਸ਼ ਹੋਣਗੇ, ਜੇਕਰ ਉਨ੍ਹਾਂ ਦੀ ਧੀ ਨੂੰ ਕਿਸੇ ਬੈਂਕ ਅੰਦਰ ਨੋਟ ਗਿਣਨ ਦਾ ਕੰਮ ਲੱਭ ਜਾਵੇ। ਬਹੁਤ ਜ਼ਿਆਦਾ ਅਜਿਹੇ ਹਨ, ਜੋ ਤੁਹਾਨੂੰ ਦੁਆਵਾਂ ਦੇਣਗੇ, ਜੇਕਰ ਉਨ੍ਹਾਂ ਦੇ ਮੁੰਡੇ ਨੂੰ ਕਿਸੇ ਬੈਂਕ ਦੇ ਬਾਹਰ ਗਾਰਡ ਬਣਨ ਦੀ ਨੌਕਰੀ ਮਿਲ ਜਾਵੇ।

ਹੁਣ ਮੁਫ਼ਤੀ ਸਾਨੂੰ ਇਹ ਦੱਸਣ ਕਿ ਇਨ੍ਹਾਂ 18 ਕਰੋੜ ਨੂੰ ਹਲਾਲ-ਹਰਾਮ ਕੌਣ ਸਮਝਾਏਗਾ! ਬਾਕੀ ਰਹਿ ਗਏ ਵਿਚਾਰੇ ਫ਼ਨਕਾਰ ਲੋਕ, ਉਹ ਹਮੇਸ਼ਾ ਤੋਂ ਆਪਣੀਆਂ ਮੁਸਲਮਾਨੀਆਂ ਆਪ ਹੀ ਕਰਦੇ ਆਏ ਹਨ ਤੇ ਕਰਦੇ ਰਹਿਣਗੇ।

# ਰਾਵੀ ਦਾ ਰਾਠ: ਇਤਿਹਾਸਕ, ਸੱਭਿਆਚਾਰਕ ਪਰਿਪੇਖ

ਘੋੜੀਆਂ ਤੇ ਹਥਿਆਰ ਬੰਦੂਕਾਂ ਲੋੜ ਅਤੇ ਆਤਮ-ਰੱਖਿਆ ਦਾ ਸਾਧਨ ਵੀ ਸਨ ਤੇ ਸਨਮਾਨ ਦਾ ਚਿਨ੍ਹ ਵੀ ਸਨ। ਉਸ ਅਨੁਸਾਰ ਅਹਿਮਦ ਖਾਨ ਦੀ ਵਿਰੋਧਤਾ ਦਾ ਮੁਢਲਾ ਕਾਰਨ ਬੇਸ਼ੱਕ ਭੂਮੀ ਲਗਾਨ ਨਾ ਦੇਣਾ ਸੀ, ਪਰ ਬਾਅਦ ਵਿੱਚ ਉਸਦੀ ਵਿਚਾਰਧਾਰਾ ਵਿਸਥਾਰਿਤ ਹੁੰਦੀ ਹੈ ਅਤੇ ਉਹ ਪਹਿਲੇ ਸੁਤੰਤਰਤਾ ਅੰਦੋਲਨ ਨਾਲ ਜੁੜਦਾ ਹੈ। ਉਹ 'ਗੁਗੇਰਾ' ਦੇ ਅਸਿਸਟੈਂਟ ਕਮਿਸ਼ਨਰ 'ਜੋਰਜ ਹੈਨਰੀ ਫਰੈਡਰਿਕ ਬਰਕਲੇ' ਨੂੰ ਖਲਨਾਇਕ ਦੇ ਰੂਪ ਵਿੱਚ ਸੱਤਾਧਿਰ ਦੇ ਪ੍ਰਤੀਨਿਧੀ ਦੇ ਰੂਪ ਵਿੱਚ ਪੇਸ਼ ਕਰਦਾ ਹੈ ਅਤੇ 'ਰਾਏ ਅਹਿਮਦ ਖਾਨ ਖਰਲ' ਨੂੰ ਦੇਸ਼ਭਗਤ, ਕ੍ਰਾਂਤੀਕਾਰੀ, ਸੂਰਬੀਰ ਯੋਧੇ ਦੇ ਰੂਪ ਵਿੱਚ ਪੇਸ਼ ਕਰਦਾ ਹੈ। ਸਾਡੀ ਜਾਚੇ ਅਹਿਮਦ ਖਾਨ ਆਪਣੇ ਸਮੇਂ ਦਾ ਸਾਮੰਤੀ ਸਮਾਜਵਾਦੀ ਨੇਤਾ ਸੀ। ਇਤਿਹਾਸਕ ਇਤਫਾਕ ਦਾ ਜ਼ਿਕਰ ਕਰਦਾ ਉਹ ਆਖਦਾ ਹੈ ਕਿ "ਬਿਲਕੁਲ ਉਸੇ ਸਾਲ ਇਸ ਦਾ ਜਨਮ ਅਤੇ ਉਸੇ ਸਾਲ ਇਸ ਦੀ ਮੌਤ ਹੁੰਦੀ ਹੈ, ਜਿਵੇਂ ਰਾਏ ਅਹਿਮਦ ਖਾਨ ਖਰਲ ਅਤੇ ਬਰਕਲੇ ਦੋਨਾਂ ਦੀ ਉਮਰ 72 ਸਾਲ ਸੀ।"

'26 ਜੁਲਾਈ' ਪਾਠ ਵਿੱਚ ਉਸ ਅਨੁਸਾਰ ਇਤਿਹਾਸ ਬੁਰਜੁਆ ਕੀਮਤਾਂ ਦੀ ਤਰਜਮਾਨੀ ਕਰਦਾ ਹੈ। ਇਸ ਪਾਠ ਵਿੱਚ ਉਹ ਮਹਾਤਮਾ ਗਾਂਧੀ ਦੇ ਨਾ-ਮਿਲਵਰਤਨ ਅੰਦੋਲਨ ਸੰਬੰਧੀ ਟਿੱਪਣੀ ਕਰਦਾ ਇਤਿਹਾਸਕ ਤੱਥਾਂ ਤੋਂ ਪਾਠਕ ਨੂੰ ਜਾਣੂ ਕਰਵਾਉਂਦਾ ਆਖਦਾ ਹੈ ਕਿ ਇਸ ਅੰਦੋਲਨ ਦੀ ਸ਼ੁਰੂਆਤ ਕੂਕਾ-ਅੰਦੋਲਨ ਤੋਂ ਹੋਈ ਅਤੇ ਦੂਜੀ ਵਾਰ ਇਹ 1905 ਈ. ਬੰਗਾਲ ਦੇ ਸਵਦੇਸ਼ੀ ਅਤੇ ਬਾਈਕਾਟ ਅੰਦੋਲਨ ਵਿੱਚ ਹੋਂਦ ਗ੍ਰਹਿਣ ਕਰਦਾ ਹੈ। ਸੋ ਮਹਾਤਮਾ ਗਾਂਧੀ ਨੇ ਇਹ ਵਿਧੀ 1920 ਈ. ਦੌਰਾਨ ਸੋਧੇ ਰੂਪ ਵਿੱਚ ਅਪਣਾਈ। ਉਹ ਆਖਦਾ ਹੈ ਕਿ "ਅਸੀਂ ਹੁਣ ਫੈਸਲਾ ਪਾਠਕਾਂ ਉਪਰ ਛੱਡਦੇ ਹਾਂ ਕਿ ਨਾ-ਮਿਲਵਰਤਨ ਲਹਿਰ ਦਾ ਅਸਲੀ ਵਿਚਾਰਧਾਰਕ ਕੌਣ ਸੀ: ਬਾਬਾ ਰਾਮ ਸਿੰਘ (ਕੂਕਾ ਲਹਿਰ ਦਾ ਬਾਨੀ) ਜਾਂ ਮੋਹਨ ਦਾਸ ਗਾਂਧੀ?" ਉਪਰੋਕਤ ਬਾਬਾ ਰਾਮ ਸਿੰਘ ਨੂੰ ਕੂਕਾ ਅੰਦੋਲਨ ਦਾ ਬਾਨੀ ਕਿਸ ਪ੍ਰਸੰਗ ਸਹਿਤ ਕਿਹਾ ਗਿਆ ਹੈ, ਇਸ ਬਾਰੇ ਸਪੱਸ਼ਟਤਾ ਨਹੀਂ ਹੈ ਕਿਉਂਕਿ 'ਇਸ ਲਹਿਰ ਦੇ ਮੋਢੀ ਬਾਬਾ ਦਿਆਲ ਸਨ।' ਲੇਖਕ ਇਸ ਪੁਸਤਕ ਦੀ ਅਹਿਮ ਘਟਨਾ ਅਹਿਮਦ ਖਾਨ ਖਰਲ ਦੀ ਅੰਗਰੇਜ਼ਾਂ ਨਾਲ ਝੜਪ ਦਾ ਦੁਹਰਾਓ ਕਰਦਾ ਹੈ। ਖੋਜੀ ਪਾਠਕ ਨੂੰ ਆਪਣੇ ਨਾਲ ਤੋਰਨ ਦੀ ਕੋਸ਼ਿਸ਼ ਕਰਦਾ ਹੈ ਤਾਂ ਜੋ ਉਸਦੀ ਚੇਤਨਤਾ ਬਰਕਰਾਰ ਰਹੇ। ਜਿਵੇਂ "ਆਓ, ਹੁਣ ਦੂਸਰੀ 26 ਜੁਲਾਈ ਵੱਲ ਨਜ਼ਰ ਮਾਰਦੇ ਹਾਂ। ਏਸ ਘਟਨਾ ਲਈ ਸਾਨੂੰ ਸਮੁੰਦਰੋਂ ਪਾਰ ਜਾਣਾ ਪਵੇਗਾ। ਤੁਸੀਂ ਉਥੇ ਪਹੁੰਚਣ ਦੀ ਖੇਚਲ ਕਰੋ ਤੇ ਉਨਾ ਚਿਰ ਆਪਾਂ ਇੱਕ ਹੋਰ ਗੱਲ ਕਰਦੇ ਹਾਂ।" ਉਹ ਲਿਖਤ ਦੇ ਨਾਲ-ਨਾਲ ਪਾਠਕ ਨੂੰ ਵੀ ਗਤੀਸ਼ੀਲਤਾ ਪ੍ਰਦਾਨ ਕਰਦਾ ਹੈ।

ਦਸਵੇਂ ਅਧਿਆਇ 'ਕਬੀਲੇ ਮੁਖੀਆਂ ਦੀ ਗੁਪਤ ਮਿਲਣੀ: ਅਗਸਤ ਮਹੀਨਾ ਬਾਹਰੋਂ ਸ਼ਾਂਤ ਅੰਦਰੋਂ ਅਸ਼ਾਂਤ' ਵਿੱਚ ਮਿਰਜ਼ਾ-ਸਾਹਿਬਾਂ ਕਿੱਸੇ ਦੇ ਹਵਾਲੇ ਨਾਲ ਕਿੱਸਾਕਾਰਾਂ ਅਤੇ ਆਲੋਚਕਾਂ ਉਪਰ ਸਵਾਲ ਉਠਾਉਂਦਾ ਹੈ ਕਿ ਮਿਰਜੇ ਦੀ ਨਾਕਾਮੀ ਦਾ ਠੂਣਾ ਸਾਹਿਬਾਂ ਉਪਰ ਭੰਨ੍ਹਣਾ ਕਿੱਸਾਕਾਰਾਂ ਲਈ ਕਿੰਨਾ ਕੁ ਉਚਿਤ ਜਾਪਦਾ ਹੈ, ਜਦਕਿ ਮਿਰਜਾ ਜੇਕਰ ਸੂਰਮਾ ਸੀ ਤਾਂ ਔਰਤ ਦੀ ਚਲਾਕੀ ਨੂੰ ਆਸਾਨੀ ਨਾਲ ਫੜ ਸਕਦਾ ਸੀ ਅਤੇ ਆਪਣੀ ਪ੍ਰਤਿਭਾ ਵਿਖਾ ਸਕਦਾ ਸੀ। ਇਸ ਪੱਖ ਤੋਂ ਲੇਖਕ ਨਾਰੀਵਾਦੀ ਪਹੁੰਚ ਅਪਣਾਉਂਦਾ ਵਿਖਾਈ ਦਿੰਦਾ ਹੈ।

'ਆਖਰੀ ਜੰਗ' ਅਧਿਆਇ ਵਿੱਚ ਲੇਖਕ ਨਾ ਇਕੱਤਰ ਕਰ ਸਕਣ ਵਾਲੀਆਂ ਉਨ੍ਹਾਂ ਘਟਨਾਵਾਂ ਸੰਬੰਧੀ ਅਫਸੋਸ ਜਾਹਿਰ ਕਰਦਾ ਹੈ, ਜੋ ਇਤਿਹਾਸ ਦੇ ਪੰਨੇ 'ਤੇ ਘਟੀਆਂ ਤਾਂ ਹਨ, ਪਰ ਉਨ੍ਹਾਂ ਦਾ ਕੋਈ ਮੌਖਿਕ ਜਾਂ ਲਿਖਤੀ ਪ੍ਰਮਾਣ ਨਾ ਹੋ ਸਕਣ ਕਾਰਨ ਉਹ ਇਤਿਹਾਸ ਦਾ ਹਿੱਸਾ ਨਹੀਂ ਬਣ ਸਕੀਆਂ।

'ਸੂਰਬੀਰ ਬਚਨ ਕੇ ਬਲੀ' ਅਧਿਆਇ ਵਿੱਚ ਲੇਖਕ ਭਾਰਤ ਦੀ ਆਜ਼ਾਦੀ ਤੋਂ ਬਾਅਦ ਸੱਤਾਧਿਰ ਵਜੋਂ ਕਾਬਜ਼ ਹੋਏ ਉਨ੍ਹਾਂ ਲੀਡਰਾਂ ਦੇ ਅਖੌਤੀ ਦੇਸ਼ ਭਗਤੀ ਦੇ ਮਖੌਟੇ ਪਿੱਛੇ ਸ਼ਾਤਿਰ, ਚਾਲਸਾਜ਼ੀ ਬਾਰੇ ਬਿਆਨ ਕਰਦਾ ਹੈ ਕਿ ਕਿਵੇਂ ਇਨ੍ਹਾਂ ਲੋਕਾਂ ਨੇ ਅਸਲ ਦੇਸ਼ ਭਗਤਾਂ ਅਤੇ ਕੁਰਬਾਨੀ ਦੇ ਪੁਜਾਰੀ ਪਰਿਵਾਰਾਂ ਨੂੰ ਅੱਗੇ ਨਹੀਂ ਆਉਣ ਦਿੱਤਾ। ਭਾਵ ਅਸਲੀ ਹੱਕਦਾਰ ਅਣਗੌਲੇ ਰਹਿ ਗਏ। ਇੱਥੋਂ ਤੱਕ ਕਿ ਇਤਿਹਾਸ ਵਿੱਚ ਵੀ ਉਨ੍ਹਾਂ ਲਈ ਕੋਈ ਸਕਾਰਾਤਮਕ ਟਿੱਪਣੀ ਘੱਟ ਹੀ ਮਿਲਦੀ ਹੈ, ਕਿਉਂਕਿ ਇਤਿਹਾਸ ਸੱਤਾਧਿਰ ਦੇ ਹਿਤ ਅਨੁਸਾਰ ਹੀ ਉਲੀਕਿਆ ਗਿਆ ਹੈ। ਅਹਿਮਦ ਖਾਨ ਖਰਲ ਦੀ ਇਤਿਹਾਸਕ ਵਾਰਤਾ ਦੇ ਨਾਲ-ਨਾਲ ਖੋਜੀ ਵੱਲੋਂ ਹੋਰ ਵੀ ਪਤਾਕਾ ਅਤੇ ਪ੍ਰਕਰੀ ਕਹਾਣੀਆਂ ਨੁਮਾ ਘਟਨਾਵਾਂ ਦਾ ਬਿਰਤਾਂਤ ਨਾਲ-ਨਾਲ ਸਿਰਜਿਆ ਗਿਆ ਹੈ। ਉਸ ਅਨੁਸਾਰ ਇਹ ਸਾਬਿਤ ਕਰਨ ਦੀ ਕੋਸ਼ਿਸ ਕੀਤੀ ਗਈ ਹੈ ਕਿ 1857 ਈ. ਦੀ ਮੁਢਲੀ ਕ੍ਰਾਂਤੀ ਸਮੇਂ ਅਜਿਹਾ ਨਹੀਂ ਕਿ ਪੰਜਾਬ ਵਿੱਚ ਕੋਈ ਬਗਾਵਤੀ ਲਹਿਰ ਹੀ ਨਹੀਂ ਉਠੀ, ਸਗੋਂ ਕੁਝ ਸੂਰਮੇ ਆਜ਼ਾਦੀ ਘੁਲਾਟੀਆਂ ਨੇ ਵਿਅਕਤੀਗਤ ਅਤੇ ਸਮੂਹਿਕ ਯਤਨ ਕੀਤੇ, ਪ੍ਰੰਤੂ ਉਹ ਅੰਗਰੇਜ਼ਾਂ ਦੀ ਪੰਜਾਬ ਪ੍ਰਤੀ ਪਹਿਲਾਂ ਹੀ ਸੰਗਠਿਤ ਨੀਤੀ ਤਹਿਤ ਦਬਾ ਦਿੱਤੇ ਗਏ।

ਤੇਰ੍ਹਵੇਂ ਪਾਠ ਵਿੱਚ ਲੇਖਕ ਉਨ੍ਹਾਂ ਭਾਰਤੀ ਪੰਜਾਬੀ ਸਰਦਾਰਾਂ/ਜਾਗੀਰਦਾਰਾਂ ਅਤੇ ਅੰਗਰੇਜ਼ਾਂ ਦੇ ਦੇਸੀ ਵਫਾਦਾਰਾਂ ਦੀ ਗੱਲ ਕਰਦਾ ਹੈ, ਜੋ ਕਿਸੇ ਲੋਭ-ਲਾਲਚ ਵੱਸ ਰਾਜਨੀਤਿਕ ਅਤੇ ਆਰਥਿਕ ਝਾਂਸਿਆਂ ਹੇਠ ਆਪਣਿਆਂ ਨਾਲ ਗੱਦਾਰੀ ਕਰ ਬੈਠਦੇ ਹਨ। ਉਹ ਇਨ੍ਹਾਂ ਸੰਬੰਧੀ ਆਖਦਾ ਹੈ: "ਉੱਚੇ ਰੁਤਬੇ, ਵੱਡੇ-ਵੱਡੇ ਇਨਾਮ ਹਾਸਲ ਕਰਨ ਲਈ ਬਹੁਤ ਲੋਕ ਆਪਣੀ ਮਿੱਟੀ ਆਪਣੀ ਵਿਰਾਸਤ ਅਤੇ ਆਪਣੀ ਹੋਂਦ ਨੂੰ ਵੀ ਦਾਅ 'ਤੇ ਲਾ ਦੇਂਦੇ ਹਨ।"

ਅਜਿਹੇ ਵਿੱਚ ਇਹ ਲੋਕ ਆਪਣੇ ਅਸਲੀ ਉਦੇਸ਼ ਤੋਂ ਭਿੜਕ ਜਾਂਦੇ ਹਨ। ਲੇਖਕ ਇਨ੍ਹਾਂ ਨੂੰ ਆਪਣੀ ਹੋਂਦ ਪੱਖੋਂ ਗੁਆਚੇ ਹੋਏ ਆਖਦਾ ਹੈ। ਖੋਜੀ ਆਪਣੀ ਪੁਸਤਕ ਦੇ ਆਦਿ, ਮੱਧ ਅਤੇ ਅੰਤ ਬਾਰੇ ਸੁਚੇਤ ਹੈ। ਉਹ ਬਿਰਤਾਂਤ ਨੂੰ ਬਹੁਤਾ ਵਿਸਥਾਰ ਵਿੱਚ ਜਾਂਦਿਆਂ ਵੇਖ ਆਪਣੇ-ਆਪ ਨੂੰ ਪਾਠ ਵਿੱਚ ਹੀ ਸੰਖੇਪ ਹੋਣ ਪ੍ਰਤੀ ਸੁਚੇਤ ਕਰਦਾ ਹੈ। ਲੇਖਕ ਆਪਣੀ ਧਾਰਨਾ ਦੁਆਰਾ ਇਤਿਹਾਸ ਨੂੰ ਸਥਾਪਤੀ ਪੱਖੀ ਸਾਬਿਤ ਕਰਦਾ ਆਖਦਾ ਹੈ:

"ਚਾਹੇ ਦਿੱਲੀ ਅੰਗਰੇਜ਼ਾਂ ਦੇ ਕਬਜ਼ੇ ਹੇਠ ਆ ਚੁੱਕੀ ਸੀ, ਪਰ ਪੰਜਾਬ ਅੰਦਰ ਜੰਗ ਜਾਰੀ ਸੀ। ਅੰਗਰੇਜ਼ ਲਿਖਾਰੀਆਂ ਵੱਲੋਂ ਗੁਗੇਰਾ ਸੰਘਰਸ਼ ਲੜ ਰਹੇ ਆਮ ਲੋਕਾਂ ਨੂੰ ਬਹੁਤ ਘਟੀਆ ਸ਼ਬਦਾਵਲੀ ਨਾਲ ਦਰਸਾਇਆ ਗਿਆ ਹੈ। ਪਸ਼ੂ ਚੋਰ, ਆਮ ਚੋਰੀਆਂ ਕਰਨ ਵਾਲੇ ਉਜੱਡ ਲੋਕ, ਖੂੰ-ਖਾਰ ਕਾਤਲ ਆਦਿ। ਵੇਖਣ ਵਾਲੀ ਗੱਲ ਹੈ ਕਿ ਹੱਕਾਂ-ਸੱਚਾਂ ਦੀ ਲੜਾਈ ਲੜਨ ਵਾਲੇ ਲੋਕਾਂ ਨੂੰ ਹਮੇਸ਼ਾ ਸਮੇਂ ਦੀਆਂ ਹਕੂਮਤਾਂ ਨੇ ਅਜਿਹੇ ਹੀ ਅਲੰਕਾਰਾਂ ਨਾਲ 'ਨਿਵਾਜਿਆ' ਹੈ।"

ਕਿਤੇ-ਕਿਤੇ ਅਲੰਕਾਰਕ ਸ਼ਬਦਾਵਲੀ ਇਸ ਇਤਿਹਾਸਕ ਖੋਜ ਦੀ ਪੁਸਤਕ ਨੂੰ ਸਾਹਿਤਕ ਛੋਹ ਪ੍ਰਦਾਨ ਕਰਦੀ ਹੈ। ਇਸ ਪਾਠ ਵਿੱਚ ਖੋਜੀ ਵੱਲੋਂ ਸ਼ੋਸ਼ਕ ਅਤੇ ਸ਼ੋਸ਼ਿਤ ਦੋ ਧਿਰਾਂ ਦੇ ਟਾਕਰੇ ਨੂੰ ਚਿਤਰਿਆ ਹੈ। ਜਿਵੇਂ: ਇੱਕ ਪਾਸੇ ਸ਼ੋਸ਼ਿਤ ਧਿਰ ਵਜੋਂ ਉਹ ਦੁੱਲਾ ਭੱਟੀ, ਬੰਦਾ ਸਿੰਘ ਬਹਾਦਰ, ਤੇਜਾ ਸਿੰਘ ਸੁਤੰਤਰ ਅਤੇ ਅਹਿਮਦ ਖਾਨ ਖਰਲ ਨੂੰ ਪੇਸ਼ ਕਰਦਾ ਹੈ ਅਤੇ ਦੂਸਰੀ ਤਰਫ਼ ਸ਼ੋਸ਼ਕ ਧਿਰ ਵਜੋਂ ਮੁਗਲ, ਪੈਪਸੂ ਸਾਮਰਾਜੀ ਮਹਾਰਾਜੇ ਅਤੇ ਅੰਗਰੇਜ਼ਾਂ ਨੂੰ ਪੇਸ਼ ਕਰਦਾ ਹੈ। ਇਸ ਤਰ੍ਹਾਂ ਉਹ ਮਾਰਕਸਵਾਦੀ ਜਮਾਤੀ ਸਿਧਾਂਤਕ ਪੈਂਤੜੇ ਨੂੰ ਅਪਣਾਉਂਦਾ ਵਿਖਾਈ ਦਿੰਦਾ ਹੈ ਅਤੇ ਉਸਦੀ ਇਤਿਹਾਸ ਵਾਚਣ ਵਿਧੀ ਮਾਰਕਸਵਾਦੀ, ਰਾਸ਼ਟਰਵਾਦੀ ਪ੍ਰਤੀਤ ਹੁੰਦੀ ਹੈ।

'ਅਸਰ ਦੀ ਨਿਮਾਜ਼ ਦਾ ਵਕਤ' ਲੇਖ ਵਿੱਚ ਪ੍ਰਮੁੱਖ ਘਟਨਾ 'ਅਹਿਮਦ ਖਾਨ ਖਰਲ' ਅਤੇ 'ਲਾਰਡ ਬਰਕਲੇ' ਵਿਚਕਾਰਲੀ ਲੜਾਈ ਦਾ ਵਰਣਨ ਵਿਸਥਾਰਪੂਰਵਕ ਸ਼ੈਲੀ ਦੀ ਵਰਤੋਂ ਕਰਦਿਆਂ ਦਿੱਤਾ ਗਿਆ ਹੈ। ਇਸ ਵਿੱਚ ਉਹ ਬਿਰਤਾਂਤਕ ਲਮਕਾਅ ਵਿਧੀ ਦਾ ਪ੍ਰਯੋਗ ਕਰਦਾ ਹੈ ਤਾਂ ਜੋ ਮੂਲ ਘਟਨਾ ਪ੍ਰਤੀ ਪਾਠਕ ਦੀ ਉਤੇਜਨਾ ਬਰਕਰਾਰ ਰਹੇ। ਇਸ ਘਟਨਾ ਨਾਲ ਉਹ ਗੁਰੂ ਗੋਬਿੰਦ ਸਿੰਘ ਦੀ ਅਨੰਦਪੁਰ ਦੀ ਲੜਾਈ (1705 ਈ.) ਦਾ ਬਿਰਤਾਂਤ ਵੀ ਸਾਂਝਾ ਕਰਦਾ ਹੈ ਅਤੇ ਦੋਵੇਂ ਸਥਾਪਤੀ ਹੱਥੋਂ ਤਸ਼ੱਦਦ ਦਾ ਸ਼ਿਕਾਰ ਹੋਏ ਸਵੀਕਾਰਦਾ ਹੈ। ਅਹਿਮਦ ਖਾਨ ਖਰਲ ਦੇ ਸੀਸ ਵੱਢਣ ਦੀ ਘਟਨਾ ਨਾਲ ਗੁਰੂ ਤੇਗ ਬਹਾਦਰ ਦੀ ਸ਼ਹੀਦੀ ਦੀ ਕਥਾ ਦਾ ਵਰਣਨ ਕਰਦਾ ਹੈ। ਉਸ ਅਨੁਸਾਰ ਗੁਰੂ ਤੇਗ ਬਹਾਦਰ ਜੀ ਜਨ-ਹਿਤੈਸ਼ੀ ਅਤੇ ਕ੍ਰਾਂਤੀਕਾਰੀ ਸ਼ਖ਼ਸੀਅਤ ਦੇ ਮਾਲਕ ਹਨ। ਉਪਰੋਕਤ ਗੁਣ ਅਹਿਮਦ ਖਾਨ ਖਰਲ ਵਿੱਚ ਵੀ ਸੀ। ਸੋ ਖੋਜੀ ਦੀ ਇਤਿਹਾਸਕ ਘਟਨਾ ਮੂਲ ਘਟਨਾ ਨੂੰ ਹੀ ਆਪਣੇ ਪਾਠ ਦਾ ਅੰਗ ਨਹੀਂ ਬਣਾਉਂਦੀ, ਸਗੋਂ ਇਸ ਨਾਲ ਸੰਬੰਧਤ ਹੋਰ ਬਹੁਤ ਸਾਰੀਆਂ ਧਾਰਮਿਕ ਰੱਖਿਆਤਮਕ ਅਤੇ ਸਮਾਜਿਕ ਕ੍ਰਾਂਤੀਕਾਰੀ ਘਟਨਾਵਾਂ ਦਾ ਵਰਣਨ ਵੀ ਕਰਦੀ ਹੈ।

ਪੰਦਰਵੇਂ ਲੇਖ 'ਬਰਕਲੇ ਦੀ ਮੌਤ' ਵਿੱਚ ਲੇਖਕ ਆਖਦਾ ਹੈ ਕਿ ਬਰਕਲੇ ਦੀ ਮੌਤ ਦੀ ਕੋਈ ਇੱਕ ਇਤਿਹਾਸਕ ਜਾਣਕਾਰੀ ਪ੍ਰਮਾਣਿਕ ਰੂਪ ਵਿੱਚ ਨਹੀਂ ਮਿਲਦੀ, ਸਗੋਂ ਇਸਦਾ ਸ੍ਰੋਤ ਲੋਕ-ਆਖਿਆਨ ਹਨ। ਲੇਖਕ ਆਖਦਾ ਹੈ ਕਿ ਅਹਿਮਦ ਖਾਨ ਖਰਲ ਦੀ ਮੌਤ ਤੋਂ ਬਾਅਦ ਅੰਗਰੇਜ਼ਾਂ ਦਾ ਅੰਦਾਜ਼ਾ ਬਾਗੀਆਂ ਸੰਬੰਧੀ ਗਲਤ ਸਾਬਿਤ ਹੋਇਆ। ਵਿਦਰੋਹ ਦੀ ਅੱਗ ਮੱਠੀ ਪੈਣ ਦੀ ਥਾਂ ਹੋਰ ਭੜਕ ਉੱਠੀ ਅਤੇ ਥਾਂ-ਥਾਂ ਸਥਾਨਕ ਵਾਸੀਆਂ ਦੁਆਰਾ ਵਿਦਰੋਹ ਹੋਏ। ਅੰਤ ਲਾਰਡ ਬਰਕਲੇ ਨੂੰ ਅਹਿਮਦ ਖਾਨ ਖਰਲ ਦੀ ਜਾਨ ਲੈਣ ਬਦਲੇ ਆਪਣੀ ਜਾਨ ਤੋਂ ਹੱਥ ਧੋਣੇ ਪਏ। ਉਸ ਅਨੁਸਾਰ ਅਧੀਨਗੀ ਸਵੀਕਾਰ ਕਰਨ ਵਾਲੇ ਵਿਦਰੋਹੀਆਂ ਨੂੰ ਅੰਗਰੇਜ਼ ਹਕੂਮਤ ਵੱਲੋਂ ਬਹੁਤੀ ਕਠੋਰ ਸਜ਼ਾਵਾਂ ਨਹੀਂ ਦਿੱਤੀਆਂ ਗਈਆਂ, ਸਗੋਂ ਉਹੀ ਤਸ਼ੱਦਦ ਦਾ ਸ਼ਿਕਾਰ ਹੋਏ, ਜਿਨ੍ਹਾਂ ਆਖਰੀ ਦਮ ਤੱਕ ਅਧੀਨਗੀ ਸਵੀਕਾਰ ਨਹੀਂ ਕੀਤੀ।

'ਬਾਗੀਆਂ ਦੇ ਸੰਘਰਸ਼ ਦੀ ਜਲਦ ਸਮਾਪਤੀ-ਕਾਰਨ' ਲੇਖ ਵਿੱਚ ਲੇਖਕ ਅਨੁਸਾਰ ਪ੍ਰਮੁੱਖ ਕਾਰਨ ਸਨ: ਬਾਗੀਆਂ ਦਾ ਅੰਗਰੇਜ਼ਾਂ ਅੱਗੇ ਗੋਡੇ ਟੇਕਣਾ, ਕੁਝ ਜਾਗੀਰਦਾਰਾਂ, ਸਰਦਾਰਾਂ ਦਾ ਅੰਗਰੇਜ਼ਾਂ ਨੂੰ ਸਮਰਥਨ, ਸਥਾਨਕ ਵਾਸੀਆਂ ਕੋਲ ਲੜਾਈ ਦੇ ਸੰਦਾਂ ਦੀ ਘਾਟ, ਅੰਗਰੇਜ਼ਾਂ ਦੀ ਪੰਜਾਬ ਸੰਬੰਧੀ ਸੁਵਿਵਸਥਿਤ ਕੂਟਨੀਤੀ, ਅੰਗਰੇਜ਼ੀ ਫੌਜ ਦਾ ਸਿਖਲਾਈ ਸਹਿਤ ਅਤੇ ਸਥਾਨਕ ਵਾਸੀਆਂ ਦਾ ਕੋਈ ਯੁੱਧ ਅਭਿਆਸੀ ਨਾ ਹੋਣਾ, ਅਹਿਮਦ ਖਾਨ ਖਰਲ ਤੋਂ ਬਾਅਦ ਯੋਗ ਲੀਡਰ ਦੀ ਅਣਹੋਂਦ, ਕਬੀਲਿਆਂ ਵਿਚਕਾਰਲੀ ਆਪਸੀ ਖਿਚੋਤਾਣ, ਆਦਿ।

ਸੋ ਅੰਤ ਵਿੱਚ ਕਹਿ ਸਕਦੇ ਹਾਂ ਕਿ ਲੇਖਕ ਧਰਮ ਸਿੰਘ ਗੋਰਾਇਆ ਦੀ ਖੋਜ ਵਿਧੀ ਖੇਤਰੀ ਹੈ। ਉਹ ਮਾਰਕਸਵਾਦੀ ਪਹੁੰਚ ਤੋਂ ਇਤਿਹਾਸਕ ਤੱਥਾਂ ਦਾ ਵਿਸ਼ਲੇਸ਼ਣ ਕਰਦਾ ਹੈ। ਅਜਿਹਾ ਨਹੀਂ ਕਿ ਉਸਨੇ ਹੋਰ ਇਤਿਹਾਸ ਅਧਿਐਨ ਵਿਧੀਆਂ ਦੀ ਵਰਤੋਂ ਨਹੀਂ ਕੀਤੀ, ਸਗੋਂ ਉਹ ਨਾਰੀਵਾਦੀ, ਸਬਾਲਟਰਨ, ਰਾਸ਼ਟਰਵਾਦੀ ਪਹੁੰਚ ਤੋਂ ਵੀ ਇਤਿਹਾਸ ਨੂੰ ਮੇਚ-ਮਾਪ ਕੇ ਵੇਖਦਾ ਹੈ। ਉਸਦੀ ਪ੍ਰਤੀਬੱਧਤਾ ਸਥਾਨਕ ਕਬੀਲਿਆਂ ਪ੍ਰਤੀ ਹੈ, ਕਿਉਂਕਿ ਉਸ ਲਈ ਇਹ ਸ਼ੋਸ਼ਿਤ ਧਿਰ ਵਜੋਂ ਇਤਿਹਾਸਕ ਕਾਲ-ਖੰਡ ਉਤੇ ਵੇਖੇ ਜਾ ਸਕਦੇ ਹਨ। ਉਸਨੇ ਤੱਥਾਂ ਦੀ ਪ੍ਰਮਾਣਿਕਤਾ ਲਈ ਸਥਾਨਕ ਲੋਕ-ਆਖਿਆਨ, ਸਰਕਾਰੀ ਰਿਕਾਰਡ, ਅੰਗਰੇਜ਼ ਅਫ਼ਸਰਾਂ ਦੀਆਂ ਆਪਸੀ ਵਾਰਤਾਲਾਪੀ ਚਿੱਠੀਆਂ ਅਤੇ ਇਤਿਹਾਸਕ ਪੁਸਤਕਾਂ ਅਤੇ ਜਰਨਲਾਂ ਦਾ ਇਸਤੇਮਾਲ ਸ੍ਰੋਤ ਸਮੱਗਰੀ ਵਜੋਂ ਕੀਤਾ ਹੈ। ਉਸਦਾ ਗਿਲਾ ਇਤਿਹਾਸ ਲੇਖਣ ਵਿਧੀਆਂ ਅਤੇ ਇਤਿਹਾਸਕਾਰਾਂ ਨਾਲ ਵੀ ਹੈ, ਕਿਉਂਕਿ ਉਨ੍ਹਾਂ ਇਤਿਹਾਸਕ ਤੱਥਾਂ ਨੂੰ ਗਲਤ ਢੰਗ ਨਾਲ ਤੋੜ-ਮਰੋੜ ਕੇ ਪੇਸ਼ ਕੀਤਾ, ਜੋ ਕਿ ਇਤਿਹਾਸ ਨੂੰ ਮਿਥਿਹਾਸ ਬਣਾਉਂਦਾ ਹੈ। ਉਹ ਜ਼ਿਆਦਾਤਰ ਇਤਿਹਾਸਕ ਦਸਤਾਵੇਜ਼ਾਂ ਨੂੰ ਰਾਜਨੀਤਿਕ ਰੋਜ਼ਨਾਮਚਾ ਸਮਝਦਾ ਹੈ, ਜਿਸ ਵਿੱਚ ਆਮ ਇਤਿਹਾਸਕ ਜਨ-ਮਾਨਸ ਅਤੇ ਅਸਲੀ ਇਤਿਹਾਸਕ ਤਬਦੀਲੀ ਲਿਆਉਣ ਵਾਲਿਆਂ ਨੂੰ ਹਾਸ਼ੀਏ ਉਪਰ ਧੱਕ ਦਿੱਤਾ ਗਿਆ ਅਤੇ ਉਨ੍ਹਾਂ ਦੀ ਗੱਲ ਨਿਰਪੱਖ ਰੂਪ ਵਿੱਚ ਕਦੇ ਛੋਹੀ ਤਕ ਨਹੀਂ ਗਈ।

CULTURAL PUNJABI SOCIETY CHICAGO
ਪੰਜਾਬੀ ਸਭਿਆਚਾਰਕ ਸਭਾ

# Punjabi Cultural Society of Chicago

Celebrating 31 Years of Community Service

*To Celebrate Vaisakhi PCS Presents...*

# ਰੰਗਲਾ ਪੰਜਾਬ 2025!

Rangla Punjab

**Enjoy a colorful family style evening full of excitement featuring Bhangra, Gidha, Dances, Bolian, Punjabi Songs, Skits and much more!!**



## Saturday, April 26, 2025
## 6:00 PM - 11:00 PM

**Copernicus Center**
**5216 W Lawrence Ave**
**Chicago, IL 60630**

**Win Raffle**
**PRIZES!**

**$125 (VIP Seats with Dinner)**
**$65 (Preferred Seats), $40 (General Seating)**

- Assigned Seats for all
- Limited Free Parking
- Children Under 5 yr Free (Need to be in Lap)

## Sponsors & Advertisements Encouraged

Please email: info@PCSChicago.org or call: (847) 359-5PCS

Scan me!

**More Information at:**
**https://www.pcschicago.org**

Punjabi Cultural Society of Chicago
(847) 359-5PCS or (847) 359-5727
P. O. BOX 1244, PALATINE, IL. 60078
E-mail: info@pcschicago.org

PCS is a non-profit 501 (c)(3) organization promoting Punjabi culture, language, Performing Arts, education, good citizenship, healthy life style and sports.